# ਵਤਨ

18

ਵਤਨ
ਅਕਤੂਬਰ/ਨਵੰਬਰ/ਦਸੰਬਰ, 1993
WATAN
Oct./Nov./Dec.,1993




ਲਿੰਗ ਚੋਣ ਮਸਲੇ 'ਤੇ ਔਰਤ ਜਥੇਬੰਦੀਆਂ ਵਲੋਂ ਵੈਨਕੂਵਰ ਦੀ ਪੰਜਾਬੀ ਮਾਰਕਿਟ ਵਿਚ
ਦੋ ਅਕਤੂਬਰ 1993 ਨੂੰ ਹੋਏ ਰੋਸ ਮੁਜ਼ਾਹਰੇ ਦਾ ਇਕ ਦ੍ਰਿਸ਼

ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਦਾ ਤ੍ਰੈਮਾਸਕ

ਕੀਮਤ ਤਿੰਨ ਡਾਲਰ Price $3.00

# ਸੰਪਾਦਕੀ

• ਇਹ ਸੱਚ ਹੈ ਕਿ ਲਿੰਗ ਚੋਣ ਦਾ ਮਸਲਾ ਇਕੱਲਾ ਕੈਨੇਡਾ ਦੇ ਪੰਜਾਬੀ ਭਾਈਚਾਰੇ ਦਾ ਹੀ ਨਹੀਂ ਦੁਨੀਆਂ ਦੇ ਹੋਰ ਕਿੰਨੇ ਭਾਈਚਾਰਿਆਂ ਦਾ ਵੀ ਇਕ ਗੰਭੀਰ ਮਸਲਾ ਹੈ। ਪਰ ਇਸ ਸਚਾਈ ਨੂੰ ਜਾਣ ਲੈਣ ਜਾਂ ਮੰਨ ਲੈਣ ਨਾਲ, ਇਸ ਮਸਲੇ ਦੀ ਸਾਡੇ ਲਈ ਮਹੱਤਤਾ ਘੱਟ ਨਹੀਂ ਜਾਂਦੀ। ਇਹ ਵੀ ਸੱਚ ਹੈ ਕਿ ਸਭਿਆਚਾਰ ਦੀਆਂ ਆਰਥਿਕ ਤੇ ਸਮਾਜਕ ਸਥਿਤੀਆਂ ਤੇ ਉਨ੍ਹਾਂ 'ਤੇ ਆਧਾਰਿਤ ਸਮਾਜੀ ਕਦਰਾਂ ਕੀਮਤਾਂ ਤੋਂ ਵੱਖ ਕਰਕੇ ਨਾ ਇਹ ਮਸਲਾ ਵਿਚਾਰਿਆ ਜਾ ਸਕਦਾ ਹੈ ਤੇ ਨਾ ਹੀ ਇਸ ਦੇ ਖਤਮੇ ਲਈ ਕੁਝ ਕੀਤਾ ਜਾ ਸਕਦਾ ਹੈ। ਸਮਾਜ ਵਿਚਲੇ ਅਜਿਹੇ ਮਸਲਿਆਂ ਨੂੰ ਚੁੱਕਣ ਵੇਲੇ ਸਮੱਸਿਆ ਇਹ ਬਣਦੀ ਹੈ ਕਿ ਗੱਲ ਨੂੰ ਕਿਥੋਂ ਸ਼ੁਰੂ ਕੀਤਾ ਜਾਵੇ। ਸੋ ਅਜਿਹੇ ਮਸਲਿਆਂ ਨੂੰ ਜਿਸ ਤਰ੍ਹਾਂ ਵੀ ਹੱਥ ਪਾਇਆ ਜਾ ਸਕੇ ਪਾਉਣ ਤੋਂ ਹਿਚਕਚਾਉਣਾ ਨਹੀਂ ਚਾਹੀਦਾ। ਤੇ ਸਾਡੇ ਵਿਚਾਰ ਵਿਚ ਕੁਝ ਮਹੀਨੇ ਪਹਿਲਾਂ ਕਮਿਊਨਿਟੀ ਵਿਚਲੀਆਂ ਔਰਤਾਂ ਦੀਆਂ ਜਥੇਬੰਦੀਆਂ ਦੀ ਕੁਲੀਸ਼ਨ ਨੇ ਇਸ ਮਸਲੇ ਨੂੰ ਜਿਸ ਤਰ੍ਹਾਂ ਉਠਾਇਆ ਹੈ ਉਹ ਹਰ ਪੱਖੋਂ ਜਾਇਜ਼ ਹੈ।

ਇਨ੍ਹਾਂ ਜਥੇਬੰਦੀਆਂ ਨੇ ਭਾਰਤੀ ਅਖਬਾਰਾਂ ਨੂੰ ਇਕ ਚਿੱਠੀ ਲਿਖਕੇ ਮੰਗ ਕੀਤੀ ਸੀ ਕਿ ਲਿੰਗ-ਪਰਖ ਦੇ ਇਸ਼ਤਿਹਾਰ ਦੇਣੇ ਬੰਦ ਕਰ ਦੇਣ। ਇਸ ਦੇ ਪ੍ਰਤੀਕ੍ਰਮ ਵਜੋਂ ਕਮਿਊਨਿਟੀ ਅਖਬਾਰਾਂ ਵਿਚ ਇਸ ਮਸਲੇ ਬਾਰੇ ਕਾਫੀ ਬਹਿਸ ਚੱਲੀ ਹੈ। ਭਾਵੇਂ ਇਸ ਬਹਿਸ ਵਿਚੋਂ ਅਜੇ ਤੱਕ ਬਹੁਤਾ ਕੁਝ ਸਾਰਥਿਕ ਬਾਹਿਰ ਨਹੀਂ ਆਇਆ ਪਰ ਸ਼ਾਇਦ ਇਹ ਇਸ ਪ੍ਰਕ੍ਰਿਆ ਦਾ ਹਿੱਸਾ ਹੀ ਹੈ ਤੇ ਇਸ ਤੋਂ ਨਿਰਾਸ਼ ਹੋਣ ਦੀ ਏਨੀ ਲੋੜ ਨਹੀਂ ਹੈ। ਖੁਸ਼ੀ ਦੀ ਗੱਲ ਇਹ ਹੈ ਕਿ ਅਖਬਾਰਾਂ ਨੇ ਲਿੰਗ ਪਰਖ ਬਾਰੇ ਇਸ਼ਤਿਹਾਰ ਦੇਣੇ ਬੰਦ ਕਰ ਦਿੱਤੇ ਹਨ। ਸਾਡੇ ਵਿਚਾਰ ਵਿਚ ਇਹ ਇਕ ਸ਼ੁੱਭ ਸ਼ਗਨ ਹੈ ਅਤੇ ਅਸੀਂ ਇਸ ਲਈ ਕੈਨੇਡਾ ਦੀ ਭਾਰਤੀ ਕਮਿਊਨਟੀ ਨੂੰ ਵਧਾਈ ਦਿੰਦੇ ਹਾਂ। ਅਸੀਂ ਔਰਤ ਜਥੇਬੰਦੀਆਂ ਦੀ ਕੁਲੀਸ਼ਨ ਦੇ ਉੱਦਮ ਦੀ ਸ਼ਲਾਘਾ ਕਰਦੇ ਹਾਂ ਜਿਹਨਾਂ ਨੇ ਭਾਰਤੀ ਕਮਿਊਨਟੀ ਦੇ ਇਕ ਗੰਭੀਰ ਮਸਲੇ ਨੂੰ ਉਠਾਇਆ। ਇਸਦੇ ਨਾਲ ਹੀ ਅਖਬਾਰਾਂ ਦੇ ਸੰਪਾਦਕਾਂ ਦੀ ਵੀ ਸਿਫਤ ਕਰਨੀ ਬਣਦੀ ਹੈ ਜਿਹਨਾਂ ਨੇ ਕਮਿਊਨਟੀ ਦੀ ਜਾਇਜ਼ ਮੰਗ ਨੂੰ ਮੰਨ ਕੇ ਇਸ਼ਤਿਹਾਰ ਦੇਣੇ ਬੰਦ ਕਰ ਦਿੱਤੇ ਹਨ।

ਪਰ ਅਖਬਾਰਾਂ ਵਿਚੋਂ ਇਸ਼ਤਿਹਾਰ ਬੰਦ ਹੋਣ ਨਾਲ ਇਸ ਮਸਲੇ ਦਾ ਹੱਲ ਨਹੀਂ ਹੋ ਜਾਣਾ। ਸਗੋਂ ਇਸ ਗੱਲ ਨੂੰ ਤਾਂ ਸ਼ੁਰੂਆਤ ਮੰਨਣਾ ਚਾਹੀਦਾ ਹੈ ਕਿਉਂਕਿ ਹੁਣ ਸਹੀ ਮਹਿਨਿਆਂ ਵਿਚ ਅਖਬਾਰ ਵੀ ਇਸ ਕੋੜ੍ਹ ਨੂੰ ਦੂਰ ਕਰਨ ਵਿਚ ਆਪਣਾ ਯੋਗਦਾਨ ਪਾ ਸਕਦੇ ਹਨ। ਸੋ ਹੁਣ ਲੋੜ ਹੈ ਇਸ ਤੋਂ ਅੱਗੇ ਜਾਣ ਦੀ। ਮਸਲੇ ਦੇ ਵੱਖ ਵੱਖ ਪਹਿਲੂਆਂ ਨੂੰ ਵਿਚਾਰਨ ਦੀ। ਅਖਬਾਰਾਂ ਦੇ ਸੰਪਾਦਕਾਂ ਨੂੰ ਚਾਹੀਦਾ ਹੈ ਕਿ ਉਹ ਭਾਈਚਾਰੇ ਵਲਾਂ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣ ਤੇ ਆਪ ਹਿੰਮਤ ਕਰਕੇ (ਜਿਸ ਤਰ੍ਹਾਂ ਉਹ ਦੂਜੇ ਮਸਲਿਆਂ ਬਾਰੇ ਆਪ ਲਿਖਤਾਂ ਭਾਲਦੇ ਹਨ) ਇਸ ਮਸਲੇ ਬਾਰੇ ਕਮਿਊਨਿਟੀ ਦੇ ਲੇਖਕਾਂ ਤੇ ਬੁੱਧੀਜੀਵੀਆਂ ਤੋਂ ਲਿਖਤਾਂ ਲਿਖਵਾ ਕੇ ਛਾਪਣ।

ਏਸ ਆਸ਼ੇ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਵਤਨ ਵਿਚ ਇਕ ਲੇਖ ਲੜੀ ਸ਼ੁਰੂ ਕਰ ਰਹੇ ਹਾਂ। ਇਸ ਵਾਰ ਅਸੀਂ ਚਾਰ ਲੇਖ ਦੇਣ ਦੀ ਵਿਉਂਤ ਬਣਾਈ ਸੀ ਪਰ ਕੁਝ ਕਾਰਨਾਂ ਕਰਕੇ ਦੂਜੇ ਦੋ ਲੇਖ ਸਮੇਂ ਸਿਰ ਤਿਆਰ ਨਹੀਂ ਹੋ ਸਕੇ ਤੇ ਉਮੀਦ ਹੈ ਅਗਲੇ ਅੰਕ ਵਿਚ ਅਸੀਂ ਉਹ ਲੇਖ ਵੀ ਪਾਠਕਾਂ ਦੀ ਨਜ਼ਰ ਕਰਾਂਗੇ। ਤੇ ਅਸੀਂ ਪਾਠਕਾਂ ਨੂੰ ਵੀ ਸੱਦਾ ਦਿੰਦੇ ਹਾਂ ਕਿ ਉਹ ਵੀ ਇਸ ਮਸਲੇ ਬਾਰੇ ਆਪਣੇ ਵਿਚਾਰ ਭੇਜਣ।

•• ਕੁਝ ਦੇਰ ਪਹਿਲਾਂ 'ਮੰਚਣ' ਪੁਸਤਕ ਲੜੀ ਦਾ ਅੰਕ ਮਿਲਣ ਤੇ ਸਾਨੂੰ ਇਹ ਪਤਾ ਲੱਗਾ ਕਿ ਉਹ ਅੰਕ ਇਸ ਪੁਸਤਕ ਲੜੀ ਦਾ ਆਖਰੀ ਅੰਕ ਹੈ। 'ਮੰਚਣ' ਮੁਹਾਲੀ, ਪੰਜਾਬ ਵਿਚੋਂ ਨਿਕਲਣ ਵਾਲੀ ਇਕ ਅਜਿਹੀ ਪੁਸਤਕ ਲੜੀ ਹੈ, ਜਿਸਦੀ ਸਾਰੀ ਸਮੱਗਰੀ ਪੰਜਾਬੀ ਰੰਗਮੰਚ ਨਾਲ ਸੰਬੰਧਤ ਹੁੰਦੀ ਹੈ। ਆਪਣੇ ਪ੍ਰਕਾਸ਼ਨਾਂ ਕਾਲ ਵਿਚ 'ਮੰਚਣ' ਨੇ ਨਾਟਕਾਂ ਦੀਆਂ ਸਕਰਿਪਟਾਂ, ਨਾਟਕਾਂ ਅਤੇ ਰੰਗਮੰਚ ਬਾਰੇ ਵੱਖ ਵੱਖ ਤਰ੍ਹਾਂ ਦੇ ਆਲੋਚਨਾਤਮਕ ਅਤੇ ਜਾਣਕਾਰੀ ਭਰਪੂਰ ਲੇਖ, ਨਾਟਕਕਾਰਾਂ ਅਤੇ ਰੰਗਮੰਚ ਦੇ ਕਲਾਕਾਰਾਂ ਨਾਲ ਮੁਲਾਕਾਤਾਂ ਅਤੇ ਰੰਗਮੰਚ ਨਾਲ ਸੰਬੰਧਤ ਗਤੀਵਿਧੀਆਂ ਦੀਆਂ ਰੀਪੋਰਟਾਂ ਛਾਪ ਕੇ ਪੰਜਾਬੀ ਨਾਟਕ ਦੇ ਖੇਤਰ ਵਿਚ ਇਕ ਵੱਡਮੁੱਲਾ ਕੰਮ ਕੀਤਾ। ਪੰਜਾਬੀ ਵਿਚ ਹੋਏ ਇਸ ਬਹੁਤ ਹੀ ਲੋੜੀਂਦੇ ਉੱਦਮ ਦਾ ਸਿਹਰਾ ਨਾਟਕਕਾਰ ਆਤਮਜੀਤ ਅਤੇ ਉਹਨਾਂ ਦੀ ਟੀਮ ਦੇ ਮੈਂਬਰਾਂ ਨੂੰ ਜਾਂਦਾ ਹੈ।

ਸਾਡੇ ਖਿਆਲ ਵਿਚ ਅੱਜ ਲੋੜ ਹੈ ਕਿ ਪੰਜਾਬੀ ਵਿਚ ਅਜਿਹੀਆਂ ਹੋਰ ਪੁਸਤਕ ਲੜੀਆਂ ਅਤੇ ਰਸਾਲੇ ਛਪਣ ਜੋ ਸਾਹਿਤ ਦੇ ਕਿਸੇ ਇਕ ਰੂਪ ਉੱਪਰ ਕੇਂਦਰਿਤ ਹੋਣ ਅਤੇ ਉਸ ਬਾਰੇ ਗੰਭੀਰ ਤੇ ਉੱਚਪਾਏ ਦੀਆਂ ਲਿਖਤਾਂ ਛਾਪਣ। ਜਿਵੇਂ ਕਹਾਣੀ, ਕਵਿਤਾ, ਨਾਵਲ, ਅਤੇ ਸਾਹਿਤ ਦੇ ਹੋਰ ਰੂਪਾਂ ਉੱਤੇ ਕੇਂਦਰਿਤ ਅਤੇ ਜੀਵਨ ਨਾਲ ਸੰਬੰਧਤ ਦੂਜੇ ਖੇਤਰਾਂ ਜਿਵੇਂ ਆਰਥਿਕਤਾ, ਸਿਆਸਤ ਤੇ ਮਨੋਵਿਗਿਆਨ ਆਦਿ ਵਿਸ਼ਿਆਂ ਬਾਰੇ ਵੀ ਰਸਾਲੇ ਜਾਂ ਪੁਸਤਕ ਲੜੀਆਂ ਛਪਣ ਦੀ ਲੋੜ ਹੈ। 'ਮੰਚਣ' ਪੁਸਤਕ ਲੜੀ ਨੂੰ ਦੇਖ ਕੇ ਇਸ ਤਰ੍ਹਾਂ ਲੱਗਦਾ ਸੀ ਕਿ ਇਹ ਦੂਜਿਆਂ ਲਈ ਨਮੂਨੇ ਅਤੇ ਸੇਧ ਦਾ ਕੰਮ ਕਰੇਗੀ।

ਇਸ ਸੱਭ ਕਾਸੇ ਨੂੰ ਧਿਆਨ ਵਿਚ ਰੱਖਦਿਆਂ ਇਸ ਪੁਸਤਕ ਲੜੀ ਦੇ ਬੰਦ ਹੋਣ ਦੀ ਖਬਰ ਪੜ੍ਹ ਕੇ ਸਾਨੂੰ ਬਹੁਤ ਅਫਸੋਸ ਹੋਇਆ ਹੈ।

ਪੰਜਾਬੀ ਵਿਚ ਮੰਚਣ ਵਰਗੇ ਪਰਚਿਆਂ ਦੀ ਉਮਰ ਲੰਮੀ ਕਰਨ ਲਈ ਤੇ ਕਿਤਾਬਾਂ ਦੀ ਵਿਕਰੀ ਲਈ ਇਕ ਸੁਝਾਅ ਅਸੀਂ ਪੰਜਾਬੀ ਸਾਹਿਤ ਲਈ ਕੰਮ ਕਰਦੀਆਂ ਸੱਭ ਸਭਾਵਾਂ ਨੂੰ ਦੇਣਾ ਚਾਹਾਂਗੇ। ਹਰ ਕਿੱਤੇ ਦੇ ਲੋਕਾਂ ਦੀਆਂ ਬਣੀਆਂ ਜਥੇਬੰਦੀਆਂ ਦੇ ਕੁਝ ਅਸੂਲ ਹੁੰਦੇ ਹਨ, ਕੁਝ ਸ਼ਰਤਾਂ ਹੁੰਦੀਆਂ ਹਨ, ਲੇਖਕਾਂ ਲਈ ਵੀ ਅਜਿਹੀਆਂ ਸ਼ਰਤਾਂ ਤੇ ਅਸੂਲ ਹੋਣੇ ਚਾਹੀਦੇ ਹਨ। ਸਾਡਾ ਸੁਝਾਅ ਹੈ ਕਿ ਹਰ ਵਰ੍ਹੇ ਕੁਝ ਨਵੀਆਂ ਛਪੀਆਂ ਕਿਤਾਬਾਂ ਤੇ ਨਿਕਲਦੇ ਮੈਗਜ਼ੀਨਾਂ ਵਿਚੋਂ, ਸਭਾਵਾਂ ਆਪ ਚੋਣ ਕਰਕੇ ਆਪਣੇ ਮੈਂਬਰਾਂ ਲਈ ਇਹ ਲਾਜ਼ਮੀ ਬਣਾਉਣ ਕਿ ਉਹ ਸਭਾ ਵਲੋਂ ਚੁਣੇ ਹੋਏ ਮੈਗਜ਼ੀਨਾਂ ਦਾ ਚੰਦਾ ਦੇਣ ਅਤੇ ਚੁਣੀਆਂ ਹੋਈਆਂ ਕਿਤਾਬਾਂ ਖ੍ਰੀਦਣ। ਇਨ੍ਹਾਂ ਸਭਾਵਾਂ ਵਿਚ ਮੈਂਬਰਸ਼ਿੱਪ ਦੀ ਇਹ ਸ਼ਰਤ ਹੋਣੀ ਚਾਹੀਦੀ ਹੈ। ਇਕੱਲੀ ਕੇਂਦਰੀ ਲਿਖਾਰੀ ਸਭਾ ਨਾਲ ਜੁੜੇ ਲੇਖਕਾਂ ਦੀ ਗਿਣਤੀ ਹੀ ਕਿਸੇ ਵਧੀਆ ਮੈਗਜ਼ੀਨ ਦੀ ਉਮਰ ਵਧਾਉਣ ਲਈ ਕਾਫੀ ਹੋ ਸਕਦੀ ਹੈ।

**ਅਦਾਰਾ ਵਤਨ ਵਲੋਂ ਪਾਠਕਾਂ ਲਈ ਸਿਆਲ ਦੀਆਂ ਛੁੱਟੀਆਂ ਅਤੇ ਨਵੇਂ ਸਾਲ ਲਈ ਸ਼ੁੱਭ ਇਛਾਵਾਂ।**

ਅਸੀਂ ਆਸ ਕਰਦੇ ਹਾਂ ਕਿ ਨਵਾਂ ਵਰ੍ਹਾ ਜ਼ਰੂਰ ਤੁਹਾਡੀ ਕਿਸੇ ਨਾ ਕਿਸੇ ਚੰਗੀ ਕਿਤਾਬ ਨਾਲ ਵਾਕਫੀ ਪੁਆਏਗਾ ਤੇ ਤੁਸੀਂ ਖਿਆਲਾਂ ਪੱਖੋਂ ਅਮੀਰੀ ਤੇ ਤਰੱਕੀ ਪਾਵੋਗੇ।

ਨੰ: 18
ਸਾਲ ਪੰਜਵਾਂ - ਅੰਕ ਦੂਜਾ
ਪਤਝੜ, 1993
ਅਕਤੂਬਰ/ਨਵੰਬਰ/ਦਸੰਬਰ

# ਵਤਨ

S.N.18
Vol.5, No.2
Fall, 1993
Oct./Nov./Dec.

2nd Class
Reg. No.
8753

ਸੰਪਾਦਕ:
ਸਾਧੂ ਬਿਨਿੰਗ 437-9014
ਸੁਖਵੰਤ ਹੁੰਦਲ 581-3211

ਮੈਨੇਜਰ:
ਅਮਨਪਾਲ ਸਾਰਾ 435-1236
ਪ੍ਰੋਡਕਸ਼ਨ ਅਸਿਸਟੈਂਟ
ਅੰਜੂ ਹੁੰਦਲ 581-3211

**Editors:**
Sadhu Binning 437-9014
Sukhwant Hundal 581-3211

**Manager:**
Amanpal Sara 435-1236
**Production Assistant**
Anju Hundal 581-3211

**ਵਤਨ WATAN**
**COLLINGWOOD P O**
**P O BOX 27132**
**R P O COLLINGWOOD**
**VANCOUVER, B. C.**
**CANADA, V5R 6A8**
**Phone:**
**(604) 437-9014 & 581-3211**
**Fax: (604) 437-9014**

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਪਬਲੀਕੇਸ਼ਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan. All office holders and members of Watan Publication past and present, have been and are honorary associates of Watan.

Price: $3.00
**Annual Subscription:**
Canada
Individual: $12.00;Institutions: $18.00
USA: $15.00
Other Countries: $18.00

## ਇਸ ਅੰਕ ਵਿਚ


| | ਲੇਖਕ | ਸਫਾ |
|---|---|---|
| ਸੰਪਾਦਕੀ | | 2 |
| ਕਵਿਤਾ | ਸੁਖਪਾਲ | 5 |
| | ਸੁਖਦਰਸ਼ਨ ਧਾਲੀਵਾਲ | 5 |
| | ਨਵਜੀਤ ਜੌਹਲ | 6 |
| | ਹਰਜਿੰਦਰ 'ਕੰਗ' | 6 |
| | ਗਿੱਲ ਮੋਰਾਂਵਾਲੀ | 6 |
| | ਖੁਸ਼ਵੰਤ ਕੌਰ ਰਾਏ | 6 |
| | ਨਜ਼ੀਰ ਸਦਰ | 6 |
| | ਨਸੀਰ ਕਵੀ | 7 |
| | ਪ੍ਰੀਤਮ ਸਿੰਘ ਧੰਜਲ | 7 |
| | ਭੁਪਿੰਦਰ ਸਿੰਘ ਸੱਗੂ | 7 |
| | ਰਣਧੀਰ ਸਿੰਘ | 7 |
| | ਲੈਬਰਟ ਬੈਥੂਨ | 7 |
| ਕਹਾਣੀ | ਸਾਧੂ ਸਿੰਘ | 9 |
| ਲੇਖ | ਸੁਖਵੰਤ ਹੁੰਦਲ | 17 |
| | ਸਾਧੂ ਬਿਨਿੰਗ | 19 |
| | ਪ੍ਰੋ ਪ੍ਰੀਤਮ ਸਿੰਘ | 23 |
| | ਯਾਦਾਂ ਦੇ ਪਰਛਾਵੇਂ - ਮੁਹੰਮਦ ਰਫ਼ੀ | 29 |
| | ਸਈਦ ਫ਼ਾਰਾਨੀ | 33 |
| ਸਥਾਈ ਕਾਲਮ | ਦੇਸ ਤੋਂ ਚਿੱਠੀ | 13 |
| | ਪੁਸਤਕ ਪਰਿਚੈ | 35 |
| | ਪਰਦਾ ਜੋ ਉੱਠ ਗਿਆ | 15 |
| | ਤੇ ਤੁਸੀ ਲਿਖਿਆ | 44 |
| | ਸਰਗਰਮੀਆਂ | 43 |


ਮੁੱਖ ਪੰਨੇ ਦੀ ਤਸਵੀਰ: ਲਿੰਨ ਵੈਨਯੇਕੀ (ਕਿਨੀਸਸ ਦੇ ਧੰਨਵਾਦ ਸਹਿਤ)

**ਇਸ ਅੰਕ ਦੀ ਤਿਆਰੀ ਲਈ ਮਾਨਤਾ (ਕਰੈਡਿਟ) ਤੇ ਸਹਿਯੋਗ:**
ਟਾਈਪਿੰਗ: ਅੰਜੂ ਹੁੰਦਲ, ਸਾਧੂ ਤੇ ਸੁਖਵੰਤ ਹੁੰਦਲ।
ਡੀਜ਼ਾਈਨ ਅਤੇ ਲੇ ਆਊਟ: ਸਾਧੂ, ਸੁਖਵੰਤ ਹੁੰਦਲ

ਹਰ ਪ੍ਰਕਾਰ ਦੀ ਇਨਸ਼ੌਰੈਂਸ ਲਈ

## ਪੰਜਾਬੀ ਮਾਰਕੀਟ ਦੇ ਸੱਭ ਤੋਂ ਭਰੋਸੇਯੋਗ ਇਨਸ਼ੋਰੈਂਸ ਦਫਤਰ

**S & S INSURANCE**
(Associated Professional
Insurance Service Inc.)
**6656 Main St. (2nd Floor)**
**Vancouver, B.C.**
**Ph: 324-5711**



ਕਾਰਾਂ, ਟਰੱਕਾਂ, ਵੈਨਾਂ, ਟੈਕਸੀਆਂ ਤੇ ਹਰ ਤਰ੍ਹਾਂ ਦੀਆਂ ਗੱਡੀਆਂ ਤੋਂ ਇਲਾਵਾ ਘਰਾਂ, ਅਪਾਰਟਮੈਂਟਾਂ, ਵਪਾਰ ਤੇ ਨਿੱਜੀ ਵਸਤਾਂ ਦੀ ਇਨਸ਼ੋਰੈਂਸ ਲਈ ਤੁਹਾਡਾ ਆਪਣਾ ਇਨਸ਼ੋਰੈਂਸ ਦਫਤਰ।

**Auto - Home - Commercial Insurance**
ਅਸੀ ਵਿਜ਼ਟਰਾਂ ਦੀ ਮੈਡੀਕਲ ਇਨਸ਼ੋਰੈਂਸ ਵੀ ਕਰਦੇ ਹਾਂ।

## MINT AUTO BODY

**AT NEW MORE CONVENIENT LOCATION**

- Complete professional auto-body repairs and refinishing on all makes and models.
- Complete frame work
- Free estimates
- All work conditionally guaranteed
- ICBC claims handed promptly
- Uni-body repairs
- Courtesy cars

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਓ।

## ਭੁਪਿੰਦਰ (ਬੌਬ) ਸਹੋਤਾ

**ਫੋਨ: 433-1207**

**6957 Waltham Ave., Burnaby, V5J 4V4**

# MOTI RAJA

**CURRY IN HURRY FOODS INC.**

**Serving Indian & Canadian Cuisine Since 1975**
**Complete Wedding Banquet Centre**

M·R MOTI RAJA

**8246 - FRASER ST.**
**VANCOUVER, B.C., V5X 3X6**

Ph: 325-5014
Fax: 321-3223

City Kitchen
Ph: 322-2489

# SIKANDER

HAIR STYLING (UNISEX)

**6605 FRASER ST. VANCOUVER**
**ਫਰੇਜ਼ਰ ਅਤੇ 50 ਐਵੀਨਿਊ ਉੱਪਰ**

ਅਸੀਂ ਹਰ ਤਰ੍ਹਾਂ ਦਾ ਕਟਿੰਗ ਤੇ ਸਟਾਇਲਿੰਗ ਦਾ ਕੰਮ ਕਰਦੇ ਹਾਂ। (Ladies & Gents)

- Colour
- Perms
- Facials Threadings
- Eyebrows Arching
- Lightening



**ਫੋਨ: 327-1483**

ਅਸੀਂ ਵਿਆਹਾਂ ਵਾਸਤੇ ਦੁਲਹਨ ਨੂੰ ਸਜਾਉਣ ਦਾ ਕੰਮ ਵੀ ਕਰਦੇ ਹਾਂ

# ਕਿੱਸਿਆਂ ਦੇ ਕੈਦੀ

## ਸੁਖਪਾਲ

ਅਸੀ ਜੇ ਸੱਥ ਵਿਚ ਹੀਰ ਗਾਉਂਦੇ ਹਾਂ
ਤੇ ਘਰ ਵਿਚ ਧੀ ਦੇ ਨਕੇਲ ਪਾਉਂਦੇ ਹਾਂ
ਤਾਂ ਕੋਈ ਜੁਰਮ ਨਹੀ ਕਰਦੇ
ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

ਅਸੀ ਨਾ ਨਾਨਕ ਨੂੰ
ਨੈਣਾਂ 'ਤੇ ਬਿਠਾਇਆ ਸੀ
ਨਾ ਬੁੱਲ੍ਹੇ ਦੇ ਪੈਰੀ ਹੱਥ ਲਾਇਆ ਸੀ
ਅਸੀ ਜੋ ਅੱਜ ਉਨ੍ਹਾਂ ਦੇ ਕਿੱਸੇ ਗਾਉਂਦੇ ਹਾਂ
ਉਦੋਂ ਉਨ੍ਹਾਂ ਨੂੰ ਵੀ ਕੋਈ
ਕਿੱਸਾ ਹੀ ਸੁਣਾਇਆ ਸੀ।
ਅਸੀ ਜੋ ਅੱਜ ਦੀ ਅੱਖ ਮੀਚ ਕੇ
ਕਲ੍ਹ ਦੀ ਕਹਾਣੀ ਪਾਉਂਦੇ ਹਾਂ
ਕੋਈ ਜੁਰਮ ਨਹੀ ਕਰਦੇ
ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

ਹਰ ਪਾਂਧੀ ਦਾ ਆਪਣਾ ਪੀਰ ਹੈ- ਮੰਨਦੇ ਹਾਂ
ਹਰ ਤਣੇ ਦੀ ਆਪਣੀ ਤਾਸੀਰ ਹੈ- ਮੰਨਦੇ ਹਾਂ
ਪਰ ਅਸੀ ਜੋ ਮੱਟੀ ਦੇ ਜਾਏ ਹਾਂ
ਸਾਨੂੰ ਮਿੱਟੀ ਦਾ ਮੋਹ ਹੈ
ਜੜ੍ਹ ਦੀ ਜਗ੍ਹਾ ਮੱਲਦੇ ਹਾਂ।
ਅਸੀ ਅਤੀਤ ਦੀਆਂ ਅੱਖਾਂ 'ਚ ਅੱਖਾਂ ਪਾ ਕੇ
ਭਵਿੱਖ ਵਲ ਨੂੰ ਪਿਛਲ-ਖੁਰੀ ਚੱਲਦੇ ਹਾਂ।
ਲੱਖ ਠੋਕਰਾਂ ਖਾਣ ਤੋਂ ਬਾਅਦ ਵੀ
ਨਾ ਸਾਡੀ ਪਿੱਠ ਤੇ ਅੱਖ ਉੱਗੀ ਹੈ
ਨਾ ਅਸੀ ਅਗਲ-ਖੁਰੀ ਚੱਲਣ ਦੀ
ਜਾਚ ਸਿੱਖੀ ਹੈ।
ਤੁਸੀ ਸਾਨੂੰ ਭੁੱਲੜ ਪਏ ਆਖੋ
ਅਸੀ ਨਾ ਤਾਂ ਇਸ ਭੁੱਲ 'ਤੇ ਸ਼ਰਮਿੰਦਾ ਹਾਂ
ਨਾ ਹੀ ਇਹ ਭੁੱਲ ਬਖ਼ਸ਼ਾਉਂਦੇ ਹਾਂ
ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

ਅਸੀ ਨੇਰ੍ਹੇ ਤੋਂ ਡਰਦੇ ਹਾਂ - ਮੰਨਦੇ ਹਾਂ
ਤਾਹੀਓਂ ਨੇਰ੍ਹੇ ਦੀ ਪੂਜਾ ਕਰਦੇ ਹਾਂ - ਮੰਨਦੇ ਹਾਂ
ਪਰ ਤੁਸੀ ਜੋ ਚਾਨਣ ਦੇ ਆਸ਼ਕ ਹੋ
ਨੇਰ੍ਹੇ ਵਿਚ ਸ਼ਮ੍ਹਾਂ ਕੁਝ ਇਸ ਕਦਰ ਜਲਾਂਦੇ ਹੋ
ਕਿ ਬਣ ਕੇ ਪਤੰਗੇ ਸੜ ਜਾਂਦੇ ਹੋ।
ਸੜਦੇ ਪਤੰਗੇ ਦੇਖ ਕੇ
ਅਸੀ ਪੈਰਾਂ ਤੋਂ ਥਿੜ੍ਹਕ ਜਾਂਦੇ ਹਾਂ
ਨੇਰ੍ਹੇ ਵਿਚ ਗਿੱਠ ਭਰ ਹੋਰ
ਗਰਕ ਜਾਂਦੇ ਹਾਂ
ਜੀਂਦਿਆਂ ਦੇ ਪ੍ਰਛਾਵੇਂ ਤੋਂ ਡਰਦੇ ਹਾਂ
ਮਰਿਆਂ ਦੀ ਮੜ੍ਹੀ 'ਤੇ ਫੁੱਲ ਚੜ੍ਹਾਉਂਦੇ ਹਾਂ
ਤਾਂ ਕੀ ਜੁਰਮ ਕਰਦੇ ਹਾਂ
ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

ਕਦੀ ਕਦੀ ਦਿਲ ਤਾਂ ਸਾਡਾ ਵੀ ਕਰਦਾ ਹੈ
ਖੁੱਲ੍ਹੀਆਂ ਹਵਾਵਾਂ ਫੱਕਣ ਨੂੰ
ਠਰ੍ਹੂੰ ਠਰ੍ਹੂੰ ਕਰਦੇ ਹੋਏ ਧੁੱਪ ਸੇਕਣ ਨੂੰ
ਨੱਸ ਨੱਸ ਕੇ ਹਫਣ ਨੂੰ
ਜੀਅ ਭਰ ਕੇ ਲੱਸੀ ਡੱਫਣ ਨੂੰ
ਜੀਅ ਭਰ ਕੇ ਚੰਨ ਦਾ ਚਿਹਰਾ ਤੱਕਣ ਨੂੰ
ਪਰ ਕੈਦ ਕੋਠੜੀਆਂ ਦੀ ਆਪਣੀ ਹੀ ਹਵਾ
ਤੇ ਆਪਣਾ ਹੀ ਕਾਇਦਾ ਹੈ
ਆਪਣੀ ਧੁੱਪ, ਆਪਣਾ ਚੰਨ
ਆਪਣਾ ਹੀ ਨੁਕਸਾਨ ਤੇ ਫਾਇਦਾ ਹੈ।
ਕੁਝ ਸਿਆਣਿਆਂ ਦੇ ਕਹਿਣ ਕਰਕੇ
ਕੁਝ ਸਦੀਆਂ ਭਰ ਸਹਿਣ ਕਰਕੇ
ਅਸੀ ਇਸ ਕੈਦ ਨੂੰ ਹੀ
ਆਜ਼ਾਦੀ ਮੰਨ ਬੈਠੇ ਹਾਂ
ਮੰਨਦੇ ਹਾਂ ਮੰਨਾਉਂਦੇ ਹਾਂ
ਮਨੌਤਾਂ ਸੰਗ ਜ਼ਿੰਦਗੀ ਨਿਭਾਉਂਦੇ ਹਾਂ
ਤਾਂ ਕੀ ਜੁਰਮ ਕਰਦੇ ਹਾਂ
ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

ਤੁਸੀ ਜੋ ਬਾਹਰ ਖੁੱਲ੍ਹੇ ਅਸਮਾਨ ਥੱਲੇ
ਆਜ਼ਾਦ ਹਵਾਵਾਂ ਵਿਚ ਚੁੰਗੀਆਂ ਭਰਦੇ ਹੋ
ਵਿਚਾਰਾਂ ਦੇ ਸਰਵਰ ਨ੍ਹਾਉਂਦੇ ਹੋ
ਗਿਆਨ ਦੀਆਂ ਚੋਟੀਆਂ ਚੜ੍ਹਦੇ ਹੋ
ਤੁਹਾਡੇ ਵਿਚੋਂ ਕਦੀ ਕੋਈ
ਦਿਲ ਵਿਚ ਹਮਦਰਦੀਆਂ ਭਰ ਕੇ
ਅਸਾਂ ਕੈਦੀਆਂ ਦੀ
ਮੁਲਾਕਾਤ ਲਈ ਆਇਆ?
ਹੱਥ ਖੜ੍ਹਾ ਕਰੇ!
ਕਦੀ ਕਿਸੇ ਇਸ ਕੈਦ ਦੀਆਂ
ਫ਼ੌਲਾਦੀ ਦੀਵਾਰਾਂ ਨੂੰ ਤੋੜਨ ਲਈ
ਡਾਈਨਾਮਾਈਟ ਭਿਜਵਾਇਆ?
ਹੱਥ ਖੜ੍ਹਾ ਕਰੇ!

ਅਸੀ ਜੋ ਦੁਖਦੇ ਹੋਏ ਦਿਲਾਂ 'ਤੇ
ਹੱਥ ਧਰ ਕੇ
ਪਰੀਆਂ ਦੀ ਗਾਥਾ ਗਾਉਂਦੇ ਹਾਂ
ਅੱਜ ਦੀ ਅੱਖ ਮੀਚ ਕੇ
ਕੱਲ੍ਹ ਦੀ ਕਹਾਣੀ ਪਾਉਂਦੇ ਹਾਂ
ਤਾਂ ਕੀ ਜੁਰਮ ਕਰਦੇ ਹਾਂ
ਕਿੱਸਿਆਂ ਦੇ ਕੈਦੀ ਹਾਂ
ਕੈਦ ਦਾ ਕਾਇਦਾ ਨਿਭਾਉਂਦੇ ਹਾਂ।

●☆○

# ਖੁਸ਼ਗਵਾਰ ਮੌਸਮ

## ਸੁਖਦਰਸ਼ਨ ਧਾਲੀਵਾਲ

ਇਸ ਧਰਤੀ ਤੇ ਆਵਾਜਾਈ ਦਾ ਮੌਸਮ
ਕਿੰਨਾ ਖੁਸ਼ਗਵਾਰ ਹੈ!
ਭੱਜ ਆਇਆ ਹੈ ਜਿਸ ਦੇ ਲਈ ਵਰਤਮਾਨ
ਛੱਡ ਕੇ ਪਿੱਛੇ ਖੇਤ-ਖਲਿਆਨ
ਇਕ ਭੀੜ ਜੇਹੀ ਤੁਰ ਰਹੀ ਹੈ ਭੇਡ-ਚਾਲ
ਇਕ ਰੰਗ ਤਮਾਸ਼ਾ ਗਤੀਸ਼ੀਲ ਹੈ ਜਾਰੀ!

ਮੈਂ ਇਸ ਦੇ ਮੱਧ 'ਚ ਬੈਠਾ
ਉਦਾਸ ਸੋਚ ਦੇ ਭਰ ਰਿਹਾ ਹਾਂ ਹਾਉਕੇ
ਸੁਲਗ ਰਿਹਾ ਹੈ ਜਿਸਮ
ਜੋ ਝੂਠ ਦੀ ਦਹਿਲੀਜ਼ ਤੇ ਬੈਠਾ
ਸਿਰਜ ਰਿਹਾ ਹੈ ਚਾਨਣ ਦਾ ਖ਼ਾਬ
ਤਪ ਰਿਹਾ ਹੈ ਜੋ ਅੰਗਿਆਰ ਵਾਂਗ
ਮੇਰੀਆਂ ਨਜ਼ਰਾਂ 'ਚ ਰੋਜ਼

ਸ਼ਾਇਦ ਸਾਜ਼ਿਸ਼ ਹੀ ਸੀ ਉਹਨਾਂ ਦੀ
ਜਿਹਨਾਂ ਲਈ ਉੱਡ ਆਇਆ ਸੀ ਮੈਂ
ਅਚਨਚੇਤ
ਪ੍ਰਾਪਤੀ ਦੇ ਖੰਭ ਲਾ ਕੇ
ਗੁਆਚ ਗਈ ਹੈ ਜਿਹਨਾਂ ਦੀ ਹੋਂਦ
ਅਸਚਰਜਮਈ ਭੀੜ ਦੇ ਸੰਘਣੇ ਜੰਗਲ 'ਚ
ਜਿਸ ਦਾ ਹਰ ਇਕ ਰੁੱਖ
ਹਰਿਆਲੀ ਤੋਂ ਸੱਖਣਾ
ਲਾ-ਪਤਾ ਹੈ ਜਿੱਥੇ
ਸਖ਼ਾਵਤ ਦਾ ਸੁਹਾਵਣਾ ਮੌਸਮ
ਪਥਰਾ ਗਈ ਹੈ ਹੋਂਦ
ਹਰ ਦਿਸ਼ਾ 'ਚ ਹਰ ਨਜ਼ਰ ਵਿਚ
ਸੀਮਤ ਇਕ ਦਾਇਰਾ ਹੈ
ਜੋ ਘੁੰਮ ਰਿਹਾ ਹੈ ਨਿੱਜ ਦੁਆਲੇ
ਨਿੱਜੀ ਬਿੰਦੂ ਤੋਂ
ਆਪਣੇ ਘਰ ਦੀਆਂ ਕੰਧਾਂ ਤੀਕ
ਸਾਹ ਘੋਟੂ ਹੈ ਜਿਸ ਦੀ ਹਵਾ
ਪਰਾਇਆ ਹੈ ਜਿਸ ਦਾ ਵਿਹੜਾ
ਤੇ ਅਦਭੁਤ ਹੈ ਹਰ ਸ਼ੈਅ ਹਰ ਵਸਤੂ
ਘੂਰ ਰਹੀ ਹੁੰਦੀ ਹੈ ਜੋ ਮੇਰਾ ਵਜੂਦ
ਸਿਰਜਦੀ ਹੈ ਜੋ ਬੇਗਾਨਗੀ ਦਾ ਵਾਤਾਵਰਨ
ਅਤੇ ਇਕ ਅਜਨਬੀਅਤ ਦਾ ਅਹਿਸਾਸ
ਖੁੱਭ ਜਾਂਦਾ ਹੈ ਮੇਰੇ ਧੁਰ ਅੰਦਰ
ਜੋ ਲੱਭਦਾ ਹੈ ਆਪਣਾ ਚਿਹਰਾ
ਇਸ ਅਹਿਸਾਸ ਦੇ ਦਰਪਨ ਵਿਚੋਂ
ਖਿਲਰ ਗਿਆ ਜੋ ਟੁੱਟ ਗਿਆ ਜੋ
ਕਿਰਚਾਂ ਕਿਰਚਾਂ ਹੋ ਚੁੱਕਿਆ ਹੈ
ਜਿਸ ਦਾ ਅਕਸ

ਮੂਰਸ਼ਿਤ ਪਈ ਹੈ ਜਿਸ ਦੀ ਸਭਿਅਤਾ
ਧੁਖ ਰਹੀ ਹੈ ਜਿਸ ਦੀ ਹੋਂਦ

ਇਕ ਲਾਸ਼ ਜਿਹੀ ਦਾ ਅਨੁਭਵ ਤਾਰੀ ਹੈ
ਜਿਸ ਦੀ ਸੜ੍ਹਾਂਦ ਮਹਿਕ ਰਹੀ ਹੈ
ਨਿੱਤ ਬਦਲਦਾ ਮੌਸਮ।

## ਆਪਣਾ ਘਰ

### ਨਵਜੀਤ ਜੌਹਲ

ਘਰਾਂ ਨੂੰ ਛੱਡ ਗਏ ਮਿੱਤਰੋ
ਘਰਾਂ ਨੂੰ ਪਰਤ ਕੇ ਆਉ
ਚਿਰਾਂ ਤੋਂ ਉਡੀਕਦੇ ਪਏ ਨੇ
'ਕੇਰਾਂ ਤਾਂ ਸਾਰ ਲੈ ਜਾਉ।

ਘਰ ਕਦੇ ਕਿਤੇ ਵੀ ਬਣ ਜਾਂਦਾ ਹੈ
ਪਰ 'ਆਪਣੀ ਮਿੱਟੀ' ਤੋਂ ਬਣਿਆਂ ਘਰ
ਹੀ ਅਸਲ ਘਰ ਹੁੰਦਾ ਹੈ
ਨਾ ਹਿੜਕ ਝਿੜਕ ਕਿਸੇ ਦੀ
ਨਾ ਕਿਸੇ ਦਾ ਡਰ ਹੁੰਦਾ ਹੈ
ਜੀਵਿਆ ਗੈਰਤ ਨਾਲ ਇਸ ਵਿਚ
ਅਣਖ ਨਾਲ ਮਰ ਹੁੰਦਾ ਹੈ।

ਵੱਡੇ ਮਕਾਨਾਂ ਦੀ ਤਲਾਸ਼ 'ਚ
ਛੋਟੇ ਘਰਾਂ ਨੂੰ ਛੱਡ ਆਏ ਮਿੱਤਰੋ
ਬੜਾ ਮੁਸ਼ਕਲ ਹੈ ਦੇਰ ਤੱਕ
ਬੇਗਾਨੀ ਹਵਾ ਵਿਚ ਸਾਹ ਲੈਣਾ
ਅੰਨ੍ਹੀ ਗੁਫ਼ਾ 'ਚ ਭਟਕ ਜਾਣਾ
ਜਾਂ ਕਦੀ ਡੋਰ ਪਰਾਈ ਸੰਗ
ਇਕ ਅਜਨਬੀ ਖਲਾਅ 'ਚ
ਲਟਕ ਜਾਣਾ

ਜ਼ਿੰਦਗੀ ਦੇ ਸਿਲਸਿਲਿਆ ਵਿਚ
ਕੁਝ ਵੀ ਭੁੱਲ ਜਾਏ ਪਰ
ਘਰ ਤਾਂ ਯਾਦ ਆਉਂਦੇ ਨੇ
ਘਰ ਤਾਂ ਡੁੱਬੀ ਰੁਆਉਂਦੇ ਨੇ।
ਮੂੰਹੋ ਬੋਲ ਕੇ ਭਾਵੇਂ
ਕਦੇ ਇਹ ਕੁਝ ਨਾ ਕਹਿੰਦੇ
ਘਰਾਂ ਨੂੰ ਛੱਡ ਕੇ ਜਾਓ
ਘਰ ਸਲਾਮਤ ਨਹੀਂ ਰਹਿੰਦੇ।
ਮੇਰੀ ਸਹੁੰ ਖਾ ਕੇ
ਜਾਂ ਅੰਗ੍ਰੇਜ਼ੀ ਬੋਲਦੇ ਪੁੱਤ ਦੇ
ਸਿਰ 'ਤੇ ਹੱਥ ਰੱਖਕੇ ਦੱਸੋ
ਕੀ ਭੁੱਲ ਗਏ ਨੇ –
ਉਹ ਟੋਭਿਆਂ, ਨਹਿਰਾਂ 'ਚ
ਟੁੱਭੀਆਂ ਲਾਉਣ ਦੇ ਦਿਨ
ਨੰਗੇ ਪੈਰੀਂ ਰੋਹੀ 'ਚ
ਪਸ਼ੂ ਚਰਾਉਣ ਦੇ ਦਿਨ
ਸੂਰਜਾ ਸੂਰਜਾ ਕਹਿ ਕੇ
ਫੱਟੀ ਸੁਕਾਉਣ ਦੇ ਦਿਨ
ਰੇਤ ਦੇ ਘਰਾਂ ਅੰਦਰ
ਰਾਜੇ ਦੀਆਂ ਘੋੜੀਆਂ
ਸੁਆਉਣ ਦੇ ਦਿਨ।
ਜੇ ਸੱਭ ਯਾਦ ਹੈ
ਤਾਂ ਉਸੇ ਘਰ ਦੇ ਪਤੇ 'ਤੇ
ਅੱਜ ਹੀ ਖਤ ਇਕ ਪਾਉ:
"ਅਸੀਂ ਜ਼ਰੂਰ ਆਵਾਂਗੇ
ਆਉਂਦੀ ਬਰਸਾਤ ਤੋਂ ਪਹਿਲਾਂ
ਜਿਸ ਵਿਚ ਡਿਗ ਤੂੰ ਜਾਏਂ
ਉਸ ਬਦਕਿਸਮਤ ਰਾਤ ਤੋਂ ਪਹਿਲਾਂ
ਅਸੀਂ ਜ਼ਰੂਰ ਆਵਾਂਗੇ!
ਅਸੀਂ ਜ਼ਰੂਰ ਆਵਾਂਗੇ!!"

## ਜਾਲ

### ਪੁਸ਼ਵੰਤ ਕੌਰ ਰਾਏ

ਨਿਕਲਣ ਨਿਕਲਣ ਕਰਦੀ ਰਹਿੰਦੀ
ਪਰ ਹੋਰ ਵੀ ਫਸਦੀ ਜਾਵਾਂ
ਤਾਰਾਂ ਰੇਸ਼ਮੀ ਗੰਢਾਂ ਪੀਡੀਆਂ
ਮੁੜ ਮੁੜ ਜ਼ੋਰ ਲਗਾਵਾਂ
ਇਕ ਨਾ ਤਾਰ ਖੁੱਲ੍ਹਣ ਤੇ ਆਵੇ
ਵੇਲਾ ਮੁੱਕਦਾ ਜਾਵੇ
ਆਓ, ਨੀ ਸਈਓ, ਦੱਸੋ ਮੈਨੂੰ
ਮੈਂ ਕਿੱਥੇ ਅਰਜ਼ ਪੁਚਾਵਾਂ।

---

## ਗ਼ਜ਼ਲ

### ਹਰਜਿੰਦਰ 'ਕੰਗ'

ਰੁਕ ਜਾ ਕੁਝ ਚਿਰ, ਰੁਕਿਆ ਨਹੀਂ ਤੂਫ਼ਾਨ ਅਜੇ।
ਤੂੰ ਮੇਰੇ ਘਰ ਬਣਿਆ ਰਹਿ ਮਹਿਮਾਨ ਅਜੇ।

ਦਿਲ ਦੀ ਕੁਟੀਆ ਹੈ ਸ਼ਿੰਗਾਰੀ ਜਿਸ ਖ਼ਾਤਿਰ,
ਖ਼ੌਰੇ ਕਿੱਥੇ ਬੈਠੇ ਉਹ ਮਹਿਮਾਨ ਅਜੇ।

ਚਾਹੁੰਦਾਂ ਹਾਂ ਤੇਰੇ ਸਾਹਾਂ ਦੀ ਮਹਿਕ ਬਣਾਂ,
ਐਪਰ ਦਿਲ ਦਾ ਗੁਲਸ਼ਨ ਹੈ ਵੀਰਾਨ ਅਜੇ।

ਸੋਚ ਅਜੇ ਤੱਕ ਵੀ ਬੰਦੇ ਦੀ ਬੌਨੀ ਹੈ,
ਪੂਜ ਰਿਹਾ ਹੈ ਪੱਥਰ ਦਾ ਭਗਵਾਨ ਅਜੇ।

ਹੋਰ ਤੜਪ ਦਿਲ ਮੇਰੇ ਕਿਉਂਕਿ ਆਈ ਨਈਂ,
ਉਸਦਿਆਂ ਬੁੱਲ੍ਹਾਂ ਉੱਤੇ ਮੁਸਕਾਨ ਅਜੇ।

ਮੰਨਿਆ ਬੰਦਾ ਹੈ ਵਿਗਿਆਨੀ ਚੋਟੀ ਦਾ,
ਐਪਰ ਬੰਦਾ ਬਣਿਆ ਨਹੀਂ ਇਨਸਾਨ ਅਜੇ।

'ਕੰਗ' ਤਿਰੇ ਵਲ ਉਹ ਜੋ ਉਂਗਲ ਚੁੱਕ ਰਿਹੈ,
ਤਕਿਆ ਨਈਂ ਉਸਨੇ ਆਪਣਾ ਗਿਰਿਵਾਨ ਅਜੇ।

## ਗ਼ਜ਼ਲ

### ਗਿੱਲ ਮੋਰਾਂਵਾਲੀ

ਸਭ ਨੂੰ ਆਖੀ ਗੱਲ ਪੁਗਾ ਕੇ ਹਟਿਆ ਹਾਂ।
ਕੁੱਜੇ ਵਿਚ ਸਮੁੰਦਰ ਪਾ ਕੇ ਹਟਿਆ ਹਾਂ।

ਅਰਸ਼ਾਂ ਵਿਚ ਉਡਾਰੀ ਲਾ ਕੇ ਹਟਿਆ ਹਾਂ।
ਸੂਰਜ ਅੱਗੇ ਦੀਪ ਜਗਾ ਕੇ ਹਟਿਆ ਹਾਂ।

ਪਲਕਾਂ ਨਾਲ ਉਠਾ ਕੇ ਕੰਡੇ ਰਾਹਾਂ 'ਚੋਂ,
ਪੈਰਾਂ ਦੇ ਵਿਚ ਫੁੱਲ ਵਿਛਾ ਕੇ ਹਟਿਆ ਹਾਂ।

ਮੈਲੀ ਹੋਈ ਜਾਂਦੀ ਚਮਕ ਸਮੇਂ ਦੀ ਨੂੰ,
ਚਾਨਣ ਦੀ ਪੇਂਦ ਚੜ੍ਹਾ ਕੇ ਹਟਿਆ ਹਾਂ।

ਸਾਰੀ ਹੀ ਧਰਤੀ ਦੇ ਗ਼ਮ ਲੈ ਲੈ ਕੇ,
ਲੋਕਾਂ ਤੋਂ ਦਰਦ ਛੁਪਾ ਕੇ ਹਟਿਆ ਹਾਂ।

ਹੱਕ ਹਰਾਮ ਦਿਆਂ ਹੀ ਬਸ ਫਰਕਾਂ ਦੀ,
ਯਾਰਾਂ ਨੂੰ ਗ਼ਜ਼ਲ ਸੁਣਾ ਕੇ ਹਟਿਆ ਹਾਂ।

## ਗ਼ਜ਼ਲ

### ਨਜ਼ੀਰ ਸਦਰ

ਪੁੱਛਿਆ ਨਾ ਆ ਕੇ ਹਾਲ ਤੂੰ, ਜਾਹ ਵੇ ਨਕਾਰਿਆ
ਯਾਰਾ ਵੇ, ਤੇਰੇ ਯਾਰ ਦੇ ਯਾਰਾਂ ਨੇ ਮਾਰਿਆ॥

ਕੱਲ੍ਹ ਰਾਤ ਚੰਦ ਵੇਖਿਆ ਮੈਂ ਸੋਚਦੀ ਰਹੀ
ਕਿਉਂ ਦਾਗ ਦਾਗ ਚੰਦ ਏ ਦੱਸ ਜਾਹ ਵੇ ਤਾਰਿਆ॥

ਸੌ ਤੀਰ ਕੱਲੀ ਕੱਲੀ ਜਾਨ, ਤੀਰ ਚੱਲਦੇ ਰਹੇ
ਤੂੰ ਵੀ ਤਮਾਸ਼ਾ ਵੇਖਿਆ ਲੱਖਾਂ ਤੇ ਭਾਰਿਆ॥

ਰੰਗਤ ਪਛੌਰ ਸ਼ਹਿਰ ਦੀ ਹਾਸੇ ਲਾਹੌਰ ਦੇ
ਸ਼ੀਸ਼ੇ 'ਚ ਮੈਨੂੰ ਯਾਰ ਦੇ ਪਾ ਕੇ ਉਤਾਰਿਆ॥

ਘੋੜੀ ਦੀ ਵਾਗ ਮੋੜੀ ਨਾ ਵਿਗੜੇ ਨਸੀਬ ਨੇ
ਮਿਰਜ਼ੇ ਨੂੰ ਸੂਲੀ ਆਣ ਕੇ ਬਾਰਾਂ ਦੇ ਚਾੜ੍ਹਿਆ॥

## ਗ਼ਜ਼ਲ

### ਨਸੀਰ ਕਵੀ

(ਜਿਹਲਮ, ਪਾਕਿਸਤਾਨ)

ਗੰਜ ਸ਼ੱਕਰ ਨੇ ਲੋਕਾਂ ਦੇ ਨਾਲ, ਜਿਹੜੀ ਬੋਲੀ ਬੋਲੀ
ਨਾਨਕ ਹੋਰਾਂ ਸਲੋਕਾਂ ਵਿਚ, ਉਹਦੀ ਸ਼ੱਕਰ ਘੋਲੀ।
ਭਰ ਭਰ ਪੀਓ ਪਿਆਲੇ ਇਹਦੇ, ਇਹ ਅੰਮ੍ਰਿਤ ਨਾ ਡੋਲ੍ਹੋ
ਮਾਂ ਬੋਲੀ ਵਿਚ ਲਿਖੋ, ਪੜ੍ਹੋ ਤੇ ਮਾਂ ਬੋਲੀ ਵਿਚ ਬੋਲੋ॥

ਸ਼ਾਹ ਹੁਸੈਨ ਨੇ ਇਸ ਧਾਗੇ ਦੀ ਜਿਹੜੀ ਤਾਣੀ ਲਾਈ
ਬਾਹੂ ਹੋਰਾਂ ਹੂ ਹੂ ਕਰਕੇ, ਤੰਦ ਤੰਦ ਰਲਾਈ
ਪਾਏ ਨੇ ਜਿਹੜੇ ਤੁਸੀ ਗੁੰਝਲ, ਆਪਣੇ ਹੱਥੀ ਖੋਲ੍ਹੋ
ਮਾਂ ਬੋਲੀ ਵਿਚ ਲਿਖੋ, ਪੜ੍ਹੋ ਤੇ ਮਾਂ ਬੋਲੀ ਵਿਚ ਬੋਲੋ॥

ਬੁੱਲ੍ਹੇ ਸ਼ਾਹ ਨੇ ਇਹਦੇ ਵਿਚ, ਦੱਸੀ ਅਲਫ਼ ਸਚਾਈ
ਵਾਰਿਸ਼ ਸ਼ਾਹ ਨੇ ਇਹਦੀ ਰਾਹੀ, ਐਨ ਦੀ ਸ਼ਕਲ ਵਿਖਾਈ
ਇਸ ਕਿਤਾਬ ਦੇ ਇਕ ਇਕ ਕਰਕੇ ਸਾਰੇ ਵਰਕੇ ਫੋਲੋ
ਮਾਂ ਬੋਲੀ ਵਿਚ ਲਿਖੋ, ਪੜ੍ਹੋ ਤੇ ਮਾਂ ਬੋਲੀ ਵਿਚ ਬੋਲੋ॥

ਇਹੋ ਸਾਡੀ ਤਾਕਤ ਸੱਜਣੋ, ਇਹ ਸਾਡਾ ਸਰਮਾਇਆ
ਮੀਆਂ ਮੁਹੰਮਦ ਵਿਚ ਕਿਤਾਬੇ, ਜੋ ਜੋ ਕੁਝ ਫਰਮਾਇਆ
ਹੀਰਿਆਂ ਨਾਲੋਂ ਭਾਰਾ ਹੋਸੀ, ਜਿਹੜਾ ਅੱਖਰ ਤੋਲੋ
ਮਾਂ ਬੋਲੀ ਵਿਚ ਲਿਖੋ, ਪੜ੍ਹੋ ਤੇ ਮਾਂ ਬੋਲੀ ਵਿਚ ਬੋਲੋ॥

ਨਾ ਇਹ ਕੋਈ ਕਥਾ ਕਵੀ ਜੀ, ਨਾ ਇਹ ਕੋਈ ਕਵਿਤਾ
ਦੇਸ ਪੰਜਾਬ ਦੇ ਵਸਨੀਕਾਂ ਨੂੰ, ਇਕ ਸੁਨੇਹਾ ਦਿੱਤਾ
ਫੁਲਾਂ ਵਰਗੀ ਬੋਲੀ ਨੂੰ , ਨਾ ਮਿੱਟੀ ਦੇ ਵਿਚ ਰੋਲੋ
ਮਾਂ ਬੋਲੀ ਵਿਚ ਲਿਖੋ, ਪੜ੍ਹੋ ਤੇ ਮਾਂ ਬੋਲੀ ਵਿਚ ਬੋਲੋ॥

## ਅਭਿੰਨਤਾ

### ਪ੍ਰੀਤਮ ਸਿੰਘ ਧੰਜਲ

ਤੂੰ ਵੀ ਕੁਝ ਆਪਣਾ ਗਵਾ, ਮੈਂ ਵੀ ਗਵਾਵਾਂ ਆਪਣਾ,
ਇਸ ਨਤੀਜੇ 'ਤੇ ਅਸਾਂ ਇਕ ਦੂਜੇ ਵਰਗੇ ਜਾਪਣਾ।

ਤੂੰ ਹੀ ਤੂੰ ਜਾਂ ਮੈਂ ਹੀ ਹੋਵਾਂ ਤਾਂ ਇਹ ਇਨਸਾਫ਼ ਨਹੀਂ,
ਦੇਖ! ਹੈ ਕਿੰਨਾ ਹਿਸਾਬੀ, ਰਾਤ ਦਿਨ ਦਾ ਆਵਣਾ।

ਪਹੁ-ਫੁਟਾਲੇ ਵਿਚ ਕਿਤੇ ਕੋਈ ਰਾਤ ਦੀ ਹਉਮੈ ਨਹੀਂ,
ਨਾ ਸੁਨਹਿਰੀ ਸ਼ਾਮ ਵਿਚ ਹੈ ਉਜਲੇ ਦਿਨ ਦਾ ਦਮਕਣਾ।

ਸੱਤ ਰੰਗਾਂ ਵਾਂਗ ਜੋ ਰਲ-ਮਿਲ ਕੇ ਰਹਿੰਦੇ ਇਕ ਥਾਂ,
ਉਹਨਾਂ ਨੇ ਹੀ ਨ੍ਹੇਰਿਆਂ 'ਤੇ ਧੁੱਪ ਵਾਂਗੂੰ ਚਮਕਣਾ।

ਜਦ 'ਪ੍ਰੀਤਮ' ਦੀ ਗਲੀ ਵਿਚ ਆਪਣਾ ਦਿਲ ਨਾ ਲੱਭ ਸਕੇ,
ਉਸ ਗਵਾਵਣ ਦਾ ਹੀ ਦੂਜਾ ਨਾਮ ਹੁੰਦਾ ਪਾਵਣਾ।

## ਗ਼ਜ਼ਲ

### ਭੁਪਿੰਦਰ ਸਿੰਘ ਸੱਗੂ

ਹਰ ਖੁਸ਼ੀ ਅੰਦਰ ਉਦਾਸੀ ਆ ਰਲੀ ਹੈ।
ਫਿਰ ਚਿਤਾ ਇਨਸਾਨ ਦੀ ਜਲੀ ਹੈ।

ਸੋਚਦਾ ਹਾਂ ਲਾਟ ਨੂੰ ਉੱਚਾ ਕਰੇਗੀ
ਗੁੱਲ ਦੀਵੇ ਕਰ ਗਈ ਜੋ 'ਵਾ ਚੱਲੀ ਹੈ।

ਖ਼ੂਨ ਦਾ ਇਹ ਦਾਗ਼ ਕੀਕਣ ਜਾ ਸਕੇਗਾ?
ਕੇਸ ਨੇ ਮਾਸੂਮ ਦੀ ਦਿੱਤੀ ਬਲੀ ਹੈ।

ਏਸ ਮੰਡੀ 'ਚ ਜ਼ਮੀਰਾਂ ਵਿਕਦੀਆਂ ਨੇ
ਸ਼ਾਮ ਜਦ ਵੀ ਸ਼ੋਖ ਰੰਗਾਂ 'ਚ ਢਲੀ ਹੈ।

ਕੌਣ ਤੇਰੇ ਕਾਰਿਆਂ ਨੂੰ ਜਾਣਦਾ ਨਈ
ਦੈਂਤ ਹੈਂ ਤੂੰ, ਰੂਹ ਮਾਨਵ ਦੀ ਛਲੀ ਹੈ।

ਕਤਲਗਾਹ ਨੱਚਦੀ ਹੈ ਹਰ ਇਕ ਚੌਕ ਅੰਦਰ,
ਕਰਬਲਾ ਦੇ ਵਾਂਗ ਪਿੰਡ ਦੀ ਹਰ ਗਲੀ ਹੈ।

ਕੇਸ ਪਾਪੀ ਬਾਗ਼ ਅੰਦਰ ਗੁੱਲ ਖਿੜਾਏ,
ਮਹਿਕ ਦਾ ਮਾਤਮ ਮਨਾਉਂਦੀ ਹਰ ਕਲੀ ਹੈ।

## ਗ਼ਜ਼ਲ

### ਰਣਧੀਰ ਸਿੰਘ

ਸਾਬਤ ਕਦਮ ਕਦਮ ਹੁੰਦੇ
ਸੱਚੇ ਸਨਮ ਸਨਮ ਹੁੰਦੇ
ਲੋਕਾਂ ਦੀ ਖ਼ਾਤਰ ਵਾਰਦੇ
ਉਹੀ ਜਨਮ ਜਨਮ ਹੁੰਦੇ
ਜੋ ਸੀਸ ਆਜ਼ਾਦੀ ਦੇ ਲਈ
ਫੜਦੇ ਕਲਮ, ਕਲਮ ਹੁੰਦੇ
ਜੋ ਕੱਲ੍ਹ ਦੀ ਕੱਲ੍ਹ ਨਹੀਂ ਸੋਚਦੇ
ਅੱਜ ਸ਼ਰਮ ਸ਼ਰਮ ਹੁੰਦੇ
ਬਲ ਬੁੱਧ ਵਿਵੇਕ ਦਾ ਆਸਰਾ
ਦਿਲ ਦੇ ਭਰਮ ਭਰਮ ਹੁੰਦੇ
ਹਰ ਰਾਤ ਜਿਨ੍ਹਾਂ ਨੇ ਰੁਸ਼ਨਾਵਣੀ
ਬਲਦੇ ਮਧਮ ਮਧਮ ਹੁੰਦੇ
ਅੱਗ ਨੂੰ ਲਗਾਵਣ ਵਾਲੇ ਸਦਾ
ਕਰਦੇ ਭਸਮ, ਭਸਮ ਹੁੰਦੇ

## ਵਧਣਾ

### ਲੈਬਰਟ ਬੈਥੂਨ

ਉਹ ਮਨੁੱਖ
ਜਿਸਦੀ ਨਜ਼ਰ ਵਿਚ ਖ਼ੂਨ ਹੈ
ਤੇ ਆਵਾਜ਼ ਵਿਚ ਛੁਰੀ
ਜਿਸ ਕੋਲ ਗੁਆਉਣ ਲਈ ਕੁਝ ਨਹੀ
ਸਿਵਾਏ ਉਸ ਜ਼ਿੰਦਗੀ ਦੇ
ਜੋ ਹੋਰਨਾਂ ਵਾਂਗੂੰ ਜਿਉਣ ਨਾਲ
ਮੁਰਦਾ ਬਣ ਜਾਂਦੀ ਹੈ...

ਉਹ ਮਨੁੱਖ
ਜਿਸਦੇ ਬੱਚੇ ਸੜ ਰਹੇ ਹਨ
ਜਿਸਦੀਆਂ ਔਰਤਾਂ
ਪੱਥਰਾਂ ਦੀਆਂ ਭੇਟਾਂ ਹਨ
ਜਿਸ ਕੋਲ ਨਫਰਤ ਕਰਨ ਲਈ ਕੁਝ ਹੈ
ਜਿਵੇਂ - ਉਹ ਮੁਹੱਬਤ
ਜੋ ਹੋਰਨਾਂ ਵਾਂਗ ਕਰਨ ਨਾਲ
ਮੁਰਦਾ ਬਣ ਜਾਂਦੀ ਹੈ -
ਉਹ ਮਨੁੱਖ ਹਾਂ ਮੈਂ।

ਉਹ ਮਨੁੱਖ ਜੋ ਜਿੱਤੇਗਾ, ਮੈਂ ਹਾਂ
ਉਹ ਮਨੁੱਖ ਜੋ ਹੁਣ ਮਰ ਨਹੀਂ ਸਕਦਾ
ਉਹ ਮਨੁੱਖ ਜਿਸਨੇ
ਸਬਰ ਅਤੇ ਮੁਸਕਾਨਾਂ ਪਿੱਛੇ
ਇਕ ਲੰਬੀ ਕਾਲੀ ਇਨਸਾਫ਼ ਦੀ
ਬੰਦੂਕ ਢਾਲੀ ਹੈ
ਉਹ ਮਨੁੱਖ ਮੈਂ ਹਾਂ।

ਮੈਂ ਉਹ ਸਾਰੇ ਨਾਮ ਹਾਂ
ਜੋ ਜ਼ਿੰਦਗੀ ਲਈ ਮਰਦੇ
ਜ਼ਿੰਦਗੀ ਵਿਚ ਮੌਤ ਨਾਲੋਂ ਵੱਧ
ਵਿਸ਼ਵਾਸ ਪੈਦਾ ਕਰਦੇ ਹਨ
ਹਾਂ ਉਹ ਮਨੁੱਖ
ਜਿਸਨੇ ਰਾਤ ਉੱਤੇ ਵਾਰ ਕਰਨ ਲਈ
ਛੁਰਾ ਉਲਾਰਿਆ ਹੋਇਆ ਹੈ
ਉਹ ਕਾਲਾ ਮਨੁੱਖ ਮੈਂ ਹਾਂ।

ਅਨੁਵਾਦਕ
**ਸੁਰਿੰਦਰ**

# ਪੰਜਾਬੀ ਜਗਤ ਵਿਚ ਪਹਿਲੀ ਵਾਰੀ ਔਰਤਾਂ ਅਤੇ ਮਰਦਾਂ ਲਈ ਸੈਕਸ ਬਾਰੇ ਵਿਗਿਆਨਕ ਪੱਖੋਂ ਸਹੀ ਜਾਣਕਾਰੀ ਭਰਪੂਰ ਕਿਤਾਬ

# ਕਾਮ ਵਿਗਿਆਨ

## ਮਨੋਵਿਗਿਆਨੀ ਡਾ: ਰਾਜਪਾਲ ਸਿੰਘ

ਸਾਡੇ ਭਾਈਚਾਰੇ ਦੀ ਮੁੱਖ ਲੋੜ ਕਾਮ ਅਰਥਾਤ ਨਰ ਨਾਰੀ ਸੰਬੰਧਾਂ ਨੂੰ ਦੈਵੀ-ਦਾਨਵੀ ਪ੍ਰਸੰਗਾਂ ਤੋਂ ਮੁਕਤ ਕਰਕੇ ਸਤੁੰਲਿਤ ਮਾਨਵੀ-ਸੰਦਰਵਾਂ ਵਿਚ ਸਮਝਣ ਦੀ ਹੈ। ਡਾ: ਰਾਜਪਾਲ ਸਿੰਘ ਹੋਰਾਂ ਦੀ ਇਹ ਪੁਸਤਕ ਇਸੇ ਮੁਢਲੀ ਲੋੜ ਦੀ ਪੂਰਤੀ ਹਿਤ ਕੀਤਾ ਸਾਰਥਿਕ ਉਪਰਾਲਾ ਹੈ। ਹੱਥਲੀ ਪੁਸਤਕ ਜਿੱਥੇ ਆਪਣੇ ਵਿਸ਼ੇ-ਵਸਤੂ ਦੀ ਮਹੱਤਤਾ ਕਾਰਨ ਇੱਕ ਮੁੱਲਵਾਨ ਕਿਰਤ ਹੋ ਨਿੱਬੜੀ ਹੈ, ਉੱਥੇ ਪੰਜਾਬੀ ਬੋਲੀ ਦੀ ਪ੍ਰਗਟਾਊ-ਸਮਰਥਾ ਨੂੰ ਨਵੇਂ ਪਾਸਾਰ ਪ੍ਰਦਾਨ ਕਰਨ ਵਿਚ ਵੀ ਇਸਦਾ ਬੜਾ ਮਹੱਤਵਪੂਰਨ ਯੋਗਦਾਨ ਸਿੱਧ ਹੋਵੇਗਾ।

ਡਾ: ਸਾਧੂ ਸਿੰਘ

**...a pioneering effort to present such sensitive and intimate issues as the sexual relationship and the problem of sexual dysfunctions with elegance and in a culturally appropriate manner.**

(ਜਿਣਸੀ ਸੰਬੰਧਾਂ ਅਤੇ ਲਿੰਗ-ਵਿਗਾੜਾਂ ਨਾਲ ਸੰਬੰਧਿਤ ਬੜੇ ਹੀ ਨਾਜ਼ੁਕ ਅਤੇ ਨਿੱਜੀ ਮੁੱਦਿਆਂ ਨੂੰ ਸਭਿਆਚਾਰਕ ਪੱਖੋਂ ਢੁੱਕਵੀ ਭਾਸ਼ਾ ਵਿਚ ਬੜੇ ਸੁਚੱਜੇ ਢੰਗ ਨਾਲ ਪੇਸ਼ ਕਰਨ ਦੀ ਰਹਿਨੁਮਾ ਕੋਸ਼ਿਸ਼ ਲਈ ਮੈ ਡਾ: ਰਾਜਪਾਲ ਸਿੰਘ ਨੂੰ ਹਾਰਦਿਕ ਵਧਾਈ ਦੇਂਦਾ ਹਾਂ।)

**Dr. Arun Garg, M.D.**
**President B. C. Medical Association**

ਡਾ: ਰਾਜਪਾਲ ਸਿੰਘ ਦੀ ਇਹ ਪੁਸਤਕ ਸੈਕਸ ਬਾਰੇ ਸਰਲ, ਸਾਦਾ ਤੇ ਸਾਊ ਬੋਲੀ ਵਿਚ ਅਤਿ ਲੋੜੀਦੀ ਗੁੰਦਵੀ ਜਾਣਕਾਰੀ ਪੇਸ਼ ਕਰਦੀ ਹੋਈ ਪੰਜਾਬੀ ਭਾਈਚਾਰੇ ਵਿਚ ਕਾਮ ਨਾਲ ਸੰਬੰਧਿਤ ਭੁਲੇਖਿਆਂ ਤੇ ਭਰਮ-ਭ੍ਰਾਂਤੀਆਂ ਨੂੰ ਦੂਰ ਕਰਕੇ, ਸਾਡੇ ਦੰਪਤੀ-ਜੀਵਨ ਨੂੰ ਰਸੀਲਾ ਸਾਰਥਿਕ ਤੇ ਸੁਹੰਢਣਾ ਬਣਾਉਣ ਵਿਚ ਇਕ ਮੀਲ-ਪੱਥਰ ਸਿੱਧ ਹੋਏਗੀ।

ਪ੍ਰਕਾਸ਼ਕ

### ਹਿੱਸਾ ਪਹਿਲਾ

- ਸੈਕਸ ਜਾਣਕਾਰੀ ਦੀ ਲੋੜ
- ਢਲਦੀ ਉਮਰ
- ਔਰਤ ਅਤੇ ਮਰਦ ਦੇ ਅੰਗ
- ਨਸ਼ੇ
- ਔਰਗਾਜ਼ਮ/ਸੰਭੋਗ-ਸਿਖਰ
- ਮੌਖਿਕ-ਸੰਭੋਗ
- ਕਾਮ-ਇੱਛਾ ਅਤੇ ਖਿਆਲ-ਉਡਾਰੀ
- ਸੰਭੋਗ
- ਮਾਹਵਾਰੀ
- ਕਾਮ-ਸ਼ਾਸ਼ਤਰ
- ਵੀਰਜ ਦਾ ਜ਼ਾਇਆ ਜਾਣਾ (ਹੱਥ-ਰਸੀ, ਧਾਂਤ ਰੋਗ, ਸੁਪਨਦੋਸ਼)

### ਹਿੱਸਾ ਦੂਜਾ

- ਜਾਣਕਾਰੀ ਅਤੇ ਜੁਗਤੀ
- ਕਾਮ-ਸੰਭੋਗ ਪੱਖੋਂ ਠੰਢੀ ਔਰਤ
- ਨਾਰਮਲ/ਸਾਧਾਰਣ
- ਔਰਗਾਜ਼ਮ ਨਾਲ ਸੰਬੰਧਿਤ ਨੁਕਸ
- ਸੰਭੋਗ ਵੇਲੇ ਯੋਨੀ ਦਾ ਮੂੰਹ ਪੀਚਿਆ ਜਾਣਾ
- ਲਿੰਗ-ਵਿਗਾੜ
- ਲਿੰਗ-ਵਿਗਾੜਾਂ ਦੇ ਕਾਰਣ
- ਸੈਕਸ ਨਾਲ ਸੰਬੰਧਿਤ ਮਾਨਸਿਕ ਰੋਗ
- ਲਿੰਗ ਖੜ੍ਹਾ ਨਾ ਹੋਣਾ
- ਸ਼ੀਘਰ-ਪਤਨ
- ਦੀਰਘ ਪਤਨ
- ਏਡਜ਼
- ਸਹਾਇਤਾ ਕਿੱਥੋਂ ਮਿਲ ਸਕਦੀ ਹੈ?
- ਪਤੀ ਪਤਨੀ ਦੇ ਸੰਬੰਧ ਅਤੇ ਆਪਸੀ ਗੱਲਬਾਤ
- ਲਿੰਗ-ਵਿਗਾੜਾਂ ਨੂੰ ਦੂਰ ਕਰਨ ਦੀਆਂ ਵਿਧੀਆਂ

## Now available at your local video stores

ਇਕ ਹਿੱਸੇ ਦੀ ਕੀਮਤ **18.69 + 1.31** (ਟੈਕਸ) = **$20.00 ਕਨੇਡੀਅਨ** ਦੋਵੇਂ ਹਿੱਸੇ =**$40.00 ਕਨੇਡੀਅਨ**

## For Mail order Send Money Order or Cheque To:

**Punjabi-Hindi Health Press Inc.**
**Post Box #134, 6416 Fraser Street,**
**Vancouver, B.C. V5W 3A4 Canada.**

# ਪੁਰਸਲਾਤ*

**ਸਾਧੂ ਸਿੰਘ**

ਵਾਰਡ ਨੰਬਰ ਨੌਂ ਦਾ ਬੂਹਾ ਖੁੱਲ੍ਹਦਿਆਂ ਹੀ ਉਨ੍ਹਾਂ ਦਾ ਦਿਲ ਧੱਕ ਕਰ ਕੇ ਰਹਿ ਗਿਆ। ਚੱਠਾ ਸਾਹਿਬ ਦਾ ਬਿਸਤਰਾ ਖਾਲੀ ਸੀ ਤੇ ਸਾਈਡ ਟੇਬਲ ਤੇ ਉਨ੍ਹਾਂ ਦੀਆਂ ਚੀਜ਼ਾਂ ਖਿੱਲਰੀਆਂ ਪਈਆਂ ਸਨ। ਉਨ੍ਹਾਂ ਇਕ ਦੂਜੇ ਵੱਲ ਦੇਖਿਆ। ਅੱਖਾਂ ਵਿਚ ਅਨੇਕਾਂ ਸੁਆਲੀਆ ਨਿਸ਼ਾਨ। ਸਹਿਮ ਤੇ ਸੰਸਿਆਂ ਦੀ ਭਰਮਾਰ। ਸੰਦੇਹ ਨਾਲ ਤਣਿਆ ਮਹੌਲ। ਅਜੇਹੀ ਸਥਿਤੀ ਕਿਸੇ ਵੀ ਮੰਦੀ ਤੋਂ ਮੰਦੀ ਹੋਣੀ ਦੀ ਸੂਚਕ ਹੋ ਸਕਦੀ ਸੀ।

ਚੱਠਾ ਸਾਹਿਬ ਪਿਛਲੇ ਹਫਤੇ ਤੋਂ ਇਸ ਹਸਪਤਾਲ ਵਿਚ ਦਾਖਲ ਸਨ। ਅੱਸੀਆਂ ਤੋਂ ਉੱਪਰ ਉਮਰ। ਉੱਖੜਿਆ ਸਾਹ। ਵਧਿਆ ਹੋਇਆ ਖੂਨ ਦਾ ਦਬਾਓ। ਦਿਲ ਦੀ ਤਸ਼ਵੀਸ਼ਨਾਕ ਹਾਲਤ। ਕੰਧੀ ਉੱਤੇ ਰੁੱਖੜੇ ਨੂੰ ਡਿੱਗਣ ਲਈ ਐਵੇਂ ਹਲਕੇ ਜਿਹੇ ਬੁੱਲੇ ਦਾ ਹੀ ਬਹਾਨਾ ਚਾਹੀਦਾ ਹੁੰਦਾ ਹੈ।

"ਕਿਤੇ ਗੁਸਲਖਾਨੇ ਜਾਣ ਦੀ ਕੋਸ਼ਿਸ਼ ਨਾ ਕੀਤੀ ਹੋਏ", ਸੁਰਿੰਦਰ ਨੇ ਡਿਗਦੇ ਮਨ ਨੂੰ ਤੀਲੇ ਦਾ ਸਹਾਰਾ ਦਿੰਦਿਆਂ ਆਖਿਆ। "ਸ਼ਾਇਦ"। ਕੁੰਦਨ ਨੇ ਉਹਦੀ ਆਸ ਨੂੰ ਨਿਰਬਲ ਜਿਹਾ ਠੁੰਮ੍ਹਣਾ ਦਿੱਤਾ।

ਸੁਰਿੰਦਰ ਗੁਸਲਖਾਨੇ ਵਲ ਜਾਣ ਲਈ ਅਹੁਲਿਆ ਹੀ ਸੀ। ਬੈੱਡ ਨੰਬਰ 21 ਤੋਂ ਇਕ ਮਧੱਮ ਜੇਹੀ ਆਵਾਜ਼ ਆਈ, "ਮਿਸਟਰ ਸਿੰਘ"। ਉਹ ਦੋਨੋਂ ਉਸ ਬਿਰਧ ਦੀ ਪੁਆਂਦੀ ਜਾ ਖਲੋਏ। ਬਿਰਧ ਆਪਣੇ ਮੰਜੇ ਦੇ ਤਕੀਏ ਨਾਲ ਢਾਸਣਾ ਲਾ ਕੇ ਲੱਤਾਂ ਪਸਾਰੀ ਬੈਠਾ ਸੀ। ਨੱਕ ਦੀ ਘੋੜੀ ਤੇ ਐਨਕਾਂ ਥਾਂ-ਸਿਰ ਕਰਦਿਆਂ ਉਸ ਨੇ ਦੱਸਿਆ ਕਿ ਪੰਜ ਸੱਤ ਮਿੰਟ ਪਹਿਲਾਂ ਚੱਠਾ ਸਾਹਿਬ ਆਪਣੇ ਬਿਸਤਰੇ ਤੋਂ ਉੱਠੇ ਸਨ। ਖੌਰੇ ਵਾਸ਼-ਰੂਮ ਜਾਣਾ ਚਾਹੁੰਦੇ ਹੋਣ। ਧਰਤੀ ਤੇ ਪੈਰ ਲਾਉਂਦਿਆਂ ਹੀ ਉਹ ਘੁਮੇਟਣੀ ਖਾ ਕੇ ਧੜੰਮ ਦੇਣੀ ਭੁੰਜੇ ਡਿਗ ਪਏ ਸਨ। ਸ਼ਾਇਦ ਬੇਹੋਸ਼ ਹੋ ਗਏ ਸਨ। ਝੱਟ ਕੁ ਪਹਿਲਾਂ ਹੀ ਨਰਸਾਂ ਉਹਨਾਂ ਨੂੰ ਸਟ੍ਰੈਚਰ ਤੇ ਪਾ ਕੇ ਲੈ ਗਈਆਂ ਸਨ। ਸ਼ਾਇਦ ਇੰਟੈਂਸਿਵ ਕੇਅਰ ਵਿਚ ਹੋਣ। "ਤੁਸੀਂ ਸਟਾਫ ਨਰਸ ਤੋਂ ਪਤਾ ਕਰੋ।" ਬੋਲਦਾ ਬੋਲਦਾ ਮਰੀਜ਼ ਬਿਰਧ ਆਪ ਬੜਾ ਨਿਢਾਲ ਹੋ ਗਿਆ ਸੀ।

"ਥੈਂਕ ਯੂ ਸਰ।"

ਤੇ ਉਹ ਦੋਨੋਂ ਡੂਰਲੇ ਕਦਮ ਭਰਦੇ ਸਟਾਫ ਨਰਸ ਦੇ ਦਫਤਰ ਵਲ ਤੁਰ ਪਏ ਸਨ। ਉਨ੍ਹਾਂ ਨੂੰ ਦੇਖਣ ਸਾਰ ਹੀ ਸਟਾਫ ਨਰਸ ਨੇ ਆਪੇ ਦੱਸਣਾ ਸ਼ੁਰੂ ਕਰ ਦਿੱਤਾ ਸੀ ਕਿ ਚੱਠਾ ਸਾਹਿਬ ਡਿਗ ਕੇ ਬੇਹੋਸ਼ੀ ਦੀ ਹਾਲਤ ਵਿਚ ਲਿਆਂਦੇ ਗਏ ਸਨ। ਇੰਟੈਂਸਿਵ ਕੇਅਰ ਵਿਚ ਨੇ। ਕਿਸੇ ਵੀ ਪਲ ਕੁੱਝ ਵੀ ਹੋ ਸਕਦਾ ਸੀ।

"ਉਨ੍ਹਾਂ ਦੀ ਬੇਟੀ ਨੂੰ ਸੱਦੀਏ?"

"ਹਾਂ, ਇਕ ਦਮ, ਬਿਨਾਂ ਕਿਸੇ ਦੇਰੀ ਦੇ, ਜੇ ਠੀਕ ਸਮਝੋ ਤਾਂ ਆਪਣੇ ਪਾਦਰੀ ਨੂੰ ਵੀ।" ਨਰਸ ਇੱਕੋ ਸਾਹੇ ਸਭ ਕੁਝ ਆਖ ਗਈ ਸੀ। ਉਹਦੇ ਬੋਲਾਂ ਵਿਚ ਬਹੁਤ ਕੁਝ ਅਣਕਿਹਾ ਵੀ ਸ਼ਾਮਿਲ ਸੀ।

ਸਰਦਾਰ ਕਰਤਾਰ ਸਿੰਘ ਚੱਠਾ ਹੋਰਾਂ ਦੀ ਇਕਲੌਤੀ ਬੇਟੀ, ਕਮਲਜੀਤ ਨੇ ਉਨ੍ਹਾਂ ਦੀ ਸੇਵਾ-ਸੰਭਾਲ ਵਿਚ ਆਪਣੇ ਵਲੋਂ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਜਿਸ ਦਿਨ ਤੋਂ ਹਸਪਤਾਲ ਵਿਚ ਦਾਖਲ ਹੋਏ ਸਨ, ਉਹ ਹਰ ਘੜੀ, ਉਨ੍ਹਾਂ ਦੇ ਪਰਛਾਵੇਂ ਵਾਂਗ ਅੰਗ-ਸੰਗ ਸੀ। ਪੇਸ਼ੇ ਵਜੋਂ, ਉਹ ਖੁਦ ਨਰਸ ਸੀ। ਨਰਸ ਧੀ ਤੋਂ ਵੱਧ ਆਪਣੇ ਪਿਤਾ ਦੀ ਤੀਮਾਰਦਾਰੀ ਹੋਰ ਕੌਣ ਕਰ ਸਕਦਾ ਹੈ ਭਲਾ। ਚੱਠਾ ਸਾਹਿਬ ਆਪਣੀ ਧੀ ਦੇ ਸਮ੍ਰਪਿਤ ਸੇਵਾ-ਭਾਵ ਤੋਂ ਬੜੇ ਸੰਤੁਸ਼ਟ ਸਨ। ਜਦ ਕਦੇ ਵੀ ਉਸ ਵਲ ਵਿੰਹਦੇ, ਉਨ੍ਹਾਂ ਦੀਆਂ ਅੱਖਾਂ ਤਸੱਲੀ ਤੇ ਡੂੰਘੇ ਸ਼ੁਕ੍ਰਾਨੇ ਦੇ ਭਾਵਾਂ ਨਾਲ ਤਰ-ਬ-ਤਰ ਹੁੰਦੀਆਂ ਸਨ।

ਕਈ ਰਾਤਾਂ ਦੀ ਖੜ੍ਹੇ-ਪੈਰ ਸੇਵਾ ਦੀ ਥਕਾਵਟ। ਅੱਖਾਂ ਵਿਚ ਕਈ ਰਾਤ-ਜਾਗਿਆਂ ਦੀ ਰੜਕ। ਉਹਨੂੰ ਨ੍ਹਾਉਣ ਧੋਣ ਦੀ ਤਾਂ ਕੋਈ ਸੁਧ ਬੁਧ ਹੀ ਨਹੀਂ ਸੀ ਰਹੀ।

ਅੱਜ ਸਵੇਰੇ ਉਹਦੇ ਭਾਪਾ ਜੀ ਦੀ ਹਾਲਤ ਆਮ ਨਾਲੋਂ ਕਾਫੀ ਸਥਿਰ ਸੀ। ਸਾਹ ਟਿਕਵਾਂ ਸੀ ਤੇ ਉਹ ਡੂੰਘੀ ਨੀਂਦ ਵਿਚ ਸੁੱਤੇ ਪਏ ਸਨ।

"ਸੁਰਿੰਦਰ, ਤੁਸੀਂ ਘੰਟੇ ਕੁ ਲਈ ਹਸਪਤਾਲ ਆ ਜਾਇਓ। ਮੈਂ ਜ਼ਰਾ ਘਰ ਗੇੜਾ ਮਾਰ ਆਵਾਂਗੀ। ਭਾਪਾ ਜੀ ਅੱਜ ਕਾਫੀ ਠੀਕ ਲਗਦੇ ਨੇ।"

"ਤੂੰ ਹੁਣੇ ਤੁਰ ਪਾ, ਮੈਂ ਕੁੰਦਨ ਨੂੰ ਨਾਲ ਲੈ ਕੇ ਆਉਨਾਂ। ਜ਼ਰਾ ਵਾਸ਼-ਰੂਮ ਗਿਆ।"

ਤੇ ਇਸ ਆਉਣ ਜਾਣ ਵਿਚ ਪੰਜ ਦਸ ਮਿੰਟ ਦੇ ਵਕਫੇ ਲਈ ਹੀ ਚੱਠਾ ਸਾਹਿਬ ਹਸਪਤਾਲ ਵਿਚ ਇਕੱਲੇ ਰਹੇ ਸਨ ਤੇ ਉੱਪਰੋਂ ਆਹ ਭਾਣਾ ਵਾਪਰ ਗਿਆ ਸੀ।

ਕਮਲਦੀਪ ਨੇ ਘਰ ਆ ਕੇ ਕਾਹਲੀ ਕਾਹਲੀ ਪਿੰਡੇ ਪਾਣੀ ਪਾਇਆ। ਕੱਪੜੇ ਬਦਲੇ। ਬੱਚੇ ਸਕੂਲ ਗਏ ਹੋਏ ਸਨ। ਪਤਾ ਨਹੀਂ ਕਈ ਦਿਨਾਂ ਤੋਂ ਚੱਜ ਹਾਲ ਨਾਲ ਕੁੱਝ ਖਾਧਾ ਵੀ ਹੋਏ ਕਿ ਨਾ। 'ਥੋੜ੍ਹੀ ਜੇਹੀ ਸਬਜ਼ੀ ਹੀ ਕਿਉਂ ਨਾ ਬਣਾ ਜਾਵਾਂ'। ਗੋਭੀ ਚੀਰਨ ਲਈ ਉਸਨੇ ਚਾਕੂ ਹਾਲੇ ਚੁੱਕਿਆ ਹੀ ਸੀ ਕਿ ਟੈਲੀਫੋਨ ਦੀ ਘੰਟੀ ਖੜਕੀ।

"ਹੈਲੋ"

"ਹੈਲੋ, ਕਮਲਦੀਪ, ਜ਼ਰਾ ਭਾਪਾ ਜੀ ਦੀ ਹਾਲਤ ਠੀਕ ਨਹੀਂ, ਹੁਣੇ ਆ ਜਾ।"

ਸੱਭ ਕੁੱਝ ਵਿੱਚੇ ਛੱਡ ਕੇ ਉਹ ਹਸਪਤਾਲ ਪਹੁੰਚ ਗਈ ਸੀ। ਬੂਹਾ ਵੀ ਸ਼ਾਇਦ ਠੀਕ ਤਰ੍ਹਾਂ ਭੀੜਿਆ ਗਿਆ ਹੋਵੇ ਕਿ ਨਾ। ਉਹਦਾ ਪਰਸ ਵੀ ਘਰੇ ਰਹਿ ਗਿਆ ਸੀ। ਹਸਪਤਾਲ ਦੇ ਨਾਲ ਦਾ ਚੌਰਾਹਾ ਸ਼ਾਇਦ ਉਹ ਲਾਲ ਬੱਤੀ ਜਗਦਿਆਂ ਹੀ ਪਾਰ ਕਰ ਗਈ ਸੀ। ਇੱਕੋ ਵਾਰ ਕਈ ਕਾਰਾਂ ਦੇ ਹਾਰਨ ਹੌਕੇ ਸਨ। ਪਰ ਉਹਨੂੰ ਕੁਝ ਸੁਣਨ ਦੀ ਸੁਧ-ਬੁਧ ਹੀ ਨਹੀਂ ਸੀ ਜਾਪਦੀ। ਹਸਪਤਾਲ ਦੀ ਇਮਾਰਤ ਤੋਂ ਬਿਨਾਂ ਉਹਨੂੰ ਕੁਝ ਦਿਸਦਾ ਹੀ ਨਹੀਂ ਸੀ ਤੇ ਉਹਦੇ ਕੰਨ ਸੁਰਿੰਦਰ ਦੇ ਇਨ੍ਹਾਂ ਬੋਲਾਂ ਨੇ ਹੀ ਪੂਰੀ ਤਰ੍ਹਾਂ ਮੱਲੇ ਹੋਏ ਸਨ। "... ਭਾਪਾ ਜੀ ਦੀ ਹਾਲਤ ਠੀਕ ਨਹੀਂ, ਹੁਣੇ ਆ ਜਾ ... ।"

ਹਸਪਤਾਲ ਦੇ ਬਾਹਰਲੇ ਹਾਤੇ ਵਿਚ ਉਹਨੇ ਕਾਹਲੀ ਨਾਲ ਕਾਰ ਪਾਰਕ ਕੀਤੀ। ਬੂਹਾ ਵੜਦਿਆਂ ਹੀ, ਲਿਫਟ ਦਾ ਬਟਨ ਨੱਪਿਆ। ਬੂਹਾ ਖੁਲ੍ਹਦਿਆਂ ਹੀ ਉਹਨੇ ਅੱਠਵੀਂ ਮੰਜ਼ਿਲ ਦਾ ਬਟਨ ਦਬਾਇਆ। ਨਾਲ ਖੜ੍ਹੀ ਨਰਸ ਨੇ ਪੰਜਵੀਂ ਮੰਜ਼ਿਲ ਦਾ ਬਟਨ ਦਬਾ ਦਿੱਤਾ। ਉਹ ਉਸ ਵਲ ਘੂਰੀ। ਇਕ ਵਾਰ ਫਿਰ ਜ਼ੋਰ ਦੇ ਕੇ ਅੱਠਵੀਂ ਮੰਜ਼ਿਲ ਦਾ ਬਟਨ ਦਬਾਇਆ।

ਇਹ ਲਿਫਟ ਅੱਜ ਜੂੰ ਦੀ ਤੋਰੇ ਕਿਉਂ ਤੁਰ ਰਹੀ ਸੀ? ਮਸਾਂ ਮਸਾਂ ਕਰਕੇ ਅੱਠਵੀਂ ਮੰਜ਼ਿਲ ਆਈ ਸੀ।

ਬੂਹਾ ਖੁੱਲ੍ਹਣ ਸਾਰ ਹੀ ਉਹ ਧਾ ਕੇ ਬਾਹਿਰ ਨਿਕਲੀ ਤੇ ਅੱਧ ਵਿਚਕਾਰ ਹੀ ਉਹਨੂੰ ਇਕ ਜਾਣੀ-ਪਛਾਣੀ ਨਰਸ ਨੇ ਆਪਣੀ ਬੁੱਕਲ ਵਿਚ ਬੋਚ ਲਿਆ। ਬੜੀ ਨਰਮੀ ਨਾਲ ਪਰਚਾਉਣੀ ਕਰਦਿਆਂ ਉਸ ਕਿਹਾ ਸੀ, "ਕਮਲ ਸੰਭਲ

*ਪੁਲ ਸਿਰਾਤ, ਦੋਜ਼ਖ ਦੀ ਅੱਗ ਉੱਤੇ ਬਣਿਆਂ ਵਾਲ ਤੋਂ ਬਰੀਕ ਪੁਲ ਜਿਸ ਤੋਂ ਸਭ ਨੂੰ ਲੰਘਣਾ ਪੈਂਦਾ ਹੈ। ਬਾਬਾ ਫਰੀਦ ਹੋਰਾਂ ਆਪਣੀ ਬਾਣੀ ਵਿਚ ਪੁਲ-ਸਿਰਾਤ ਦੇ ਤਦਭਵੀ ਰੂਪ, ਪੁਰਸਲਾਤ ਦੀ ਵਰਤੋਂ ਕੀਤੀ ਹੈ।

ਜ਼ਰਾ। ਰੱਬ ਦਾ ਭਾਣਾ ਹੈ।"

"ਕੀ?"

ਕੀ ਉਹਦੇ ਆਉਣ ਤੋਂ ਪਹਿਲਾਂ ਹੀ ਭਾਣਾ ਵਰਤ ਗਿਆ ਸੀ? ਉਹ ਤਾਂ ਬੀਤਿਆ ਸਾਰਾ ਹਫਤਾ ਹੀ ਪੁਰਸਲਾਤ ਤੇ ਬੜਾ ਸੰਭਲ ਸੰਭਲ ਕੇ ਤੁਰੀ ਸੀ। ਬੱਸ ਥੋੜ੍ਹਾ ਜੇਹਾ ਹੀ ਅਵੇਸਲਾਪਣ। ਤੇ ਇਸ ਨਿੱਕੇ ਜੇਹੇ ਵਕਫੇ ਵਿਚ ਹੀ ਸੱਭ ਕੁੱਝ ਭਸਨਾ-ਭੂਸ ਹੋ ਗਿਆ ਸੀ। ਡਉਰ-ਭਉਰ ਹੋਈਆਂ ਉਸਦੀਆਂ ਅੱਖਾਂ ਸਾਹਮਣੇ ਭੰਬਰ ਤਾਰੇ ਨੱਚ ਰਹੇ ਸਨ।

ਸੁਰਿੰਦਰ ਨੇ ਉਹਨੂੰ ਨਰਸ ਦੀ ਬੁੱਕਲ ਚੋਂ ਸੰਭਾਲਿਆ। ਮੋਢੇ ਦਾ ਸਹਾਰਾ ਦੇ ਕੇ ਮਸੀਂ ਉਹਨੂੰ ਵੇਟਿੰਗ ਰੂਮ ਵਿਚ ਲਿਆਂਦਾ। ਸੁਰਿੰਦਰ ਦੇ ਮੋਢੇ ਤੇ ਸਿਰ ਸੁੱਟੀ ਢੇਰੀ ਹੋਈ ਕਮਲ ਦੀ ਜਿਵੇਂ ਸਾਰੀ ਦੇਹ ਮਿੱਟੀ ਹੋ ਗਈ ਹੋਵੇ। ਉਹਦਾ ਰੋਣ ਥੰਮ੍ਹਿਆ ਨਹੀਂ ਸੀ ਜਾਂਦਾ। ਕੋਈ ਤਿਫਲ ਤਸੱਲੀ ਉਹਦੇ ਬੇਰੋਕ ਹੰਝੂਆਂ ਹਟਕੋਰਿਆਂ ਨੂੰ ਬੰਨ੍ਹ ਨਹੀਂ ਸੀ ਮਾਰ ਸਕੀ। ਸੁਰਿੰਦਰ ਮੋਢੇ ਲੱਗੀ ਕਮਲ ਦਾ ਸਿਰ ਪਲੋਸਦਾ ਰਿਹਾ। 'ਬੱਸ ਕਮਲ ਬੱਸ', ਇਸ ਤੋਂ ਅਗਾਂਹ ਉਹ ਆਪ ਕੁਝ ਨਹੀਂ ਸੀ ਕਹਿ ਸਕਿਆ। ਉਹਦਾ ਆਪਣਾ ਗਲਾ ਰੁੰਧ ਗਿਆ ਜਾਪਦਾ ਸੀ। ਕੋਲ ਬੈਠੇ ਉਹਦੇ ਦੋਸਤ ਨੂੰ ਕੋਈ ਸ਼ਬਦ ਨਹੀਂ ਸਨ ਔੜ ਰਹੇ। ਸੰਘਣੇ ਸੋਗ ਨਾਲ ਧੁੰਦਲਾਏ ਮਹੌਲ ਵਿਚ ਉਹ ਆਪਣੇ ਥਾਂ ਪੱਥਰ ਦਾ ਬੁੱਤ ਬਣਿਆਂ ਬੈਠਾ ਸੀ।

ਕਾਫੀ ਦੇਰ ਬਾਅਦ, ਹੰਝੂਆਂ ਦੇ ਸਿਲਸਿਲੇ ਵਿਚ ਰਤਾ ਮਾਸਾ ਢਿੱਲ ਪੈਣ ਮਗਰੋਂ ਕਮਲ ਜ਼ਰਾ ਸੰਭਲੀ।

"ਮੈਂ ਗਈ ਹੀ ਕਿਉਂ ਘਰ? ਅੱਗੇ ਏਨੇ ਦਿਨ ਨਹੀਂ ਸੀ ਗਈ ਤਾਂ ਸਰਦਾ ਹੀ ਪਿਆ ਸੀ।" ਅੰਤਿਮ ਘੜੀ ਵੇਲੇ ਦੀ ਗੈਰ ਹਾਜ਼ਰੀ ਉਹਦੇ ਦਿਲ ਨੂੰ ਸੱਲ੍ਹ ਰਹੀ ਸੀ। "ਪਤਾ ਨਹੀਂ ਕੀ ਹੋਵੇ ਉਸ ਵੇਲੇ ਹਾਲਤ ਭਾਪਾ ਜੀ ਦੀ! ਸ਼ਾਇਦ ਉਹਨਾਂ ਮੈਨੂੰ ਕੁਝ ਕਹਿਣਾ ਹੀ ਹੋਵੇ। ਉਨ੍ਹਾਂ ਵਾਜਾਂ ਜ਼ਰੂਰ ਮਾਰੀਆਂ ਹੋਣੀਆਂ ਨੇ। ਤੇ ਅਖੀਰ ਵੇਲੇ ਮੈਂ ਹੁੰਘਾਰਾ ਦੇਣ ਲਈ ਵੀ ਹਾਜ਼ਿਰ ਨਹੀਂ ਸਾਂ।" ਕਮਲ ਦੇ ਹੰਝੂਆਂ ਦੀ ਧਾਰਾ ਫੇਰ ਵੱਗ ਪਈ ਸੀ।

"ਨਾ ਕਮਲ, ਏਹ ਦੁੱਖ ਨਾ ਤੂੰ ਲਾ ਆਪਣੇ ਦਿਲ ਨੂੰ। ਉਹਨਾਂ ਦੀ ਸੰਭਾਲ ਵਿਚ ਤੂੰ ਕੋਈ ਕਸਰ ਨਹੀਂ ਛੱਡੀ। ਕੰਮ ਦੀ ਤੂੰ ਕੋਈ ਪਰਵਾਹ ਨਹੀਂ ਕੀਤੀ। ਰੀਫ੍ਰੈਸ਼ਰ ਕੋਰਸ ਤੂੰ ਅੱਧ-ਵਿਚਾਲੇ ਛੱਡ ਦਿੱਤਾ। ਤੇ ਅੰਤਿਮ ਘੜੀ ਦਾ ਕਿਹਨੂੰ ਅਨੁਮਾਨ ਹੁੰਦਾ ਹੈ? ਸ਼ਾਇਦ ਵਲੀਆਂ, ਅਉਲੀਆਂ ਨੂੰ ਵੀ ਨਹੀਂ। ਤੈਨੂੰ ਪਤਾ ਹੁੰਦਾ ਤੂੰ ਕਿਤੇ ਘਰ ਜਾਂਦੀ! ਮੌਤ ਦੀ ਘੜੀ ਦਾ ਕੋਈ ਪਤਾ ਹੀ ਤਾਂ ਨਹੀਂ ਹੁੰਦਾ। ਨਾਲੇ ਤੇਰੇ ਜਾਣ ਵੇਲੇ ਤਾਂ ਉਹ ਠੀਕ ਠਾਕ ਸਨ। ਕਿਸੇ ਨੂੰ ਕੀ ਪਤਾ ਸੀ ਕਿ ਮਗਰੋਂ ਆਹ ਭਾਣਾ ਵਰਤ ਜਾਣਾ ਹੈ।" ਕੁੰਦਨ ਨੇ ਆਪਣੇ ਵਲੋਂ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ।

ਕੁੰਦਨ ਦੇ ਬੋਲਾਂ ਦੀ ਤਾਸੀਰ ਕੁਝ ਕੂਲੇ ਫੈਹਿਆਂ ਵਾਂਗ ਠੰਢ ਪਾਉਣ ਵਾਲੀ ਸੀ ਤੇ ਉਹ ਉਸਨੇ ਉਚਾਰੇ ਹੀ ਦਿਲ ਦੇ ਕੁਝ ਉਸ ਡੂੰਘੇ ਤਲ ਚੋਂ ਸਨ, ਜਿੱਥੋਂ ਆਏ ਬੋਲ ਬੇਅਸਰ ਨਹੀਂ ਹੁੰਦੇ। ਕਮਲ ਦੀ ਕੁਝ ਢਾਰਸ ਬੱਝੀ ਤੇ ਉਹ ਕਿੰਨੀ ਦੇਰ ਆਪਣੇ ਪਿਤਾ ਦੇ ਹਸਪਤਾਲ ਵਿਚ ਬਿਤਾਏ ਅੰਤਿਮ ਦਿਨਾਂ ਬਾਰੇ ਬਾਲੜੀਆਂ ਵਾਂਗ ਨਿੱਕੀਆਂ ਨਿੱਕੀਆਂ ਗੱਲਾਂ ਕਰਦੀ ਰਹੀ।

"ਉਂਦਾਂ ਭਾਪਾ ਜੀ ਪਿਛਲੇ ਦਿਨੀਂ ਸੀਗੇ ਪੂਰੀ ਤਸੱਲੀ ਵਿਚ। ਉਨ੍ਹਾਂ ਦੇ ਮਨ ਵਿਚ ਝੋਰਾ ਕੋਈ ਨਹੀਂ ਸੀ। ਪਰਸੋਂ ਮੇਰੇ ਹੱਥ ਪਲੋਸਦੇ ਕਹਿਣ ਲੱਗੇ – "ਤੂੰ ਤਾਂ ਮੇਰਾ ਪੁੱਤ ਹੈਂ ਕਮਲ, ਸਰਵਣ ਪੁੱਤ। ਜਿੱਦਾਂ ਤੂੰ ਮੇਰੀ ਵਹਿੰਗੀ ਢੋਈ ਆ, ਸਰਵਣ ਨੇ ਵੀ ਕੀ ਢੋਈ ਹੋਣੀ ਆਂ।"

ਇਹ ਕਹਿੰਦੇ ਹੀ ਉਹ ਅਚਾਨਕ ਉਦਾਸ ਹੋ ਗਏ ਸਨ। ਕਹਿੰਦੇ, "ਓਦਾਂ ਰੱਬ ਹੁਣ ਚੱਕ ਹੀ ਲਏ ਤਾਂ ਚੰਗਾ। ਧੀ ਦਾ ਘਰ ਫੇਰ ਵੀ ਧੀ ਦਾ ਹੀ ਘਰ ਹੁੰਦਾ ਹੈ।"

ਕਮਲ ਇਹ ਕਹਿੰਦੀ ਆਪ ਬੜੀ ਉਦਾਸ ਹੋ ਗਈ ਸੀ। ਉਹਨੇ ਤਾਂ ਆਪਣੇ ਵਲੋਂ ਆਪਣੇ ਮਾਪਿਆਂ ਦਾ ਪੁੱਤ ਬਣਨ ਵਿਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਉਹ ਔਰਤ ਸੀ, ਤਾਂ ਇਸ ਵਿਚ ਉਹਦਾ ਕੀ ਦੋਸ਼?

"ਇਹ ਤਾਂ ਕਮਲ ਐਵੇਂ ਵਾਧੂ ਦੇ ਫਰਕ ਨੇ। ਕੀ ਫਰਕ ਰਹਿ ਗਿਆ ਅੱਜ ਕੱਲ ਧੀਆਂ ਪੁੱਤਰਾਂ ਵਿਚ। ਔਲਾਦ ਔਲਦਾ ਹੀ ਹੁੰਦੀ ਹੈ। ਧੀ ਹੋਵੇ ਜਾਂ ਪੁੱਤ – ਬੱਸ ਨੇਕ ਹੋਵੇ। ਪੁੱਤ ਕਿਹੜੇ ਕਪੁੱਤ ਨਹੀਂ ਹੁੰਦੇ ...।"

"ਪਰ ਨਹੀਂ ਭਾਅ ਜੀ, ਜਿਸ ਦਿਨ ਦੇ ਨਸੀਬ ਸਿੰਘ ਭਾਅ ਜੀ ਇੰਡੀਆ ਤੋਂ ਆਏ ਹਨ, ਭਾਪਾ ਜੀ ਕੁੱਝ ਇਹੋ ਜਿਹੀਆਂ ਗੱਲਾਂ ਵਧੇਰੇ ਹੀ ਕਰਨ ਲੱਗ ਪਏ ਸਨ। ਕਿਤੇ ਭਾਅ ਜੀ ਨੇ ਭਾਪਾ ਜੀ ਨੂੰ ਕੁਝ ਕਹਿ ਨਾ ਦਿੱਤਾ ਹੋਵੇ।"

"ਛੱਡ ਪਰੇ ਨਸੀਬ ਭਾਅ ਜੀ ਦੀ ਗੱਲ। ਉਹ ਕੋਈ ਸਾਥੋਂ ਗੁੱਝੇ ਨਹੀਂ, ਜਿਹੋ ਜਿਹੇ ਨੇ", ਸੁਰਿੰਦਰ ਨੂੰ ਸ਼ਾਇਦ ਆਪਣੇ ਵੱਡੇ ਭਾਈ ਦੇ ਵਿਵਹਾਰ ਤੇ ਆਪ ਕੋਈ ਡੂੰਘਾ ਗਿਲਾ ਸੀ। ਪਰ ਇਹ ਵੇਲਾ ਗਿਲਿਆਂ ਨੂੰ ਨੌਲਣ ਗੌਲਣ ਦਾ ਨਹੀਂ ਸੀ। ਉਹਨੇ ਆਪਣੀ ਗੱਲ ਦਿਲ ਵਿਚ ਹੀ ਨੱਪੀ ਰੱਖਣੀ ਬੇਹਤਰ ਸਮਝੀ।

"ਨਸੀਬ ਸਿੰਘ ਨੇ ਕਿਹੜਾ ਸਾਡੇ ਕੋਲ ਡੇਰਾ ਲਾ ਰੱਖਣਾ। ਕੁਝ ਦਿਨਾਂ ਲਈ ਮਹਿਮਾਨ ਹੈ। ਆਪਾਂ ਕਿਸੇ ਨਾਲ ਬੋਲ-ਵਿਗਾੜ ਹੋ ਕੇ ਕੀ ਲੈਣਾ।"

"ਲੈਣਾ ਤਾਂ ਕੁਝ ਨਹੀਂ ਪਰ ਓਦਾਂ ..."

"ਛੱਡੋ ਪਰੇ ਇਹ ਗੱਲ। ਭੋਗ ਪਾਓ। ਆਪਾਂ ਭਾਪਾ ਜੀ ਦੀ ਦੇਹ ਸੰਭਾਲਣ ਦਾ ਕੁਝ ਕਰੀਏ। ਬੜੀ ਲੰਮੀ ਚੌੜੀ ਕਾਰਵਾਈ ਹੁੰਦੀ ਏ ਏਥੇ ਹਸਪਤਾਲਾਂ ਦੀ। ਆਪਾਂ ਪਤਾ ਕਰੀਏ।"

ਉਹ ਚਾਰੇ ਜਣੇ ਬਾਹਿਰ ਆਏ। ਕਮਲ ਨੇ ਸਟਾਫ ਨਰਸ ਨਾਲ ਚੱਠਾ ਸਾਹਿਬ ਦੀ ਡੈੱਡ ਬਾਡੀ ਬਾਰੇ ਗੱਲ ਛੇੜੀ।

"ਡੈੱਡ ਬਾਡੀ, ਹੂਜ਼ ਡੈੱਡ ਬਾਡੀ? ਮਿਸਟਰ ਚੱਠਾ ਇਜ਼ ਵੈਰੀ ਮੱਚ ਅਲਾਇਵ! ਹੀ ਇਜ਼ ਇਨ ਦਾ ਇੰਟੈਂਸਿਵ ਕੇਅਰ ਯੂਨਿਟ। ਦਾ ਡੌਕਟਰਜ਼ ਆਰ ਟੇਕਿੰਗ ਕੇਅਰ ਆਫ ਹਿਮ।"

ਹੈਂ! ਤੇ ਚੱਠਾ ਸਾਹਿਬ ਜ਼ਿੰਦਾ ਨੇ? ਤੇ ਫੇਰ ਓਸ ਨਰਸ ਨੇ 'ਭਾਣਾ ਮੰਨਣ' ਦੀ ਕੀ ਗੱਲ ਕੀਤੀ ਸੀ? ਇਹੋ ਜਿਹੀਆਂ ਗੱਲਾਂ ਤਾਂ ਹਸਪਤਾਲ ਦੀਆਂ ਨਰਸਾਂ ਕਿਸੇ ਦੇ 'ਟੁਰ ਜਾਣ' ਤੇ ਕਰਦੀਆਂ ਹੁੰਦੀਆਂ ਨੇ। ਕਮਲ ਖੁਦ ਨਰਸ ਸੀ! ਸ਼ਾਇਦ ਉਹਨੂੰ ਕਹਿਣ ਜਾਂ ਕਮਲ ਨੂੰ ਸੁਣਨ ਸਮਝਣ ਵਿਚ ਕੋਈ ਟਪਲਾ ਲੱਗਾ ਹੋਵੇ। ਪਰ ਕਿੰਨਾ ਫਰਕ ਹੈ ਇਸ ਟਪਲੇ ਦੇ ਲੱਗਣ ਨਾ ਲੱਗਣ ਵਿਚ। ਜ਼ਿੰਦਗੀ ਤੇ ਮੌਤ ਜਿੰਨਾ ਫਰਕ।

ਸਟਾਫ ਨਰਸ ਨੇ ਉਹਨਾਂ ਨੂੰ ਦੱਸਿਆ ਸੀ ਕਿ ਡਿੱਗਣ ਸਾਰ ਮਿਸਟਰ ਚੱਠਾ ਦੇ ਸਾਹ ਤੇ ਹਿਰਦੇ ਦੀ ਗਤੀ ਜ਼ਰੂਰ ਬੰਦ ਹੋ ਗਈ ਸੀ। ਪਰ ਉਹਨਾਂ ਨੂੰ ਵੇਲੇ ਸਿਰ ਇੰਟੈਂਸਿਵ ਕੇਅਰ ਯੂਨਿਟ ਵਿਚ ਲਿਆ ਕੇ, ਡਾਕਟਰਾਂ ਨੇ ਉਨ੍ਹਾਂ ਦਾ ਸਾਹ ਮੁੜ-ਚਾਲੂ ਕਰ ਲਿਆ ਸੀ। ਉਹ ਹੁਣ ਲਾਈਫ ਸਪੋਰਟ ਤੇ ਨੇ।

ਅੱਛਾ! ਤੇ ਭਾਪਾ ਜੀ ਹਾਲੇ ਜੀਉਂਦੇ ਨੇ!

ਪੁਲ-ਇ-ਸਰਾਤ ਤੋਂ ਉਨ੍ਹਾਂ ਦੀ ਰੂਹ ਮੁੜ ਜੀਵਨ-ਖੇਤਰ ਵਿਚ ਪਰਤ ਆਈ ਏ। ਕਮਲ ਦੇ ਮਨ ਤੋਂ ਮਣਾਂ-ਮੂੰਹੀ ਭਾਰ ਲਹਿ ਗਿਆ ਸੀ। ਅੰਤਿਮ ਸੁਆਸਾਂ ਵੇਲੇ ਉਹ ਉਨ੍ਹਾਂ ਦੀ ਹਜ਼ੂਰੀ ਚੋਂ ਗੈਰ-ਹਾਜ਼ਿਰ ਹੋਣ ਦੇ ਗੁਨਾਹ ਤੋਂ ਬਚ ਰਹੀ ਸੀ। ਉਹ ਆਤਮ-ਤ੍ਰਿਸਕਾਰ ਦੀ ਨਰਕ-ਅਗਨੀ ਵਿਚ ਡਿਗਣੋਂ ਬਚ ਗਈ ਸੀ। ਕਿਸੇ ਅਦਿੱਖ ਹੱਥ ਨੇ ਉਹਨੂੰ ਅੱਗ ਦੇ ਭਾਂਬੜਾਂ ਵਿਚ ਡਿੱਗਣ ਤੋਂ ਬਚਾ ਲਿਆ ਸੀ। ਉਹਦੇ ਹੱਥ ਕਿਸੇ ਅਕਹਿ ਸ਼ੁਕ੍ਰਾਨੇ ਵਿਚ ਜੁੜ ਗਏ ਸਨ ਤੇ ਨੈਣ ਅਰਦਾਸ ਵਿਚ ਮੀਟੇ ਗਏ।

"ਇੰਦਾਂ ਹੋ ਜਾਂਦਾ ਹੈ ਕਈ ਵਾਰ ਸੁਰਿੰਦਰ।" ਉਹ ਆਪਣੇ ਤਜਰਬੇ ਵਿਚੋਂ ਬੋਲ ਰਹੀ ਸੀ। ਜੇ ਸਾਹ ਬੰਦ ਹੋਣ ਤੋਂ ਤਿੰਨਾਂ ਚਹੁੰ ਮਿੰਟਾਂ ਅੰਦਰ ਦਿਮਾਗ

ਨੂੰ ਔਕਸੀਜਨ ਮਿਲ ਜਾਏ ਤਾਂ ਬੰਦਾ ਮੁੜ ਸਾਹ ਲੈਣ ਲੱਗ ਪੈਂਦਾ ਹੈ। ਇਹ ਮੁਅਜੱਜ਼ਾ ਕਈ ਵਾਰ ਮੈਂ ਆਪਣੇ ਹਸਪਤਾਲ ਵਿਚ ਹੁੰਦਾ ਵੇਖਆ ਹੈ।"

"ਮਿਸਟਰ ਚੱਠਾ ਠੀਕ ਠਾਕ ਨੇ।" ਇੰਟੈਂਸੈਸਿਵ ਕੇਅਰ ਯੂਨਿਟ ਦੇ ਅੰਦਰੋਂ ਪਰਤੀ ਨਰਸ ਨੇ ਆਖਿਆ।

ਉਹ ਸੱਭ ਜਿਵੇਂ ਕਿਸੇ ਡੂੰਘੀ ਨੀਂਦ ਦੇ ਵਚਿੱਤਰ ਖਾਬ 'ਚੋਂ ਜਾਗੇ ਹੋਣ।

"ਤੁਸੀ ਕੱਲੇ ਕੱਲੇ ਜਾ ਕੇ ਵਾਰੋ ਵਾਰੋ ਉਨ੍ਹਾਂ ਨੂੰ ਥੋੜ੍ਹੇ ਥੋੜ੍ਹੇ ਸਮੇਂ ਲਈ ਵੇਖ ਕੇ ਆ ਸਕਦੇ ਹੋ! ਦੂਰੋਂ ਹੀ। ਕੋਲ ਨਹੀ ਜਾਣਾ, ਛੂਹਣਾ ਤਾਂ ਬਿਲਕੁਲ ਨਹੀ।"

ਉਹ ਵਾਰੋ ਵਾਰੀ ਅੰਦਰ ਗਏ। ਕਮਲਦੀਪ ਸਭ ਤੋਂ ਮਗਰੋਂ। ਉਹਨੂੰ ਆਪਣੇ ਆਪ ਵਿਚ ਆਉਣ ਲਈ ਕੁਝ ਸਮਾਂ ਚਾਹੀਦਾ ਸੀ। ਅੰਦਰ ਜਾ ਕੇ ਉਸਨੇ ਆਪਣੇ ਧਰਮੀ ਬਾਬਲ ਦਾ ਮੂੰਹ ਦੇਖਿਆ। ਭਾਪਾ ਜੀ ਜਿਵੇਂ ਡੂੰਘੀ ਨੀਂਦ ਵਿਚ ਸੁੱਤੇ ਪਏ ਹੋਣ। ਸ਼ਾਇਦ ਦੁਆਈਆਂ ਦੇ ਅਸਰ ਕਰਕੇ। ਉਨ੍ਹਾਂ ਦਾ ਸਾਹ ਠੀਕ ਠਾਕ ਚੱਲ ਰਿਹਾ ਸੀ। ਛਾਤੀ ਦੇ ਉੱਠਦੇ ਬਹਿੰਦੇ ਉਭਾਰ, ਉਨ੍ਹਾਂ ਅੰਦਰ ਧੜਕ ਰਹੀ ਜੀਵਨ ਰੌਂ ਦੇ ਸੂਚਕ ਸਨ।

ਉਨ੍ਹਾਂ ਦਾ ਸਰੀਰ ਕਈ ਤਰ੍ਹਾਂ ਦੀਆਂ ਨਲਕੀਆਂ ਤੇ ਤਾਰਾਂ ਨਾਲ ਵਿੰਨ੍ਹਿਆ ਪਿਆ ਸੀ। ਕਦੇ ਕਦੇ ਉਹਨਾਂ ਦੇ ਚੇਹਰੇ ਤੇ ਕਿਸੇ ਗਹਿਰੀ ਪੀੜ ਦੇ ਨਿਸ਼ਾਨ ਉੱਕਰੇ ਜਾਂਦੇ ਸਨ।

"ਇਹ ਇਕ ਵਾਰ ਫੇਰ ਆਮ ਵਾਂਗ ਠੀਕ ਠਾਕ ਹੋ ਜਾਣਗੇ", ਡਾਕਟਰ ਨੇ ਉਹਦੇ ਮੋਢੇ ਤੇ ਤਸੱਲੀ ਭਰਿਆ ਹੱਥ ਰੱਖਦਿਆਂ ਕਿਹਾ।

"ਥੈਂਕ ਯੂ ਡਾਕਟਰ, ਰੀਅਲੀ ਥੈਂਕ ਯੂ ਵੈਰੀ ਮੱਚ।"

ਚਲੋ ਸ਼ਾਇਦ ਠੀਕ ਠਾਕ ਇਹ ਨਾ ਵੀ ਹੋਣ। ਉਹਦੇ ਧੁਰ ਅੰਦਰੋਂ ਕੋਈ ਆਵਾਜ਼ ਆਈ।

– ਤਾਂ ਵੀ ਕੋਈ ਨਹੀਂ। ਇਕ ਦਿਨ ਤਾਂ ਆਖਰ ਸੱਭ ਨੇ ਇਹ ਭਰਿਆ ਮੇਲਾ ਛੱਡਕੇ ਜਾਣਾ ਹੀ ਹੈ।

ਪੁਰਸਲਾਤ ਤੋਂ ਹੇਠ ਡਿਗਣੋਂ ਤਾਂ ਬਚਾਅ ਹੋਇਆ। ਨਹੀ ਸਗੋਂ ਪੁਰਸਲਾਤ ਤੋਂ ਹੇਠ ਬਲਦੀ ਅੱਗ ਦਾ ਅਸਹਿ ਸੇਕ ਤਾਂ ਉਹਨੇ ਬੀਤੇ ਪਲਾਂ ਵਿਚ ਹੀ ਜਰ ਲਿਆ ਸੀ। ਉਹਨੇ ਆਪਣੇ ਪਿਤਾ ਦੀ ਮੌਤ ਦੇ ਸੋਗ ਦਾ ਕਹਿਰ ਆਪਣੇ ਤਨ ਮਨ ਦੀਆਂ ਸਭਨਾਂ ਤੈਹਾਂ ਤੇ ਪੂਰੀ ਸ਼ਿੱਦਤ ਨਾਲ ਹੰਢਾ ਲਿਆ ਸੀ – ਜਿਵੇਂ ਮੌਤ ਨੂੰ ਉਹਨੇ ਆਪਣੇ ਹੱਥਾਂ ਨਾਲ ਛੂਹ ਕੇ ਦੇਖ ਲਿਆ ਹੋਵੇ। ਹੁਣ ਉਹਨੂੰ ਮੌਤ ਤੋਂ ਡਰ ਨਹੀ ਸੀ ਲੱਗਦਾ; ਅਸਲੋਂ ਹੀ ਨਹੀ।

ਉਹ ਕਮਰੇ 'ਚੋਂ ਬਾਹਿਰ ਆਈ ਤਾਂ ਪੂਰੀ ਤਰ੍ਹਾਂ ਸ਼ਾਂਤ ਸੀ। ਜਿਵੇਂ ਭਰਕੇ ਮੀਂਹ ਵਰ੍ਹਨ ਮਗਰੋਂ ਹੋਏ ਨਿਰਮਲ ਨੀਲਾ ਅਕਾਸ਼।

"ਚੰਗਾ ਤੁਸੀ ਜਾਓ ਸੁਰਿੰਦਰ, ਬੱਚੇ ਦੁਪਹਿਰ ਦਾ ਖਾਣਾ ਖਾਣ ਆਉਣ ਵਾਲੇ ਹੋਣੇ ਨੇ। ਮਗਰੋਂ ਤੁਸੀ ਕੰਮ ਤੇ ਵੀ ਜਾਣਾ ਹੋਊ।"

"ਮੈਂ ਛੁੱਟੀ ਲੈ ਲੈਨਾਂ।"

"ਨਹੀ, ਤੁਸੀ ਨਿਆਣਿਆਂ ਦਾ ਖਿਆਲ ਰੱਖਿਓ। ਸਵੇਰੇ ਫੇਰਾ ਮਾਰ ਜਾਇਓ। ਮੇਰੇ ਨ੍ਹਾਉਣ ਧੋਣ ਦੀਆਂ ਚੀਜ਼ਾਂ ਲੈ ਆਇਓ।"

ਅਗਲੇ ਕੁਝ ਦਿਨਾਂ ਵਿਚ ਚੱਠਾ ਸਾਹਿਬ ਸੱਚਮੁੱਚ ਹੀ ਠੀਕ ਠਾਕ ਹੋ ਗਏ ਸਨ।

ਪਰਭਾਤ ਦਾ ਵੇਲਾ। ਕਮਲਦੀਪ ਆਪਣੇ ਪਿਤਾ ਦਾ ਹੱਥ ਆਪਣੇ ਹੱਥ ਵਿਚ ਫੜੀ ਉਹਨਾਂ ਦੇ ਚੇਹਰੇ ਨੂੰ ਬੜੇ ਧਿਆਨ ਨਾਲ ਨਿਹਾਰ ਰਹੀ ਸੀ। ਉਹਨਾਂ ਅਚਾਨਕ ਅੱਖਾਂ ਖੋਲ੍ਹੀਆਂ।

"ਕੀ ਹੋਇਆ ਭਾਪਾ ਜੀ, ਤੁਹਾਨੂੰ ਕੁਛ ਯਾਦ ਆਉਂਦਾ?"

ਕਮਲਦੀਪ ਨੂੰ ਆਸ ਸੀ ਕਿ ਸ਼ਾਇਦ ਉਹਦਾ ਪਿਤਾ ਉਹਨੂੰ ਅਣਦੇਖੇ ਦੇਸ ਦੀ ਕੋਈ ਗੱਲ ਸੁਣਾਏਗਾ।

"ਕੁਛ ਨੀ ਹੋਇਆ! ਮੈਂ ਵਾਸ਼ਰੂਮ ਵਿਚ ਗਿਆ ਸੀ। ਫੇਰ ਪਤਾ ਨਹੀ ਕਦ ਨੀਂਦ ਆ ਗਈ। ਬੜੀ ਨੀਂਦ ਆਈ।"

ਉਹਨਾਂ ਆਲੇ ਦੁਆਲੇ ਨਜ਼ਰ ਮਾਰੀ। ਉਹਨਾਂ ਨੂੰ ਕਈ ਦਿਨਾਂ ਤੋਂ ਆਪਣੇ ਹਸਪਤਾਲ ਹੋਣ ਦਾ ਚੇਤਾ ਆਇਆ।

"ਤੂੰ ਘਰ ਨਹੀ ਗਈ, ਕਮਲਦੀਪ, ਏਨੇ ਦਿਨਾਂ ਦੀ ਏਥੇ ਹੀ ਏਂ?"

"ਗਈ ਸਾਂ ਭਾਪਾ ਜੀ, ਇਕ ਦਿਨ ਤੁਸੀ ਸੁੱਤੇ ਹੋਏ ਸੋ। ਹੁਣ ਆਪਾਂ ਕੱਠੇ ਹੀ ਚਲਾਂਗੇ ਘਰ।"

ਦੋ ਤਿੰਨ ਦਿਨਾਂ ਬਾਅਦ ਉਹ ਸੱਚੀ ਹੀ ਘਰ ਪਰਤ ਆਏ ਸਨ। ਚੱਠਾ ਸਾਹਿਬ ਉਂਞ ਤਾਂ ਠੀਕ ਠਾਕ ਸਨ ਪਰ ਲੰਮੀ ਬੀਮਾਰੀ ਤੇ ਬਿਰਧ ਅਵਸਥਾ ਕਾਰਨ ਉਨ੍ਹਾਂ ਦਾ ਸਰੀਰ ਬੜਾ ਨਿਢਾਲ ਹੋ ਗਿਆ ਸੀ। ਸਹਾਰੇ ਨਾਲ ਹੀ ਵਾਸ਼ਰੂਮ ਵਿਚ ਆ ਜਾ ਸਕਦੇ ਸਨ।

ਕਈ ਵਾਰੀ ਸੁੱਤ-ਉਣੀਂਦੇ ਜੇਹੇ ਵਿਚ ਹੀ ਬੁੜਾਉਂਦੇ! "ਮੈਨੂੰ ਪਿੰਡ ਭੇਜ ਦੇ ਕਮਲ, ਮੈਂ ਆਪਣੇ ਬਸੀਮੇ ਵਾਲੇ ਖੇਤਾਂ ਵਿਚ ਸੰਧੂਰੀ ਅੰਬਾਂ ਦਾ ਬਾਗ ਲਾਉਣਾ।"

ਉਨ੍ਹਾਂ ਦੀ ਸੁਤਿਆ ਪਿੰਡ ਵਿਚ ਹੀ ਸੀ।

ਪਿਛਲੇਰੇ ਸਾਲ ਬੜੀ ਨਿਤਾਣੀ ਅਵਸਥਾ ਵਿਚ, ਉਹ ਆਪਣੇ ਪਿਤਾ ਨੂੰ ਏਥੇ ਆਪਣੇ ਕੋਲ ਲਿਆਈ ਸੀ। ਪਰ ਸਾਰਾ ਦਿਨ ਘਰੇ ਬੈਠਿਆਂ ਦਾ ਉਨ੍ਹਾਂ ਦਾ ਚਿੱਤ ਨਹੀ ਸੀ ਲੱਗਦਾ। ਵੱਡੇ ਕੰਮ ਤੇ ਚਲੇ ਜਾਂਦੇ ਸਨ ਤੇ ਬੱਚੇ ਸਕੂਲ।

ਇਕ ਦਿਨ ਉਨ੍ਹਾਂ ਨੇ ਬੱਚਿਆਂ ਵਾਂਗ ਹੀ ਰਿਹਾੜ ਸ਼ੁਰੂ ਕਰ ਦਿੱਤਾ ਸੀ। ਕਿਸੇ ਦੀ ਸੁਣਦੇ ਹੀ ਨਹੀ ਸਨ। ਬੱਸ ਇੱਕੋ ਗੱਲ, ਮੈਨੂੰ ਪਿੰਡ ਛੱਡ ਕੇ ਆਓ। ਮੈਂ ਆਪਣੀ ਮਿੱਟੀ ਪਰਦੇਸੀ ਨਹੀ ਰੁਲਣ ਦੇਣੀ।

ਬੇਵੱਸ, ਕਮਲਦੀਪ ਵਾਪਸੀ ਟਿਕਟ ਲੈ ਕੇ ਉਹਨਾਂ ਨੂੰ ਦੇਸ ਲੈ ਵੀ ਗਈ ਸੀ। ਗਰਮੀਆਂ ਦੇ ਦਿਨ। ਸ਼ਹਿਰੋਂ ਦੂਰ ਪਿੰਡ। ਲੋੜ ਪੈਣ ਤੇ ਡਾਕਟਰੀ ਸੇਵਾਵਾਂ ਦੁਰਲੱਭ। ਉਹ ਉੱਥੇ ਵੀ ਛੇਤੀ ਹੀ ਅਕੱਲਕਾਂਦ ਹੋ ਗਏ ਸਨ। ਅੰਤਾਂ ਦੀ ਗਰਮੀ ਵਿਚ, ਬੀਮਾਰੀ ਠੁਮਾਰੀ ਵੇਲੇ, ਉਹਨਾਂ ਤੋਂ ਆਪਣੀ ਇਕਲੌਤੀ ਧੀ ਦੀ ਭੱਜ-ਨੱਠ ਦਾ ਦੁੱਖ ਜਰਿਆ ਨਹੀ ਸੀ ਜਾਂਦਾ। ਕੱਲੀ-ਕਾਰੀ ਔਰਤ ਰਾਹਾਂ ਵਿਚ ਖੁਆਰ ਹੁੰਦੀ ਫਿਰਦੀ ਸੀ।

ਇਕ ਦਿਨ ਆਪੇ ਕਹਿੰਦੇ, "ਕਮਲਦੀਪ ਇਸ ਜ਼ਮੀਨ ਨੂੰ ਗਹਿਣੇ ਰੱਖ ਪਰੇ। ਮਗਰੋਂ ਆਪੇ ਵੇਚਦੀ ਰਹੀਂ। ਪਿੱਛੇ ਨਿਆਣੇ ਅੱਡ ਦੁਖੀ ਹੋਣੇ ਨੇ। ਅਸਾਂ ਨੀ ਟੱਬਰ ਰੋਲਣਾ। ਚਲੀਏ ਵਾਪਿਸ ਕੈਨੇਡੇ।"

ਅਖੇ ਅੰਨ੍ਹਾ ਕੀ ਲੋੜੇ? ਦੋ ਅੱਖਾਂ! ਕਮਲਦੀਪ ਕੁਝ ਦਿਨਾਂ ਵਿਚ ਹੀ ਆਪਣੀ ਜੱਦੀ ਪੁਸ਼ਤੀ ਜਾਇਦਾਦ ਦਾ ਕੰਮ ਸਮੇਟ ਕੇ ਉਨ੍ਹਾਂ ਨੂੰ ਵਾਪਿਸ ਘਰ ਲੈ ਆਈ ਸੀ।

ਦੇਸੋਂ ਪਰਤਕੇ ਉਨ੍ਹਾਂ ਦਾ ਜੀ ਵੀ ਵਾਹਵਾ ਪਰਚ ਗਿਆ ਸੀ। ਸਵੇਰੇ ਉੱਠਦੇ ਕਾਫੀ ਲੰਮਾ ਸਮਾਂ ਅਖਬਾਰ ਪੜ੍ਹਦੇ ਰਹਿੰਦੇ। ਚਿੱਤ ਕਰਦਾ ਟੀ. ਵੀ. ਲਾ ਲੈਂਦੇ। ਬੱਚੇ ਸਕੂਲੋਂ ਆਉਂਦੇ, ਉਨ੍ਹਾਂ ਨੂੰ ਨੱਕੀ-ਪੂਰ ਦੀ ਖੇਡ ਵਿਚ ਲਾਈ ਰੱਖਦੇ। ਪਿਛਵਾੜੇ, ਉਨ੍ਹਾਂ ਸਬਜ਼ੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਕਹਿੰਦੇ, "ਖੇਤੀ ਭਾਵੇਂ ਥੋੜ੍ਹੀ ਹੀ ਹੋਵੇ, ਜੀਅ ਬੜਾ ਲਾਉਂਦੀ ਆ।"

ਇਨ੍ਹਾਂ ਦਿਨਾਂ ਵਿਚ ਹੀ ਸੁਰਿੰਦਰ ਦਾ ਬੜਾ ਭਾਈ ਨਸੀਬ ਸਿੰਘ ਏਥੇ ਆਇਆ ਸੀ। ਉਹ ਭਾਪਾ ਜੀ ਨਾਲ ਅੰਦਰੋ ਅੰਦਰੀ ਕੁਝ ਵੱਟਿਆ ਵੱਟਿਆ ਰਹਿੰਦਾ ਸੀ।

ਗੱਲ ਵਿਚੋਂ ਸ਼ਾਇਦ ਇਹ ਸੀ ਕਿ ਪਹਿਲਾਂ ਤਾਂ ਉਹਨਾਂ ਦੀ ਜ਼ਮੀਨ ਦੀ ਅੱਧ-ਭਾਉਲੀ ਦਾ ਹਿਸਾਬ ਉਸੇ ਕੋਲ ਸੀ। ਇਸ ਵਾਰ ਉਹ ਆਪਣੀ ਜ਼ਮੀਨ ਕਿਸੇ ਕੋਲ ਗਹਿਣੇ ਰੱਖ ਆਏ ਸਨ। ਉਹਨੂੰ ਅੰਦਰੇ ਅੰਦਰ ਇਸ ਗੱਲ ਦਾ ਬੜਾ ਹਿਰਖ ਸੀ, ਪਰ ਬਾਬਰ ਕੇ ਉਹ ਗੱਲ ਨਹੀ ਸੀ ਕਰ ਸਕਦਾ।

ਘੁੱਟੇ-ਵੱਟੇ ਮਹੌਲ ਵਿਚ ਭਾਪਾ ਜੀ ਦਾ ਮਨ ਬੜਾ ਉਚਾਟ ਰਹਿਣ ਲੱਗ ਪਿਆ ਸੀ। ਇਨ੍ਹੀ ਦਿਨੀ ਹੀ ਸਾਹ ਦੀ ਤਕਲੀਫ ਵਧਣ ਤੇ ਉਨ੍ਹਾਂ ਨੂੰ ਹਸਪਤਾਲ ਵਿਚ ਦਾਖਲ ਕਰਾਉਣਾ ਪੈ ਗਿਆ ਸੀ।

ਹਸਪਤਾਲੋਂ ਵਾਪਿਸ ਆ ਕੇ ਉਹ ਉੱਪਰੋਂ ਉੱਪਰੋਂ ਤਾਂ ਕੁਝ ਚੰਗੇ ਭਲੇ ਹੀ ਜਾਪਦੇ ਸਨ ਪਰ ਅੰਦਰੋਂ ਕਾਫੀ ਬੁਝੇ ਬੁਝੇ ਜੇਹੇ ਰਹਿਣ ਲੱਗ ਪਏ ਸਨ।

"ਮੈਂ ਨੀ ਏਥੇ ਰਹਿਣਾ, ਮੈਨੂੰ ਪਿੰਡ ਛੱਡ ਆਓ। ਭਾੜਾ ਮੈਂ ਆਪੇ ਦੇ ਦਊਂ ਉੱਥੋਂ ਜਾ ਕੇ।"

ਅਚਾਨਕ ਭਾਪਾ ਜੀ ਨੂੰ ਇਹ ਕੀ ਹੋ ਗਿਆ ਸੀ? ਕਮਲਦੀਪ ਹੈਰਾਨ, ਪਰੇਸ਼ਾਨ।

"ਭਾਪਾ ਜੀ ਪਿੰਡ ਵੀ ਆਪਾਂ ਜਾ ਕੇ ਵੇਖ ਆਏ ਹਾਂ। ਤੁਹਾਨੂੰ ਕੋਈ ਤਕਲੀਫ ਹੈ ਇੱਥੇ। ਕਿਸੇ ਨੇ ਕੁਝ ਕਿਹਾ ਤੁਹਾਨੂੰ।"

ਚੱਠਾ ਸਾਹਿਬ ਗੁੰਮ-ਸੁੰਮ ਆਪਣੀ ਧੀ ਦੇ ਚੇਹਰੇ ਵੱਲ ਦੇਖਦੇ ਰਹੇ।

"ਕੋਈ ਭਾਰ ਹੈ ਤੁਹਾਡੇ ਦਿਲ ਤੇ। ਤੁਸੀ ਕੁਝ ਕਹਿਣਾ?"

ਉਨ੍ਹਾਂ ਦੇ ਲਹਿਜ਼ੇ ਵਿਚ ਤਲਖੀ ਸੀ, ਜਿਵੇਂ ਇਹ ਕਹਿਣਾ ਚਾਹੁੰਦੇ ਹੋਣ ਕਿ 'ਜੋ ਜੀ ਆਇਆ ਕਹੂੰ। ਕਿਸੇ ਦੀ ਡਰੀ ਨੀ ਮਾਰੀ ਹੋਈ।'

'ਕਹੋ' ਕਮਲਦੀਪ ਹਰ ਹਿਰਖ ਨੂੰ ਆਪਣੇ ਪੱਲੇ ਪੁਆਉਣ ਲਈ ਤਿਆਰ ਖੜ੍ਹੀ ਸੀ, ਪੂਰੀ ਹਲੀਮੀ ਨਾਲ।

"ਇਹ ਨਸੀਬ ਸਿੰਘ ਬੜਾ ਕੁੱਤਾ ਆਦਮੀ ਆ।"

ਚੱਠਾ ਸਾਹਿਬ ਦੀਆਂ ਅੱਖਾਂ ਗੁੱਸੇ ਨਾਲ ਲਾਲ ਬਿੰਬ ਹੋ ਗਈਆਂ ਸਨ ਤੇ ਦੇਹ ਚੋਂ ਕੱਚੀਆਂ ਤ੍ਰੇਲੀਆਂ ਛੁੱਟਣੀਆਂ ਸ਼ੁਰੂ ਹੋ ਗਈਆਂ ਸਨ।

"ਸਾਲਾ ਮੈਨੂੰ ਕਹਿੰਦਾ ਆਪਣੀ ਧੀ ਦੇ ਘਰ ਤੂੰ ਬੁੱਢੇ ਬਾਰੇ...

"ਓਹ ਮੈਂ ਕੋਈ ਮੁਲੰਗ ਆਂ। ਸਾਰੀ ਉਮਰ ਠਾਠ ਨਾਲ ਨੌਕਰੀ ਕੀਤੀ। ਸਾਹਿਬੇ ਜਾਇਦਾਦ। ਇਲਾਕੇ ਵਿਚ ਮੰਨੀ ਦੰਨੀ ਸਰਦਾਰੀ। ਕੋਈ ਵੈਲ ਨਹੀਂ...

ਸਾਲਾ ਧੀ ਦੇ ਘਰ ਦਾ ...

ਇਹ ਬੁਢੇਪਾ ਕਿਸ ਤੇ ਨੀ ਆਉਣਾ ...

ਨਸੀਬ ਸਿੰਘ ਕੰਜਰ ਤੇ ਨੀ ...?"

ਸਰਦਾਰ ਕਰਤਾਰ ਸਿੰਘ ਦੀ ਤਣੀ ਦੇਹ ਇਕ ਦਮ ਢਿੱਲੀ ਪੈ ਗਈ।

ਕਮਲਦੀਪ ਨੇ ਇਕ ਦਮ ਐਂਬੂਲੈਂਸ ਸੱਦੀ। ਹਸਪਤਾਲ ਟੈਲੀਫੋਨ ਕੀਤਾ। ਚੱਠਾ ਸਾਹਿਬ ਨੂੰ ਸਿੱਧਾ ਇੰਟੈਂਸਿਵ ਕੇਅਰ ਵਿਚ ਲਿਆਂਦਾ ਗਿਆ। ਉਨ੍ਹਾਂ ਦੀ ਨਬਜ਼ ਮੱਧਮ ਪੈਂਦੀ ਪੈਂਦੀ ਇਕ ਦਮ ਰੁਕ ਗਈ।

ਕਮਲਦੀਪ ਉਨ੍ਹਾਂ ਦੇ ਸਿਰ੍ਹਾਣੇ ਖੜ੍ਹੀ ਸੀ। ਅਡੋਲ, ਅਬੋਲ ਮੂਰਤੀ ਵਾਂਗ।

ਡਾਕਟਰਾਂ ਨੇ ਪਹਿਲਾਂ ਹੀ ਸਾਰਾ ਐਪ੍ਰੇਟਸ, ਟੈਲੀਫੋਨ ਮਿਲਣ ਸਾਰ ਹੀ ਤਿਆਰ ਕੀਤਾ ਹੋਇਆ ਸੀ।

"ਲਾਈਫ ਸਪੋਰਟ ...।"

"ਨੋ, ਡਾਕਟਰ, ਨੋ ਲਾਈਫ ਸਪੋਰਟ ...।"

ਇਕ ਆਗ ਕਾ ਦਰਿਆ ਹੈ, ਬੱਸ ਡੂਬ ਕੇ ਜਾਨਾ ਹੈ। ਤੇ ਕਮਲਦੀਪ ਜਿਵੇਂ ਅੱਗ ਦੇ ਦਰਿਆ ਨੂੰ ਪਾਰ ਕਰਕੇ ਦੂਜੇ ਕਿਨਾਰੇ ਪਹੁੰਚ ਚੁੱਕੀ ਹੋਵੇ!

ਉਹਦਾ ਧਰਮੀ ਬਾਬਲ, ਇਸ ਵਾਰ ਪੁਰਸਲਾਤ ਤੋਂ ਪਰਲੇ ਪਾਰ ਜਾ ਰਿਹਾ ਸੀ। ਉਹ ਉਹਨੂੰ ਅੱਧ-ਵਿਚਕਾਰੋਂ ਮੋੜ ਕੇ ਹੁਣ ਹੋਰ ਕਿਸੇ ਅਗਨੀ-ਪ੍ਰੀਖਿਆ ਵਿਚ ਨਹੀਂ ਸੀ ਪਾਉਣਾ ਚਾਹੁੰਦੀ।

ਉਹ ਆਪਣੇ ਪਿਤਾ ਦੇ ਸ਼ਾਂਤ ਅਡੋਲ ਚੇਹਰੇ ਤੇ ਝੁਕੀ। ਦੋ ਅੱਥਰੂ ਉਹਦੀਆਂ ਅੱਖਾਂ ਵਿਚੋਂ ਕਿਰ ਕੇ ਚੱਠਾ ਸਾਹਿਬ ਦੀਆਂ ਖੁੱਲ੍ਹੀਆਂ ਸਫੇਦ ਅੱਖਾਂ ਵਿਚ ਡਿਗੇ। ਉਹਨੇ ਆਪਣੇ ਪਿਤਾ ਦੀਆਂ ਖੁੱਲ੍ਹੀਆਂ ਪਲਕਾਂ ਝਪਕਈਆਂ ਤੇ ਮੋਢਿਆਂ ਤੱਕ ਪਲਮੀ ਸਫੇਦ ਚਾਦਰ ਨਾਲ ਉਨ੍ਹਾਂ ਦਾ ਚੇਹਰਾ ਢਕ ਦਿੱਤਾ।

●○●○●

## ਵਤਨ ਦੇ ਪਾਠਕਾਂ ਲਈ ਸੂਚਨਾ

ਵਤਨ ਦਾ ਪਤਾ ਬਦਲ ਗਿਆ ਹੈ। ਕ੍ਰਿਪਾ ਕਰਕੇ ਹੁਣ ਤੋਂ ਖੱਤ ਪੱਤਰ ਇਸ ਪਤੇ 'ਤੇ ਕੀਤਾ ਜਾਇਆ ਕਰੇ। ਧੰਨਵਾਦ।

ਨਵਾਂ ਪਤਾ ਹੈ:

WATAN
COLLINGWOOD P O
PO BOX 27132, RPO COLLINGWOOD
VANCOUVER, B.C.,
CANADA., V5R 6A8

Phone: (604) 437-9014 or (604) 581-3211
Fax: (604) 437-9014

## ਮੇਲਾ ਸੂਰਮੇ ਕਵੀ ਦਾ

ਪ੍ਰਦੇਸੀ ਵਿਚਰਦੇ ਸੱਜਣੋ ਤੁਹਾਡੀ ਸ਼ਮੂਲੀਅਤ ਲਈ ਤੁਹਾਡੀਆਂ ਸਿਆਲ ਰੁੱਤੇ ਵਤਨ ਫੇਰੀਆਂ ਨੂੰ ਧਿਆਨ 'ਚ ਰੱਖਦੇ ਹੋਏ ਗੱਲ ਤੁਰੀ ਹੈ ਕਿ ਹਰ ਵਰ੍ਹੇ ਦਸੰਬਰ 'ਚ ਕਰਿਸਮਸ ਮੌਕੇ ਲੱਗਿਆ ਕਰੇ "ਪਾਸ਼ ਯਾਦਗਾਰੀ ਸਭਿਆਚਾਰਕ ਮੇਲਾ" ਤੇ ਸੱਜਣੋ ਤੁਹਾਨੂੰ ਕੁੱਲ ਨੂੰ ਸੱਦਾ ਜੇ ਆਪਣੀ ਦੇਸ ਫੇਰੀ ਵੇਲੇ ਮੇਲੇ ਆਉਣੋ ਨਹੀਂ ਖੁੰਝਣਾ।

ਐਤਕੀ ਸਾਲ ਮੇਲਾ ਲੱਗੂ ਚੰਡੀਗੜ੍ਹ, 26 ਦਸੰਬਰ ਨੂੰ, ਟੈਗੋਰ ਥਿਏਟਰ 'ਚ। ਅਗਲੇ ਲੱਗਣਗੇ ਪਟਿਆਲੇ, ਦਿੱਲੀ ਜਾਂ ਲੁਧਿਆਣੇ। ਕਵਿਤਾ, ਗੀਤ, ਨਾਟਕ ਤੇ ਸੂਰਮੇ ਕਵੀ ਨਾਲ ਜਾਣ ਪਹਿਚਾਣ ਹੋਇਆ ਕਰੂ।

ਪਾਸ਼ ਕਮੇਟੀ ਪੰਜਾਬ

ਪਾਸ਼ ਯਾਦਗਰੀ ਕੌਮਾਂਤਰੀ ਟਰੱਸਟ।

*Business Cards, Wedding Cards, Letterheads, Envelopes, Brochures, Menus, Business Forms, Flyers etc.*

Special Photocopies
1-10 copies 7 cents
11-30 copies 6 cents
31-75 copies 5 cents
76 & up 4.5 cents

B/W X 11

( price per original)

FULL COLOR COPIES

BUSINESS CARDS (BLACK ON WHITE)
$19.95
1000 Business Cards

PH.: 321-0220

SUPER PRINTERS
Stationary & Copy Centre Ltd.

5934 Fraser St., VANCOUVER. V5W 2Z7

ਸਥਾਈ ਕਾਲਮ

# ਦੇਸ ਤੋਂ ਚਿੱਠੀ

ਚੰਗੀ ਖਬਰ ਇਹ ਹੈ ਕਿ ਇਸ ਵੇਰਾਂ ਦੀਵਾਲੀ ਬਗ਼ੈਰ ਡਰ ਤੇ ਸਹਿਮ ਦੇ ਮਨਾਈ ਗਈ। ਕੁਝ ਦਿਨ ਪਹਿਲਾਂ ਜਦ ਜਲੰਧਰੋਂ ਚੱਲਣ ਲੱਗੇ ਹਨੇਰਾ ਹੋ ਗਿਆ ਤਾਂ ਚੰਡੀਗੜ੍ਹ ਪੁੱਜਣ ਤੱਕ ਮੇਰਾ ਸਾਹ ਉੱਕਾ ਸੂਤਿਆ ਨਾ ਗਿਆ, ਵਰਨਾ ਪਿਛਲੇ ਸਾਲ ਤੱਕ ਦੁਪਹਿਰ ਪਾਰ ਹੁੰਦਿਆਂ ਹੀ ਲੋਕ ਘਰਾਂ ਨੂੰ ਪਰਤਣ ਲੱਗ ਜਾਂਦੇ ਸੀ।

ਭੈਅ ਤੇ ਸਹਿਮ ਤੋਂ ਮੁਕਤ ਹੋ ਕੇ ਦਿਨ ਗੁਜ਼ਾਰਨ ਦਾ ਜੋ ਸੁੱਖ ਹੈ ਉਸਦਾ ਪਤਾ ਦੇਸ ਪੰਜਾਬ ਦੇ ਬੰਦੇ ਨੂੰ ਹੁਣ ਲੱਗ ਰਿਹਾ ਹੈ। ਪਰ ਇਹ ਬੰਦਾ ਵਰਤਮਾਨ ਨੂੰ ਕਿਉ ਨਹੀਂ ਕੁਰੇਦਦਾ? ਕਿਉਂ ਨਹੀਂ ਭਵਿੱਖ ਬਾਰੇ ਸੋਚਦਾ? ਇਸ ਬਾਰੇ ਕਿਉਂ ਨਹੀਂ ਫਿਕਰ ਕਰਦਾ ਕਿ ਜਿਸ ਹਨੇਰੇ ਦਹਾਕੇ 'ਚੋਂ ਉਹ ਗੁਜ਼ਰਿਆ ਹੈ ਉਹ ਫਿਰ ਵੀ ਪਰਤ ਸਕਦਾ ਹੈ?

ਪੁਲਿਸ ਤੇ ਫੌਜ ਨਾਲ ਕਾਇਮ ਅਮਨ ਕਿਸੇ ਜਾਤੀ ਦੀ ਪ੍ਰਾਪਤੀ ਨਹੀਂ ਹੁੰਦੀ। ਕੋਈ ਸਭਿਆਚਾਰਕ ਜਾਤੀ ਆਪਣੀ ਪਛਾਣ ਤਦ ਹੀ ਕਾਇਮ ਰੱਖ ਸਕਦੀ ਹੈ ਜੇ ਬੌਧਿਕ, ਵਿਚਾਰਧਾਰਕ ਤੇ ਨੈਤਿਕ ਪੱਧਰ 'ਤੇ ਉਹ ਸ਼ਕਤੀਸ਼ਾਲੀ ਹੋਵੇ। ਪੰਜਾਬੀ ਜਾਤੀ ਪਾਸ ਜਿੰਨੀ ਸ਼ਕਤੀ ਹੈ, ਉਹ ਨਾ ਪੰਜਾਬ ਦੇ ਵਰਤਮਾਨ ਦੇ ਕੰਮ ਆ ਰਹੀ ਹੈ ਅਤੇ ਨਾ ਹੀ ਦੇਸ ਪੰਜਾਬ ਦੇ ਭਵਿੱਖ ਨੂੰ ਸੰਵਾਰਨ ਵਲ ਖਰਚ ਹੁੰਦੀ ਹੈ। ਜੇ ਬੁੱਧੀਜੀਵੀ ਤੇ ਵਿਗਿਆਨ ਦੇ ਖੇਤਰ 'ਚ ਮਾਹਿਰ ਪੰਜਾਬ ਨੂੰ ਅਗਵਾਈ ਦੇ ਸਕਦੇ ਹੁੰਦੇ ਤਾਂ ਪੰਥ ਅਤੇ ਧਰਮ ਦੇ ਨਾਂ 'ਤੇ ਲੋਕ ਵਰਗਲਾਏ ਨਾ ਜਾ ਸਕਦੇ। ਲੋੜ ਪੰਜਾਬ ਦੀ ਲੋਕਾਈ ਨੂੰ ਵਿਗਿਆਨ, ਫਿਲਾਸਫੀ, ਨਵੀਂ ਸੋਚ ਨਾਲ ਜੋੜਨ ਦੀ ਹੈ। ਪਰ ਆਪੋ-ਧਾਪੀ, ਮਾੜੀ ਸਿਆਸਤ ਅਤੇ ਸਭਿਆਚਾਰਕ ਖੋਖਲੇਪਣ ਨੇ ਪੰਜਾਬ ਦੇਸ ਦੇ ਭਵਿੱਖ ਨੂੰ ਰੋਲ ਕੇ ਰੱਖ ਦਿੱਤਾ ਹੈ। ਤਸੱਲੀ ਇਸ ਗੱਲ 'ਚ ਬਹੁਤ ਮਿਲ ਰਹੀ ਹੈ ਕਿ ਬਸ ਵਿਚ ਸਫ਼ਰ ਕਰਦੇ ਮਾਸੂਮਾਂ ਦਾ ਹੁਣ ਕੋਈ ਕਤਲ ਨਹੀਂ ਕਰਦਾ।

ਕੀ ਅਸੀਂ ਬਿਨਾਂ ਪੰਜਾਬੀ ਭਾਸ਼ਾ ਦੇ ਪੰਜਾਬ ਦੇਸ ਨੂੰ ਖੇਰੂੰ ਖੇਰੂੰ ਹੋਣ ਤੋਂ ਬਚਾ ਸਕਦੇ ਹਾਂ? ਜਿਨ੍ਹਾਂ ਲੋਕਾਂ ਨੂੰ ਨਾ ਪੰਜਾਬੀ ਮਾਂ-ਬੋਲੀ ਨਾਲ ਮੋਹ ਹੈ ਅਤੇ ਨਾ ਆਪਣੀ ਜਨਮ-ਭੂਮੀ ਨਾਲ ਉਹ ਮੁਨਾਫ਼ੇ ਅਤੇ ਧਨ-ਸੰਪਤੀ ਦੀ ਖਾਤਰ ਕੋਈ ਪੈਂਤੜਾ ਵੀ ਅਖਤਿਆਰ ਕਰ ਸਕਦੇ ਹਨ। ਜਿਹੜੇ ਆਪਣੇ ਘਰ (ਪੰਜਾਬ) ਦੇ ਸਕੇ ਨਹੀਂ ਉਹ ਸ਼ਹਿਰ (ਭਾਰਤ) ਦੇ ਕਿਵੇਂ ਸਕੇ ਹੋ ਸਕਦੇ ਹਨ? ਜ਼ਾਹਿਰ ਹੈ ਕਿ ਜ਼ਿਆਦਾ ਸਹੂਲਤਾਂ ਪ੍ਰਾਪਤ ਕਰਨ ਵਾਲੇ ਬਹੁਤੇ ਪੰਜਾਬੀਆਂ ਨੂੰ ਅੱਜ ਨਾ ਪੰਜਾਬ ਦੀ ਭੂਮੀ ਨਾਲ ਲਗਾਉ ਹੈ ਤੇ ਨਾ ਪੰਜਾਬੀ ਭਾਸ਼ਾ ਨਾਲ ਸਾਂਝ ਉਨ੍ਹਾਂ ਦੀ ਰਹਿ ਗਈ ਹੈ। ਸਥਿਤੀ ਦੇ ਇਸ ਪਿਛੋਕੜ ਨੂੰ ਅੱਖੋਂ ਉਹਲੇ ਕਰਕੇ ਅਸੀਂ ਪੰਜਾਬ ਦੇਸ ਨਾਲ ਨਿਆਂ ਨਹੀਂ ਕਰ ਸਕਦੇ। ਜਿਨ੍ਹਾਂ ਪਾਸ ਵਸੀਲੇ ਤੇ ਤਾਕਤ ਹੈ, ਜਿਹੜੇ ਪੰਜਾਬ ਨੂੰ ਸਮੇਂ ਨਾਲ ਤੋਰ ਸਕਦੇ ਹਨ ਅਤੇ ਇਸਦੇ ਭਵਿੱਖ ਦਾ ਨਕਸ਼ਾ ਉਲੀਕ ਸਕਦੇ ਹਨ, ਉਨ੍ਹਾਂ ਨੇ ਹੀ ਪੰਜਾਬ ਨੂੰ ਵਿਸਾਰ ਦਿੱਤਾ ਹੈ। ਪਿੱਛੇ ਰਹਿ ਜਾਂਦੇ ਹਨ ਗੋਲੀਆਂ ਚਲਾਣ ਤੇ ਖਾਣ ਵਾਲੇ, ਭਾਵੇਂ ਉਹ ਦਹਿਸ਼ਤ-ਪਸੰਦ ਹਨ ਜਾਂ ਪੁਲਿਸ ਦੇ ਕਾਰਿੰਦੇ। ਇਨ੍ਹਾਂ ਦੀ ਆਪਣੀ ਸੋਝੀ ਤੇ ਸਿਆਸਤ ਹੈ।

ਦੂਜੇ ਪਾਸੇ ਦੇਸ ਪੰਜਾਬ ਬਾਰੇ ਫ਼ਿਕਰ ਕਰਨ ਵਾਲੇ ਕਹਿੰਦੇ ਹਨ ਕਿ ਪੰਜਾਬੀ ਗ਼ਾਇਬ ਹੋ ਰਹੀ ਭਾਸ਼ਾ ਹੈ। ਇਹ ਬੱਚਿਆਂ ਦੇ ਪੜ੍ਹਨ ਲਿਖਣ ਦੇ ਪਿੜ 'ਚੋਂ ਖਾਰਜ ਹੋ ਰਹੀ ਹੈ। ਸਿਰਫ਼ ਪਿੰਡਾਂ 'ਚ ਹੀ ਪੰਜਾਬੀ ਬੋਲੀ ਤੇ ਪੜ੍ਹੀ ਜਾਂਦੀ ਹੈ। ਪੰਜਾਬ ਦੇ ਸ਼ਹਿਰਾਂ 'ਚ ਇਹ ਬੋਲੀ ਜਾਂਦੀ ਹੈ ਪਰ ਹੁਣ ਪੜ੍ਹੀ ਲਿਖੀ ਨਹੀਂ ਜਾਂਦੀ। ਪਿੰਡ ਬਹੁਤੀਆਂ ਗੱਲਾਂ ਲਈ ਸ਼ਹਿਰ ਵੱਲ ਦੇਖਦੇ ਹਨ ਤੇ ਸ਼ਹਿਰ ਸਭਿਆਚਾਰਕ ਖੇਤਰ ਵਿਚ ਕਿਸੇ ਵਲ ਨਹੀਂ ਦੇਖਦੇ, ਸਿਰਫ਼ ਨੋਟਾਂ ਵਲ ਅਤੇ ਨੋਟਾਂ ਨਾਲ ਖ਼ਰੀਦੀਆਂ ਜਾ ਕਸਣ ਵਾਲੀਆਂ ਵਸਤਾਂ ਵਲ ਦੇਖਦੇ ਹਨ।

ਪੰਜਾਬ ਦੇ ਸ਼ਹਿਰਾਂ 'ਚ ਅੱਜ ਧੂੰਏਂ ਅਤੇ ਪ੍ਰਦੂਸ਼ਨ ਦਾ ਜ਼ਹਿਰ ਵੱਧ ਰਿਹਾ ਹੈ। ਬੱਚੇ ਰੇੜ੍ਹਾਂ ਦੀਆਂ ਰੇੜ੍ਹਾਂ ਰਿਕਸ਼ਿਆਂ 'ਚ ਬੈਠ ਕੇ ਅੰਗ੍ਰੇਜ਼ੀ ਸਕੂਲਾਂ 'ਚ ਜਾਂਦੇ ਹਨ। ਗੱਲ ਸਾਫ਼ ਹੈ ਕਿ ਸ਼ਹਿਰਾਂ 'ਚ ਰਹਿ ਰਿਹਾ ਪੰਜਾਬੀ ਹੌਲੇ ਹੌਲੇ ਆਪਣੀ ਮਾਂ-ਬੋਲੀ ਪੰਜਾਬੀ ਤੋਂ ਦੂਰ ਜਾਣ ਲਈ ਪੂਰੀ ਤਰ੍ਹਾਂ ਤਿਆਰ ਬੈਠਾ ਹੈ। ਉਹ ਸਭਿਆਚਾਰਕ ਪੱਖੋਂ ਯਤੀਮ ਹੋ ਰਿਹਾ ਹੈ ਪਰ ਉਸ ਨੂੰ ਸੋਝੀ ਨਹੀਂ ਕਿ ਉਹ ਯਤੀਮ ਹੋ ਰਿਹਾ ਹੈ। ਉਹ ਸਭਿਆਚਾਰ ਨੂੰ ਸਿਰਫ਼ ਭੰਗੜਾ, ਗਿੱਧਾ, ਬੋਲੀਆਂ ਅਤੇ ਫੂਹੜ ਲਤੀਫਿਆਂ ਤੱਕ ਸੀਮਤ ਸਮਝਦਾ ਹੈ ਤੇ ਖੁਸ਼ ਹੈ ਕਿ ਉਹ ਅਜਿਹਾ ਸਮਝਦਾ ਹੈ।

ਪੰਜਾਬੀ ਸ਼ਹਿਰੀ ਬੰਦਾ ਸਿਸਟਮ 'ਚ ਖੁੱਭਾ ਹੋਇਆ ਹੈ। ਉਸਦਾ ਆਪਣਾ ਕਹਿਣ ਨੂੰ ਕੁਝ ਵੀ ਨਹੀਂ ਸਿਵਾਏ ਉਸਦੀ ਸੰਪਤੀ ਤੇ ਕਾਰੋਬਾਰ ਜਾਂ ਨੌਕਰੀ ਦੇ! ਸਿਸਟਮ ਦੀ ਬੋਲੀ ਅੰਗ੍ਰੇਜ਼ੀ ਹੈ ਜਾਂ ਹਿੰਦੀ। ਪੰਜਾਬੀ ਰਾਜ-ਭਾਸ਼ਾ ਹੋ ਕੇ ਵੀ 'ਨਾ ਤਿੰਨਾਂ ਤੇ ਨਾ ਤੇਰ੍ਹਾਂ' 'ਚ ਹੈ। ਅਰਥਚਾਰੇ ਨੂੰ ਚਲਾਣ ਲਈ ਪੰਜਾਬੀ ਜ਼ਰੂਰੀ ਨਹੀਂ; ਇਹ ਜ਼ਰੂਰੀ ਕਦੇ ਵੀ ਨਹੀਂ ਸੀ ਹੋਈ।

ਅਜਿਹੀ ਪਿੱਠਭੂਮੀ 'ਚ ਕਿਆਸ ਕੀਤਾ ਜਾ ਸਕਦਾ ਹੈ ਕਿ ਪੰਜਾਬੀ ਭਾਸ਼ਾ ਦਾ ਭਵਿੱਖ ਕੀ ਹੋਵੇਗਾ। ਜਿਹੜੇ ਯਤਨ ਪੰਜਾਬੀ ਦੇ ਵਿਕਾਸ ਲਈ ਕੀਤੇ ਜਾਂਦੇ ਹਨ ਉਹ ਸਿਸਟਮ ਦੇ ਪ੍ਰਵਾਹ ਅਤੇ ਸ਼ਹਿਰ ਦੇ ਕਹਿਰ ਅੱਗੇ ਉੱਕਾ ਨਿਗੂਣੇ ਸਿੱਧ ਹੋ ਰਹੇ ਹਨ। ਗੱਲ ਪੰਜਾਬੀ ਸਭਿਆਚਾਰਕ ਜਾਤੀ ਦੇ ਵਜੂਦ ਦੀ ਨਹੀਂ ਹੁੰਦੀ। ਇਹ ਗੱਲ ਪੰਜਾਬ ਦੇ ਤਕੜੇ 'ਹਿਤੈਸ਼ੀ' ਵੀ ਨਹੀਂ ਕਰਦੇ। ਜਿਹੜੇ ਪੰਜਾਬ ਨੂੰ ਬਚਾਣ ਦਾ ਰੌਲਾ ਪਾਉਂਦੇ ਹਨ, ਉਹ ਧਰਮ ਦੀ ਆੜ 'ਚ ਪੰਜਾਬੀ ਭਾਸ਼ਾ ਨੂੰ ਗੁਰਬਾਣੀ ਤੇ ਭਾਈ ਵੀਰ ਸਿੰਘ ਤੱਕ ਸੀਮਤ ਕਰਕੇ ਆਪਣੇ ਬੱਚੇ ਡਲਹੌਜ਼ੀ, ਸ਼ਿਮਲੇ ਜਾਂ ਸਨਾਵਰ ਦੇ ਕੌਨਵੈਂਟ ਸਕੂਲਾਂ 'ਚ ਭੇਜਦੇ ਹਨ। ਜਿਹੜੇ ਪੰਜਾਬੀ ਨੂੰ ਪੇਂਡੂਆਂ ਤੇ ਗੰਵਾਰਾਂ ਦੀ ਬੋਲੀ ਕਹਿ ਕੇ ਇਸਦਾ ਵਿਰੋਧ ਕਰਦੇ ਹਨ ਉਹ ਘਰਾਂ 'ਚ ਹਿੰਦੀ ਬੋਲਦੇ (ਸਿਰਫ਼ ਗਾਲ੍ਹਾਂ ਪੰਜਾਬੀ 'ਚ ਕੱਢਦੇ ਹਨ) ਅਤੇ ਗੱਲ ਪੰਜਾਬੀਅਤ ਦੀ ਕਰਦੇ ਹਨ।
ਉਨ੍ਹਾਂ ਲਈ ਪੰਜਾਬੀਅਤ ਦੇ ਅਰਥ ਹਨ ਸ਼ਾਮ ਨੂੰ ਵਿਸਕੀ ਤੇ ਸਵੇਰੇ ਲੱਸੀ ਪੀਣੀ, ਸਾਗ ਤੇ ਮੱਕੀ ਦੀ ਰੋਟੀ ਦੀ ਗੱਲ ਕਰਨੀ।

ਪੰਜਾਬੀ ਭਾਸ਼ਾ ਤੋਂ ਬਗ਼ੈਰ ਪੰਜਾਬੀਅਤ ਦੇ ਕੋਈ ਅਰਥ ਨਹੀਂ ਰਹਿ ਜਾਂਦੇ। ਪੰਜਾਬੀ ਭਾਸ਼ਾ ਦਾ ਮਤਲਬ ਸਿਰਫ਼ ਪੰਜਾਬੀ ਬੋਲਣਾ ਜਾਂ ਚਿੱਠੀ-ਪੱਤਰ ਕਰਨਾ ਨਹੀਂ; ਇਸਦੇ ਅਰਥ ਹਨ ਪੰਜਾਬੀ ਭਾਸ਼ਾ ਵਿਚ ਬੌਧਿਕ ਸ਼ਮੂਲੀਅਤ। ਲੋੜ ਅੱਜ ਪੰਜਾਬੀ ਕਹਾਣੀ, ਨਾਵਲ ਜਾਂ ਕਵਿਤਾ ਲਿਖਣ ਜਾਂ ਪੜ੍ਹਨ ਦੀ ਹੀ ਨਹੀਂ। ਅੱਜ ਪੰਜਾਬੀ ਬੰਦੇ ਨੂੰ ਲੋੜ ਹੈ ਕਿ ਉਹ ਵਿਗਿਆਨ, ਫਿਲਾਸਫੀ, ਅਰਥ ਵਿਗਿਆਨ, ਆਦਿ ਖੇਤਰਾਂ ਵਿਚ ਵੀ ਪੰਜਾਬੀ ਭਾਸ਼ਾ 'ਚ ਪੁਸਤਕਾਂ ਲਿਖੇ, ਪੜ੍ਹੇ ਅਤੇ ਇਸ ਦੀ ਖਾਤਰ ਜੱਦੋ-ਜਹਿਦ ਕਰੇ। ਅਜਿਹਾ ਹੋ ਨਹੀਂ ਰਿਹਾ। ਹੁਣ ਅਜਿਹਾ ਹੋਣਾ ਸੰਭਵ ਵੀ ਨਹੀਂ ਲੱਗਦਾ। ਜੋ ਹੋ ਰਿਹਾ ਹੈ ਉਹ ਵਰਤਮਾਨ ਦੀ ਤੋਰ ਸਾਹਮਣੇ 'ਕੁਝ ਵੀ ਨਹੀਂ' ਦੇ ਬਰਾਬਰ ਹੈ।

ਜਦੋਂ ਕਿਸੇ ਜਾਤੀ ਦੇ ਲੋਕਾਂ ਦੇ ਜੀਵਨ 'ਚੋਂ ਉਨ੍ਹਾਂ ਦੀ ਆਪਣੀ ਭਾਸ਼ਾ ਖਾਰਜ ਹੋ ਜਾਵੇ ਉਹ ਖੋਖਲੇ ਹੋ ਜਾਂਦੇ ਹਨ। ਸਮੇਂ ਨਾਲ ਉਸ ਜਾਤੀ ਦੇ ਪਛਾਣ-ਚਿੰਨ ਤਬਦੀਲ ਹੋ ਜਾਂਦੇ ਹਨ, ਫਿਰ ਉੱਕਾ ਬਦਲ ਜਾਂਦੇ ਹਨ। ਪਰ ਭਾਸ਼ਾ ਵਿਚ ਸ਼ਮੂਲੀਅਤ ਉਸ ਜਾਤੀ ਦੇ ਮੂਲ ਨੂੰ ਮਰਨ ਨਹੀਂ ਦੇਂਦੀ। ਮਨੁੱਖ ਭਾਸ਼ਾ

ਰਾਹੀ ਵਧਦਾ ਅਤੇ ਭਾਸ਼ਾ ਰਾਹੀ ਵਿਗਸਦਾ ਹੈ। ਇਸ ਰਾਹੀ ਹੀ ਉਹ ਆਪਣੀ ਨਿੱਜੀ ਤੇ ਸਮਾਜਕ ਪੱਛਾਣ ਕਰਦਾ ਹੈ। ਇਹ ਗੱਲ ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਸਮਝ 'ਚ ਨਹੀ ਆਈ। ਇਹ ਗੱਲ ਉਨ੍ਹਾਂ ਦੀ ਸਮਝ 'ਚ ਜ਼ਰੂਰ ਆਈ ਹੈ ਜੋ ਪੰਜਾਬ 'ਚ ਰਹਿ ਕੇ, ਪੰਜਾਬੀ ਬੋਲ ਕੇ, ਪੰਜਾਬੀ ਨੂੰ ਨਫ਼ਰਤ ਕਰਦੇ ਹਨ। ਨਫ਼ਰਤ ਵੀ ਦਲੀਲ ਨਾਲ ਕਰਦੇ ਹਨ। ਜਲੰਧਰ ਵਿਚ ਰਹਿ ਰਹੇ ਮਹਾਸ਼ਾ ਵਿਰੇਂਦਰ ਦਾ ਦਹਾਕਿਆਂ ਤੋਂ ਇਹੀ ਪ੍ਰਚਾਰ ਚੱਲ ਰਿਹਾ ਹੈ ਕਿ ਪੰਜਾਬੀ ਕੋਈ ਭਾਸ਼ਾ ਨਹੀਂ ਇਹ ਉਪ-ਭਾਸ਼ਾ ਹੈ।

ਪੰਜਾਬੀ ਉਪ-ਭਾਸ਼ਾ ਹੈ ਤਾਂ ਇਸਦਾ ਮਤਲਬ ਹੈ ਕਿ ਇਹ ਸਿਰਫ਼ ਬੋਲਣ (ਜਾਂ ਗਾਲ੍ਹਾਂ ਕੱਢਣ) ਦਾ ਕੰਮ ਸਾਰਦੀ ਹੈ। ਇਸ ਨੂੰ ਅਰਥਚਾਰੇ ਅਤੇ ਹੋਰ ਸਮਾਜਕ ਤੇ ਵਿਗਿਆਨਕ ਵਰਤਾਰਿਆਂ ਲਈ ਵਰਤਣ ਦੀ ਲੋੜ ਨਹੀਂ। ਆਉਂਦੀਆਂ ਪੁਸ਼ਤਾਂ ਲਈ ਪੰਜਾਬੀ ਬੋਲਚਾਲ ਦੀ 'ਉਪ-ਭਾਸ਼ਾ' ਵੀ ਨਹੀਂ ਰਹਿ ਗਈ। ਬੱਚੇ ਘਰਾਂ 'ਚ ਵੀ ਹਿੰਦੀ ਬੋਲਦੇ ਹਨ। ਪੰਜਾਬੀ ਭਾਸ਼ਾ ਨੂੰ ਹੌਲੇ ਹੌਲੇ ਬੱਚਿਆਂ ਦੇ ਜ਼ਿਹਨ 'ਚੋਂ ਹਮੇਸ਼ਾਂ ਲਈ ਖਤਮ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਦੀ ਚਿਰਾਂ ਤੋਂ ਦਲੀਲ ਹੈ ਕਿ ਜੇ ਪੰਜਾਬ ਅਤੇ ਇਸਦੇ ਇਰਦ ਗਿਰਦ ਅਮਨ ਅਤੇ ਤਰੱਕੀ ਹਮੇਸ਼ਾਂ ਲਈ ਕਾਇਮ ਰੱਖਣੀ ਹੈ ਤਾਂ ਹਿਮਾਚਲ, ਪੰਜਾਬ, ਹਰਿਆਣਾ ਨੂੰ ਮਿਲਾ ਕੇ ਮਹਾਂਪੰਜਾਬ ਬਣਾ ਦਿੱਤਾ ਜਾਵੇ। ਮਤਲਬ ਸਾਫ ਹੈ: ਪੰਜਾਬੀ ਸਭਿਆਚਾਰਕ ਜਾਤੀ ਹੌਲੇ ਹੌਲੇ ਸਿਰਫ਼ ਸਾਗ ਤੇ ਮੱਕੀ ਦੀ ਰੋਟੀ ਖਾਣ ਤੱਕ ਸੀਮਤ ਰਹਿ ਜਾਵੇ। ਜਿਨ੍ਹਾਂ ਨੂੰ ਇਹ ਪਕਵਾਨ ਪ੍ਰਾਪਤ ਨਾ ਹੋ ਸਕੇ, ਉਹ ਇਸ ਦੀ ਗੱਲ ਕਰਕੇ ਹੱਸ ਦਿਆ ਕਰਨ। ਜਾਂ ਕਦੇ ਕਦਾਈ ਭੰਗੜੇ ਅਤੇ ਗਿੱਧੇ ਦਾ ਪ੍ਰੋਗਰਾਮ ਕਰਵਾ ਕੇ ਖੁਸ਼ ਹੋ ਜਾਇਆ ਕਰਨ। ਸਮੇਂ ਨਾਲ ਪੰਜਾਬੀ ਸਭਿਆਚਾਰ ਦੀਆਂ ਇਹ ਇਕਾਈਆਂ ਵੀ ਮਰ ਮਿਟ ਜਾਣਗੀਆਂ।

ਇਸ ਦੁੱਖ ਭਰੇ ਦ੍ਰਿਸ਼ ਦਾ ਕਾਰਣ ਇਹ ਹੈ ਕਿ ਅੱਜ ਜੋ ਕੁਝ ਵਾਪਰ ਰਿਹਾ ਹੈ ਉਸਦੀਆਂ ਤੈਹਾਂ ਕੁਰੇਦਣ ਲਈ ਕੋਈ ਤਿਆਰ ਨਹੀਂ। ਕੱਲ੍ਹ ਨੂੰ ਕੀ ਵਾਪਰਨ ਦੀ ਸੰਭਾਵਨਾ ਹੈ, ਅੱਜ ਜੋ ਵਾਪਰ ਰਿਹਾ ਹੈ ਉਸ ਤੋਂ ਸਪਸ਼ਟ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਹੈਰਾਨ ਨਹੀ ਹੋਣਾ ਚਾਹੀਦਾ ਕਿ ਪੰਜਾਬੀ ਵਿਚ ਪਾਠਕ ਰਹੇ ਨਹੀਂ। ਅੱਜ ਪਾਠਕ ਸਿਰਫ ਲੇਖਕ ਹੀ ਹਨ। ਇਹ ਵੀ ਹੈਰਾਨੀ ਵਾਲੀ ਗੱਲ ਨਹੀਂ ਕਿ ਕਿਤਾਬਾਂ ਵਿਕਦੀਆਂ ਨਹੀਂ। ਜਿਹੜੀਆਂ ਵਿਕਦੀਆਂ ਹਨ ਉਹ ਸਿਰਫ਼ ਲਾਇਬ੍ਰੇਰੀਆਂ 'ਚ ਜਾਂਦੀਆਂ ਹਨ। ਲੇਖਕਾਂ ਨੂੰ ਕੋਲੋਂ ਖਰਚ ਕਰਕੇ ਕਿਤਾਬ ਛਪਵਾਣੀ ਪੈਂਦੀ ਹੈ। ਜਿਹੜਾ ਸਮਾਜ ਵਿਗਿਆਨਾਂ ਦੇ ਖੇਤਰ ਵਿਚ ਉੱਚ-ਵਿੱਦਿਆ ਪ੍ਰਾਪਤ ਕਰ ਲੈਂਦਾ ਹੈ ਉਹ ਪੰਜਾਬੀ ਭਾਸ਼ਾ ਨੂੰ ਉੱਕਾ ਛੱਡ ਜਾਂਦਾ ਹੈ। ਪੰਜਾਬੀ 'ਚ ਲਿਖਣ ਵਾਲੇ ਸਿਰਫ਼ ਕਵੀ ਤੇ ਕਹਾਣੀਕਾਰ ਆਦਿ ਬਚ ਜਾਂਦੇ ਹਨ ਜਿਨ੍ਹਾਂ ਨੂੰ ਲਿਖ ਕੇ ਹੁੰਗਾਰਾ ਪਾਠਕਾਂ ਵਲੋਂ ਘੱਟ ਤੇ ਇਨਾਮਾਂ/ਸਨਮਾਨਾਂ ਵਲੋਂ ਵੱਧ ਮਿਲ ਰਿਹਾ ਹੈ।

ਮੁੱਕਦੀ ਗੱਲ: ਜਿਹੜੇ ਇੱਥੇ ਦੇਸ ਪੰਜਾਬ 'ਚ ਬੈਠੇ ਵਿਦੇਸ਼ਾਂ 'ਚ ਰਹਿ ਰਹੇ ਪੰਜਾਬੀਆਂ ਨੂੰ ਪੁੱਛਦੇ ਹਨ ਕਿ ਤੁਹਾਡੇ ਬਾਹਰ ਪੰਜਾਬੀ ਦਾ ਕੀ ਭਵਿੱਖ ਹੈ, ਉਨ੍ਹਾਂ ਨੂੰ ਮੋੜਵਾਂ ਸਵਾਲ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ: ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦਾ ਭਵਿੱਖ ਦੇਸ ਪੰਜਾਬ 'ਚ ਕੀ ਹੈ?

**ਗੁਰਬਚਨ**

255/1 ਸੈਕਟਰ 45 ਏ, ਚੰਡੀਗੜ੍ਹ - 160047

**ਗੁਰਬਚਨ** ਦੀ ਨਵੀ ਕਿਤਾਬ

**ਸਾਹਿਤਨਾਮਾ**

ਮਿਲਣ ਦਾ ਪਤਾ: ਰਿਚਾ ਪ੍ਰਕਾਸ਼ਨ, 255/1 ਸੈਕਟਰ 45 ਏ, ਚੰਡੀਗੜ੍ਹ - 160047

**DOSANJH & COMPANY**

*Barrister & Solicitors*

**Ujjal Dosanjh** **Thomas Wooley**

**Pardeep Nunrha**
**Articled Student**

**With over 14 years of experience in:**

- **Personal Injury (ICBC)**
  **(handed on contingency (%) basis)**
- **Divorce & Family Cases**
- **Criminal Trials**
- **Supreme Court Civil Trials**
- **All immigration Matters**
- **Workers Compensation Matters**
- **Buying & Selling Property**

#202-5887 Victoria Dr.
Vancouver, BC V5P 3W5

**327-6381**

**BUYING OR SELLING**

**Residential, Farms, Lots**

**Always Remember To Call Your Friendly Realtor**

**Kuldip (Kal) Rangi**
**Ph.: Res. 278-8320**
**Bus. 322-3272**



amex

**AMEX INTERNATIONAL REALTY CORP.**

200-6325 Fraser St. Vancouver B.C. V5W 3A3

ਸਥਾਈ ਕਾਲਮ

# ਪਰਦਾ ਜੋ ਉੱਠ ਗਿਆ

## ਸੁਖਵੰਤ ਹੁੰਦਲ

### ਅੰਤਰਰਾਸ਼ਟਰੀ ਪੱਧਰ ਤੇ ਔਰਤਾਂ ਦਾ ਵਪਾਰ

ਅੱਜ ਸੰਸਾਰ ਵਿਚ ਜਿਸ ਵੱਡੀ ਗਿਣਤੀ ਵਿਚ ਔਰਤਾਂ ਨੂੰ ਵੇਸਵਾਗਮਨੀ ਲਈ ਵੇਚਿਆ ਤੇ ਖਰੀਦਿਆ ਜਾ ਰਿਹਾ ਹੈ ਉਸਤੋਂ ਲੱਗਦਾ ਹੈ ਦੁਨੀਆਂ ਵਿਚ ਔਰਤ ਦੀ ਹੈਸੀਅਤ ਮਰਦ ਦੀ ਹਵਸ ਪੂਰੀ ਕਰਨ ਵਾਲੀ ਵਸਤ ਤੋਂ ਵੱਧ ਹੋਰ ਕੁਝ ਨਹੀ ਹੈ। ਸੰਨ 1991 ਵਿਚ ਦੱਖਣੀ ਪੂਰਬੀ ਏਸ਼ੀਅਨ ਔਰਤਾਂ ਦੀਆਂ ਜਥੇਬੰਦੀਆਂ ਦੀ ਹੋਈ ਕਾਨਫਰੰਸ ਦੇ ਇਕ ਅੰਦਾਜ਼ੇ ਮੁਤਾਬਕ ਸੱਤਰਵਿਆਂ ਦੇ ਅੱਧ ਤੋਂ ਲੈਕੇ ਹੁਣ ਤੱਕ ਦੁਨੀਆਂ ਭਰ ਵਿਚ 3 ਕਰੋੜ ਦੇ ਲਗਭਗ ਔਰਤਾਂ ਵੇਚੀਆਂ ਗਈਆਂ ਹਨ।

ਔਰਤਾਂ ਦੇ ਵੇਚਣ-ਖਰੀਦਣ ਦਾ ਇਹ ਵਪਾਰ ਦੁਨੀਆਂ ਦੇ ਕਿਸੇ ਇਕ ਖੇਤਰ ਤੱਕ ਸੀਮਤ ਨਹੀ ਅਤੇ ਨਾ ਹੀ ਵੱਖ ਵੱਖ ਦੇਸ਼ਾਂ ਵਿਚਕਾਰ ਪੈਂਦੇ ਅੰਤਰਰਾਸ਼ਟਰੀ ਬਾਰਡਰ ਔਰਤਾਂ ਨੂੰ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਭੇਜਣ-ਲਿਜਾਣ ਲਈ ਕੋਈ ਰੋਕ ਬਣਦੇ ਜਾਪਦੇ ਹਨ। ਇਕ ਅੰਦਾਜ਼ੇ ਅਨੁਸਾਰ ਬੰਬਈ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਵਿਚ ਸਥਿਤ ਚਕਲਿਆਂ ਵਿਚ 50,000 ਦੇ ਲੱਗਭਗ ਨੇਪਾਲੀ ਔਰਤਾਂ ਵੇਸਵਾਗਮਨੀ ਕਰਨ ਲਈ ਮਜ਼ਬੂਰ ਹਨ। ਉੱਤਰ ਪ੍ਰਦੇਸ਼ ਦੀਆਂ 15,000 ਵੇਸਵਾਵਾਂ ਵਿਚੋਂ 80 ਫੀਸਦੀ ਔਰਤਾਂ ਨੇਪਾਲੀ ਹਨ।

ਪਾਕਿਸਤਾਨ ਵਿਚ ਵੇਸਵਾਗਮਨੀ ਦੇ ਧੰਦੇ ਦੀ ਲੋੜ ਪੂਰੀ ਕਰਨ ਲਈ 2 ਲੱਖ ਦੇ ਕਰੀਬ ਬੰਗਲਾ ਦੇਸ਼ੀ ਔਰਤਾਂ ਇਸ ਧੰਦੇ ਵਿਚ ਹਨ। ਇਹ ਔਰਤਾਂ ਬੰਗਲਾ ਦੇਸ਼ ਤੋਂ ਚੁੱਕ ਕੇ ਜਾਂ ਝਾਂਸਾ ਦੇ ਕੇ ਹਿੰਦੁਸਤਾਨ ਰਾਹੀਂ ਪਾਕਿਸਤਾਨ ਪਹੁੰਚਾਈਆਂ ਜਾਂਦੀਆਂ ਹਨ। ਇਸ ਰਸਤੇ 'ਚ ਪੈਂਦੇ ਦੋ ਅੰਤਰਰਾਸ਼ਟਰੀ ਬਾਰਡਰ ਔਰਤਾਂ ਦੇ ਇਸ ਵਪਾਰ ਵਿਚ ਕੋਈ ਵੱਡੀ ਰੋਕ ਬਣਦੇ ਨਹੀ ਦਿਸਦੇ।

ਜਾਪਾਨ ਦੀ ਕਾਮ-ਸਨਅਤ (ਸੈਕਸ ਇੰਡਸਟਰੀ) ਦੀ ਲੋੜ ਪੂਰੀ ਕਰਨ ਲਈ ਫਿਲਪੀਨ, ਥਾਈਲੈਂਡ, ਸਾਊਥ ਕੋਰੀਆ ਅਤੇ ਤਾਈਵਾਨ ਤੋਂ ਹਰ ਸਾਲ ਇਕ ਲੱਖ ਦੇ ਕਰੀਬ ਔਰਤਾਂ ਜਾਪਾਨ ਆਉਂਦੀਆਂ ਹਨ। ਜਾਪਾਨ ਦੀ ਕਾਮ-ਸਨਅਤ ਲਈ ਲੋੜੀਦਾ ਔਰਤਾਂ ਦਾ ਇਹ ਵਪਾਰ ਯਾਕੂਜ਼ਾ ਨਾਂ ਦੇ ਜਾਪਾਨੀ ਮਾਫੀਏ ਦੀ ਦੇਖਰੇਖ ਅਧੀਨ ਹੁੰਦਾ ਹੈ।

ਸੋਵੀਅਤ ਯੂਨੀਅਨ ਦੇ ਟੁੱਟਣ ਅਤੇ ਪੂਰਬੀ ਯੂਰਪ ਵਿਚ 'ਕਮਿਊਨਿਸਟ' ਨਿਜ਼ਾਮ ਦੇ ਖਾਤਮੇ ਤੋਂ ਬਾਅਦ ਸਾਬਕਾ ਸੋਵੀਅਤ ਯੂਨੀਅਨ ਅਤੇ ਪੂਰਬੀ ਯੂਰਪ ਤੋਂ ਵੱਡੀ ਗਿਣਤੀ ਵਿਚ ਔਰਤਾਂ ਨੂੰ ਪੱਛਮੀ ਯੂਰਪ, ਜਾਪਾਨ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਆਪਣੇ ਜਿਸਮ ਵੇਚਣ ਜਾਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ।

ਚੈਕਸਲੋਵਾਕੀਆ ਦੇ ਸ਼ਹਿਰ ਪਰਾਗ ਤੋਂ ਜਰਮਨੀ ਦੇ ਸ਼ਹਿਰ ਬਰਲਿਨ ਵਿਚਕਾਰ ਪੈਂਦੇ ਹਾਈਵੇ ਉੱਤੇ, ਜਰਮਨੀ ਅਤੇ ਚੈਕਸਲੋਵਾਕੀਆ ਵਿਚਕਾਰ ਪੈਂਦੇ ਬਾਰਡਰ ਦੇ ਨੇੜੇ, ਚੈਕਸਲੋਵਾਕੀਆ ਵਲਦੇ ਪਾਸੇ ਹਰ ਸਨਿਚਰਵਾਰ ਦੀ ਰਾਤ ਨੂੰ 300 ਦੇ ਲੱਗਭਗ ਜਵਾਨ ਔਰਤਾਂ ਆਪਣੇ ਜਿਸਮ ਵੇਚਣ ਲਈ ਖੜਦੀਆਂ ਹਨ। ਉਹਨਾਂ ਦੇ ਗਾਹਕ ਇਸ ਮੁੱਖ ਸੜਕ ਤੇ ਜਾਣ ਵਾਲੇ ਟਰੱਕਾਂ ਵਾਲੇ ਅਤੇ ਇਹਨਾਂ ਦੇਸ਼ਾਂ ਵਿਚਕਾਰ ਕੰਮ ਦੀ ਭਾਲ 'ਚ ਜਾਣ ਵਾਲੇ ਕਾਮੇ ਹੁੰਦੇ ਹਨ। ਇਹਨਾਂ ਔਰਤਾਂ ਵਿਚ ਚੈਕਸਲੋਵਾਕੀਆ, ਰੁਮਾਨੀਆ, ਬੁਲਗਾਰੀਆ, ਹੰਗਰੀ ਅਤੇ ਜਰਮਨੀ ਦੀਆਂ ਔਰਤਾਂ ਹੰਦੀਆਂ ਹਨ।

ਪੁਲੀਸ ਦੇ ਕਹਿਣ ਮੁਤਾਬਕ ਜਰਮਨੀ ਦੀਆਂ ਦੋ ਲੱਖ ਵੇਸਵਾਵਾਂ ਵਿਚੋਂ ਚੌਥਾ ਹਿੱਸਾ ਸਾਬਕਾ ਪੂਰਬੀ ਬਲਾਕ ਵਿਚੋਂ ਹਨ। ਇਜ਼ਰਾਇਲ ਦੇ ਸ਼ਹਿਰ ਟੈਲ ਅਵੀਵ ਵਿਚ ਪਿਛਲੇ ਪੰਜਾਂ ਸਾਲਾਂ ਦੌਰਾਨ ਚਕਲਿਆਂ ਦੀ ਗਿਣਤੀ 30 ਤੋਂ ਵੱਧ ਕੇ 150 ਹੋ ਗਈ ਹੈ। ਇਸਦਾ ਕਾਰਨ ਇਸ ਸ਼ਹਿਰ ਵਿਚ ਰੂਸੀ ਔਰਤਾਂ ਦਾ ਵੇਸਵਾਗਮਨੀ ਲਈ ਆਉਣਾ ਸ਼ੁਰੂ ਹੋਣ ਨਾਲ ਹੋਇਆ ਹੈ। ਮੱਧ ਪੂਰਬ ਦੇ ਸ਼ਹਿਰ ਡੁਬਈ ਵਿਚ ਚਾਰਟਰ ਜ਼ਹਾਜ਼ਾਂ ਵਿਚ ਦੋ ਹਫਤਿਆਂ ਦੇ ਵੀਜ਼ੇ ਤੇ ਰੂਸ ਤੋਂ ਔਰਤਾਂ ਇਸ ਧੰਦੇ ਲਈ ਆਉਂਦੀਆਂ ਹਨ। ਟਰਕੀ ਦੇ ਕਾਲੇ ਸਾਗਰ ਦੇ ਇਲਾਕੇ ਵਿਚ ਮੋਲਡੋਵਾ ਅਤੇ ਬੇਲਾਰਸ ਤੋਂ ਆਈਆਂ ਔਰਤਾਂ, ਜਿਹਨਾਂ ਨੂੰ ਨਤਾਸ਼ਾਵਾਂ ਕਿਹਾ ਜਾਂਦਾ ਹੈ, ਆਪਣੇ ਜਿਸਮ ਵੇਚਦੀਆਂ ਹਨ।

ਪੱਛਮੀ ਯੂਰਪ ਵਿਚ ਜਿਸਮ ਵੇਚਣ ਵਾਲੀਆਂ ਔਰਤਾਂ ਵਿਚ ਇਕੱਲੀਆਂ ਪੂਰਬੀ ਯੂਰਪ ਦੀਆਂ ਔਰਤਾਂ ਹੀ ਸ਼ਾਮਲ ਨਹੀ ਸਗੋਂ ਔਰਤਾਂ ਦਾ ਵਪਾਰ ਕਰਨ ਵਾਲੇ ਗਰੋਹ ਲਾਤੀਨੀ ਅਮਰੀਕਾ ਅਤੇ ਏਸ਼ੀਆ ਤੋਂ ਵੀ ਇਸ ਮਕਸਦ ਲਈ ਔਰਤਾਂ ਇਥੇ ਲਿਆਉਂਦੇ ਹਨ। ਪਿਛਲੇ ਦੋ ਸਾਲਾਂ ਦੌਰਾਨ ਸਪੇਨ ਦੀ ਪੁਲੀਸ ਨੇ ਇਸ ਸੰਬੰਧ ਵਿਚ ਦਰਜ਼ਨ ਦੇ ਕਰੀਬ ਗਰੋਹਾਂ ਦਾ ਪਤਾ ਲਾਇਆ ਹੈ।

ਅਮਰੀਕਾ ਦੇ ਕਈ ਸ਼ਹਿਰਾਂ- ਹੂਸਟਨ, ਡਿਟ੍ਰੋਆਇਟ, ਲਾਸ ਏਂਜਲਸ ਆਦਿ- ਵਿਚ ਸਾਊਥ ਕੋਰੀਆ ਅਤੇ ਐਲਸਲਵਾਡੋਰ ਤੋਂ ਔਰਤਾਂ ਵੇਸਵਾਗਮਨੀ ਲਈ ਲਿਆਈਆਂ ਜਾਂਦੀਆ ਹਨ।

ਅਸਟਰੇਲੀਆ ਦੇ ਮਰਦਾਂ ਦੀ ਲੋੜ ਪੂਰੀ ਕਰਨ ਲਈ ਫਿਲਪੀਨ ਤੋਂ ਔਰਤਾਂ ਮੰਗਵਾਈਆਂ ਜਾਂਦੀਆਂ ਹਨ। ਇਹਨਾਂ ਔਰਤਾਂ ਨੂੰ 'ਮੇਲ ਆਰਡਰ ਬਰਾਈਡਜ਼' ਭਾਵ 'ਡਾਕ ਰਾਹੀ ਆਰਡਰ ਕਰਕੇ ਮੰਗਵਾਈਆਂ ਪਤਨੀਆਂ' ਕਿਹਾ ਜਾਂਦਾ ਹੈ। ਸੰਨ 1976 ਵਿਚ 1,600 ਅਜਿਹੀਆਂ ਔਰਤਾਂ ਫਿਲਪੀਨ ਤੋਂ ਅਸਟਰੇਲੀਆ ਮੰਗਵਾਈਆਂ ਗਈਆਂ। 1981 ਵਿਚ ਇਹ ਗਿਣਤੀ ਵੱਧ ਕੇ 4,500 ਦੇ ਨੇੜੇ ਹੋ ਗਈ। ਹੁਣ ਅਸਟਰੇਲੀਆ ਵਿਚ ਜਾਪਾਨ ਤੋਂ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਉਹਨਾਂ ਦੀ ਕਾਮ-ਭੁੱਖ ਪੂਰੀ ਕਰਨ ਲਈ ਵੀ ਫਿਲਪੀਨੀ ਔਰਤਾਂ ਮੰਗਵਾਈਆਂ ਜਾਂਦੀਆਂ ਹਨ।

ਥਾਈਲੈਂਡ ਵਿਚ ਬਾਹਰੋਂ ਆਏ ਸੈਲਾਨੀਆਂ ਦੀ ਮੰਗ ਨੂੰ ਪੂਰਾ ਕਰਨ ਵਾਲੀ 'ਸੈਕਸ-ਇੰਡਸਟਰੀ' ਲਈ ਬਰਮਾ, ਲਾਉਸ, ਕੰਬੋਡੀਆ ਆਦਿ ਨੇੜੇ ਦੇ ਦੇਸ਼ਾਂ ਤੋਂ ਔਰਤਾਂ ਨੂੰ ਲਿਆਇਆ ਜਾਂਦਾ ਹੈ।

ਸੰਸਾਰ ਭਰ ਵਿਚ ਵਿਕ ਰਹੀਆਂ ਇਹਨਾਂ ਕਰੋੜਾਂ ਔਰਤਾਂ ਵਿਚੋਂ ਕਾਫੀ ਗਿਣਤੀ ਵਿਚ ਅਜਿਹੀਆਂ ਔਰਤਾਂ ਹਨ ਜਿਹਨਾਂ ਨੂੰ ਜਦੋਂ ਇਸ ਧੰਦੇ ਵਿਚ ਲਿਆਂਦਾ ਗਿਆ ਤਾਂ ਉਹ ਬਹੁਤ ਛੋਟੀ ਉਮਰ ਦੀਆਂ ਬੱਚੀਆਂ ਹੀ ਸਨ। 9 ਸਾਲ, 10 ਸਾਲ ਜਾਂ 12 ਸਾਲ ਦੀ ਉਮਰ ਵਿਚ ਵਿਕਣ ਲਈ ਮਜ਼ਬੂਰ ਹੋਣ ਵਾਲੀਆਂ ਔਰਤਾਂ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ। ਯੂਨੈਸਕੋ ਦੇ ਔਰਤਾਂ ਦੇ ਹੱਕਾਂ ਦੇ ਵਿਭਾਗ ਦੀ ਡਾਇਰੈਕਟਰ, ਵਾਸਾਇਲਾ ਤੈਮਜ਼ੈਲੀ ਅਨੁਸਾਰ "14 ਸਾਲ ਦੀ ਉਮਰ ਦੀਆਂ ਬੱਚੀਆਂ ਨੂੰ ਵੇਸਵਾਗਮਨੀ ਲਈ ਵੇਚਣਾ ਖਰੀਦਨਾ ਇਕ ਆਮ ਜਿਹੀ ਗੱਲ ਹੈ"। ਔਰਤਾਂ ਦੇ ਵਪਾਰ ਦਾ ਇਹ ਸਿਲਸਿਲਾ ਏਨਾ ਭਿਅੰਕਰ ਹੈ ਕਿ ਕਈ ਹਾਲਤਾਂ ਵਿਚ ਇਕ ਔਰਤ ਨੂੰ ਆਪਣੀ ਜ਼ਿੰਦਗੀ ਵਿਚ ਦਸ ਦਸ ਵਾਰੀ ਵਿਕਣਾ ਪੈਂਦਾ ਹੈ।

ਇਹਨਾਂ ਔਰਤਾਂ ਨੂੰ ਜ਼ਬਰੀ ਚੁੱਕ ਕੇ, ਨੌਕਰੀਆਂ ਦਾ ਝੂਠਾ ਝਾਂਸਾ ਦੇ ਕੇ, ਗਰੀਬੀ ਤੋਂ ਤੰਗ ਆਈਆਂ ਔਰਤਾਂ ਨੂੰ ਚੰਗੀ ਜ਼ਿੰਦਗੀ ਦੇ ਸਬਜ਼ਬਾਗ ਦਿਖਾਕੇ, ਵਿਆਹ ਦਾ ਝੂਠਾ ਲਾਰਾ ਲਾ ਕੇ, ਗਰੀਬ ਮਾਪਿਆਂ ਤੋਂ ਖਰੀਦ ਕੇ ਇਸ ਧੰਦੇ

ਵਿਚ ਲਿਆਇਆ ਜਾਂਦਾ ਹੈ। ਤਕਰੀਬਨ ਦੁਨੀਆਂ ਦੇ ਹਰ ਖਿੱਤੇ ਵਿਚ ਹੀ ਔਰਤਾਂ ਨੂੰ ਇਸ ਧੰਦੇ ਵਿਚ ਸ਼ੁਰੂ ਕਰਨ ਲਈ ਉਹਨਾਂ ਨੂੰ ਕੁੱਟਿਆ ਜਾਂਦਾ ਹੈ, ਉਹਨਾਂ ਨਾਲ ਬਲਾਤਕਾਰ ਤੇ ਸਮੂਹਕ ਬਲਾਤਕਾਰ ਕੀਤੇ ਜਾਂਦੇ ਹਨ, ਉਹਨਾਂ ਦੇ ਜਿਸਮਾਂ ਨੂੰ ਸਿਗਰਟਾਂ ਨਾਲ ਸਾੜਿਆ ਜਾਂਦਾ ਹੈ ਅਤੇ ਕਈ ਕਈ ਦਿਨ ਭੁੱਖਿਆਂ ਰੱਖਿਆ ਜਾਂਦਾ ਹੈ।

ਇਸ ਤਰ੍ਹਾਂ ਦਾ ਤਸ਼ੱਦਦ ਨਾ ਸਹਾਰਦੀਆਂ ਹੋਈਆਂ ਇਹ ਔਰਤਾਂ ਵੇਸਵਾਗਮਨੀ ਲਈ ਮਜ਼ਬੂਰ ਹੋ ਜਾਂਦੀਆਂ ਹਨ। ਉਹਨਾਂ ਦਾ ਵੇਸਵਾਗਮਨੀ ਦਾ ਜੀਵਨ ਦੁੱਖ ਅਤੇ ਬਿਮਾਰੀਆਂ ਭਰਿਆ ਹੁੰਦਾ ਹੈ। ਕਈ ਹਾਲਤਾਂ ਵਿਚ ਇਹਨਾਂ ਔਰਤਾਂ ਨੂੰ ਇਕ ਇਕ ਰਾਤ ਵਿਚ ਸੱਤ ਸੱਤ ਤੋਂ ਵੀ ਵੱਧ ਮਰਦਾਂ ਦੀ ਹਵਸ ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਹਨਾਂ ਦੀ ਹਰ ਰਾਤ ਦੋਜ਼ਖ ਤੋਂ ਘੱਟ ਨਹੀਂ ਹੁੰਦੀ। ਬੰਬਈ ਵਿਚ ਇਸ ਧੰਦੇ ਵਿਚ ਮਜ਼ਬੂਰ ਔਰਤਾਂ ਨੇ ਇਕ ਸਰਵੇ ਵਿਚ ਦੱਸਿਆ ਕਿ ਉਹਨਾਂ ਲਈ "ਹਰ ਰਾਤ ਹੀ ਤਸ਼ੱਦਦ ਦੀ ਰਾਤ ਹੁੰਦੀ ਹੈ"।

ਵੇਸਵਾਗਮਨੀ ਲਈ ਔਰਤਾਂ ਦਾ ਵਪਾਰ ਕਰਨ ਵਾਲੇ ਗਰੋਹਾਂ ਦਾ ਸ਼ਿਕਾਰ ਇਹਨਾਂ ਔਰਤਾਂ ਵਿਚ ਬਹੁਤੀਆਂ ਪਹਿਲਾਂ ਹੀ ਗਰੀਬੀ, ਭੁੱਖ, ਬੇਰੁਜ਼ਗਾਰੀ ਆਦਿ ਮੁਸੀਬਤਾਂ ਦਾ ਸ਼ਿਕਾਰ ਹੁੰਦੀਆਂ ਹਨ। ਪੂਰਬੀ ਯੂਰਪ ਵਿਚ ਵੇਸਵਾਗਮਨੀ ਲਈ ਮਜ਼ਬੂਰ ਹੋਣ ਵਾਲੀਆਂ ਔਰਤਾਂ ਦੀ ਗਿਣਤੀ ਵਿਚ ਇਸ ਲਈ ਵਾਧਾ ਹੋਇਆ ਹੈ ਕਿਉਂਕਿ 'ਕਮਿਊਨਿਸਟ' ਨਿਜ਼ਾਮ ਦੇ ਖਾਤਮੇ ਕਾਰਨ ਪੂਰਬੀ ਦੇਸ਼ਾਂ ਵਿਚ ਬੇਰੁਜ਼ਗਾਰੀ ਅਤੇ ਮਹਿੰਗਾਈ ਦਾ ਬੇਇੰਤਹਾ ਵਾਧਾ ਹੋਇਆ ਹੈ। ਇਸ ਬੇਰੁਜ਼ਗਾਰੀ ਅਤੇ ਮਹਿੰਗਾਈ ਦੀ ਬਹੁਤੀ ਸੱਟ ਔਰਤਾਂ ਨੂੰ ਝਲਣੀ ਪੈਂਦੀ ਹੈ। ਰੂਸ ਵਿਚ ਕੁੱਲ ਬੇਰੁਜ਼ਗਾਰ ਲੋਕਾਂ ਵਿਚੋਂ 75 ਫੀਸਦੀ ਔਰਤਾਂ ਹਨ।

ਦੁਨੀਆਂ ਦੇ ਦੂਜੇ ਹਿੱਸਿਆਂ ਵਿਚ ਵੀ ਵੇਸਵਾਗਮਨੀ ਲਈ ਔਰਤਾਂ ਦੇ ਵਪਾਰ ਦਾ ਸ਼ਿਕਾਰ ਔਰਤਾਂ ਵਿਚੋਂ ਬਹੁਗਿਣਤੀ ਭੁੱਖ ਅਤੇ ਗਰੀਬੀ ਦਾ ਸ਼ਿਕਾਰ ਹੋਣ ਕਰਕੇ ਹੀ ਇਸ ਧੰਦੇ ਵਿਚ ਫਸਦੀਆਂ ਹਨ। ਬੰਬਈ ਦੇ ਇਕ ਚਕਲੇ ਵਿਚ ਫਸੀ ਇਕ ਨਿਪਾਲੀ ਔਰਤ, ਮੰਜੂ, ਦੇ ਇਹ ਸ਼ਬਦ ਇਸ ਗੱਲ ਦੀ ਗਵਾਹੀ ਭਰਦੇ ਹਨ। ਉਹ ਕਹਿੰਦੀ ਹੈ, "ਇਨਸਾਨ ਭੁੱਖ ਤੋਂ ਬਿਨਾਂ ਸੱਭ ਕੁੱਝ ਜ਼ਰ ਸਕਦਾ ਹੈ। ਜੇ ਮੈਂ ਮਰਦ ਹੁੰਦੀ ਤਾਂ ਸ਼ਾਇਦ ਮੈਂ ਆਪਣਾ ਢਿੱਡ ਭਰਨ ਲਈ ਕਿਸੇ ਦਾ ਖੂਨ ਕਰ ਦਿੰਦੀ। ਪਰ ਔਰਤ ਹੋਣ ਨਾਤੇ ਮੈਂ ਵੇਸਵਾ ਬਣ ਗਈ"।

ਦੁਨੀਆਂ ਵਿਚ ਫੈਲੀ ਇਸ ਵੱਡੀ 'ਸੈਕਸ-ਇੰਡਸਟਰੀ' ਤੇ ਟਿੱਪਣੀ ਕਰਦਿਆਂ ਇਕ ਮਾਹਿਰ ਨੇ ਕਿਹਾ ਹੈ ਕਿ ਇਸ ਸਨਅਤ ਵਿਚ ਔਰਤਾਂ ਦਾ ਇਕ ਵਸਤ ਬਣ ਜਾਣ ਦਾ ਇਕ ਕਾਰਨ ਦੁਨੀਆਂ ਦੇ ਵੱਖਰੇ ਵੱਖਰੇ ਹਿੱਸਿਆਂ ਦਾ 'ਗਲੋਬਲ ਇਕਾਨਮੀ' (ਸੰਸਾਰ ਪੱਧਰ ਦੀ ਆਰਥਿਕਤਾ) ਨਾਲ ਬੱਝ ਜਾਣਾ ਹੈ। ਇਹ ਗਲੋਬਲ ਇਕਾਨਮੀ ਔਰਤਾਂ ਨੂੰ ਆਰਥਿਕਤਾ ਵਿਚੋਂ ਹਾਸ਼ੀਆਬੱਧ ਕਰ ਦਿੰਦੀ ਹੈ ਅਤੇ ਸਨਅਤੀ ਖੇਤਰ ਵਿਚੋਂ ਵਿਹਲੀਆਂ ਹੋਈਆਂ ਔਰਤਾਂ ਨੂੰ ਹੋਟਲਾਂ ਅਤੇ ਚਕਲਿਆਂ ਵਿਚ ਕੰਮ ਲੱਭਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ***

**ਜਾਣਕਾਰੀ ਦੇ ਸੋਮੇ:**


ਡੇਵਿਡ ਹੈਰੀਸਨ ਵਲੋਂ ਸੰਪਾਦਤ ਕੀਤੀ ਅਤੇ ਟਰਾਂਟੋ ਦੀ ਹੇਲਸਟਿਡ ਪ੍ਰੈਸ ਵਲੋਂ 1992 ਵਿਚ ਪ੍ਰਕਾਸ਼ਤ ਕੀਤੀ ਕਿਤਾਬ, **ਟੂਰਿਜ਼ਮ ਐਂਡ ਦੀ ਲੈੱਸ ਡਿਵੈਲਪਡ ਕੰਟਰੀਜ਼**।

ਅਰਥਰ ਬੋਨਰ ਵਲੋਂ ਲਿਖੀ ਅਤੇ ਲੰਡਨ ਦੀ ਡਿਊਕ ਯੂਨੀਵਰਸਟੀ ਪ੍ਰੈਸ ਵਲੋਂ 1990 ਵਿਚ ਛਾਪੀ ਕਿਤਾਬ, **ਅਵਰਟਿੰਗ ਏਪੋਕਲਿਪਸ: ਸੋਸ਼ਲ ਮੂਵਮੈਂਟਸ ਇਨ ਇੰਡੀਆ ਟੂਡੇ**।

ਟਰਾਂਟੋ ਕੈਨੇਡਾ ਤੋਂ ਪ੍ਰਕਾਸ਼ਤ ਹੁੰਦੇ **ਰਫਤਾਰਵਗੀ ਟਾਈਮ ਮੈਗਜ਼ੀਨ** ਦਾ ਜੂਨ 21, 1993 ਦਾ ਅੰਕ।



**Remember the name for professional advice at reasonable rates**

# M.S. NAT LTD.

## CHARTERED ACCOUNTANT

- Accounting
- Auditing
- Bookkeeping
- Personal & Corporate Income Taxes
- Estate Taxation and Planning
- Business Consulting Services



**Manjeet S. Nat**
**BBA (Hons.), C.A.**

Free Initial Consultation

**#201 - 8318 Scott Rd.,**
**Surrey, B.C. V3W 3N4**
**Phone: 543-9223**
**Fax: 543-9225**

# *MICROPRO*

**WHERE QUALITY AND SERVICE COMES FIRST**

**HOME & BUSINESS COMPUTER CENTER**

-- **COMPLETE COMPUTER SYSTEMS**
-- **PRINTERS, MONITORS, LASER PRINTERS & FAX MACHINES**
-- **PROFESSIONAL DEPOT AND ON-SITE SERVICE**

ਪੰਜਾਬੀ ਮਾਂ ਬੋਲੀ ਨੂੰ ਪਰੋਮੋਟ ਕਰਨ ਲਈ ਅਸੀ ਪੰਜਾਬੀ ਦਾ ਪ੍ਰੋਗਰਾਮ ਮੁਫਤ ਵੰਡ ਰਹੇ ਹਾਂ। (for Windows)

ਵਿਗੜੇ ਹੋਏ ਕੰਪਿਊਟਰਾਂ ਤੇ home electronics ਚੀਜ਼ਾਂ ਨੂੰ ਰੀਪੇਅਰ ਕਰਨ ਦਾ ਸਾਡਾ 8 ਸਾਲਾਂ ਦਾ ਤਜਰਬਾ ਹੈ।

We carry NEC, Compucon, Raven, Datatrain, and complete Multimedia (CD ROM) PACKAGES.



**MICROPRO COMPU-ELECTRONICS LTD.**
DELTA SHOPPERS MALL
82ND AVE AND SCOTT RD.
(Extra Foods ਤੇ KMart ਦੇ ਲਾਗੇ)

**CONTACT: MANJIT SIDHU**
**PHONE: 591-8496**

# ਲਿੰਗ ਚੋਣ ਵਿਸ਼ੇਸ਼ ਸਪਲੀਮੈਂਟ – ਭਾਗ ਪਹਿਲਾ

ਕੁੱਝ ਮਹੀਨੇ ਪਹਿਲਾਂ ਵੈਨਕੂਵਰ ਵਿਚ ਔਰਤ-ਜਥੇਬੰਦੀਆਂ ਵਲੋਂ ਵੈਨਕੂਵਰ ਦੇ ਭਾਰਤੀ ਮੀਡੀਏ ਵਿਚ ਲਿੰਗ-ਪਰਖ ਕਰਾਉਣ ਸੰਬੰਧੀ ਛਪਦੇ ਇਸ਼ਤਿਹਾਰਾਂ ਵਿਰੁੱਧ ਮੁਹਿੰਮ ਚਲਾਈ ਹੈ। ਹੋਰ ਕਈ ਜਥੇਬੰਦੀਆਂ ਦੇ ਨਾਲ ਨਾਲ ਜਿਨ੍ਹਾਂ ਜਥੇਬੰਦੀਆਂ ਨੇ ਖਾਸ ਸਰਗਰਮੀ ਨਾਲ ਕੰਮ ਕੀਤਾ ਹੈ ਉਨ੍ਹਾਂ ਵਿਚ **ਇੰਡੀਆ ਮਹਿਲਾ ਐਸੋਸੀਏਸ਼ਨ, ਪੰਜਾਬੀ ਵਿਮੈਨਜ਼ ਐਸੋਸੀਏਸ਼ਨ, ਸਾਊਥ ਏਸ਼ੀਅਨ ਵਿਮੈਨਜ਼ ਐਕਸ਼ਨ ਨੈੱਟਵਰਕ, ਵੈਨਕੂਵਰ ਸੱਥ ਤੇ ਸਮਾਨਤਾ** ਸ਼ਾਮਿਲ ਹਨ। ਇਨ੍ਹਾਂ ਦੀਆਂ ਸਰਗਰਮੀਆਂ ਦੇ ਫਲਸਰੂਪ ਭਾਰਤੀ ਕਮਿਊਨਟੀ ਵਿਚ ਲਿੰਗ ਚੋਣ ਦੇ ਵਿਸ਼ੇ ਬਾਰੇ ਬਹਿਸ ਚੱਲੀ ਹੈ। ਇਸ ਬਹਿਸ ਨੂੰ ਧਿਆਨ ਨਾਲ ਦੇਖਿਆਂ ਹੇਠ ਲਿਖੇ ਮਸਲੇ ਉਭਰਕੇ ਸਾਹਮਣੇ ਆਉਂਦੇ ਹਨ:

- ਲਿੰਗ ਚੋਣ ਅਤੇ ਤਕਨੌਲੋਜੀ।
- ਲਿੰਗ ਚੋਣ ਅਤੇ ਭਾਰਤੀ ਸਮਾਜ ਵਿਚ ਔਰਤ ਦਾ ਸਥਾਨ।
- ਸੰਸਾਰਕ ਪੱਧਰ ਤੇ ਲਿੰਗ ਚੋਣ ਦਾ ਵਰਤਾਰਾ।
- ਲਿੰਗ ਚੋਣ ਅਤੇ ਕੈਨੇਡਾ ਦਾ ਭਾਰਤੀ ਮੀਡੀਆ।
- ਕੀ ਲਿੰਗ ਚੋਣ ਇਕੱਲੀਆਂ ਔਰਤਾਂ ਦਾ ਹੀ ਮਸਲਾ ਹੈ?
- ਕੀ ਲਿੰਗ ਚੋਣ ਔਰਤਾਂ ਦੀ ਆਪਣੀ ਚੋਣ ਹੈ?
- ਲਿੰਗ ਚੋਣ ਅਤੇ ਇਸ਼ਤਿਹਾਰਬਾਜ਼ੀ।
- ਕੀ ਇਸ਼ਤਿਹਾਰਬਾਜ਼ੀ ਬੰਦ ਕਰਨ ਲਈ ਕਹਿਣਾ ਸੈਂਸਰਸ਼ਿੱਪ ਹੈ?
- ਲਿੰਗ ਚੋਣ ਅਤੇ ਔਰਤਾਂ ਦੀਆਂ ਜਥੇਬੰਦੀਆਂ।
- ਲਿੰਗ ਚੋਣ ਅਤੇ ਲੋਕਾਂ ਨੂੰ ਵਿਦਿਤ ਕਰਨ ਦੀ ਪ੍ਰਕ੍ਰਿਆ।
- ਲਿੰਗ ਚੋਣ ਅਤੇ ਗ੍ਰਾਂਟਾਂ?

ਸਾਡੇ ਖਿਆਲ ਵਿਚ ਜੇ ਇਸ ਵਰਤਾਰੇ ਨੂੰ ਸਹੀ ਢੰਗ ਨਾਲ ਸਮਝਣਾ ਹੋਵੇ ਤਾਂ ਸਾਨੂੰ ਉਪਰ ਦਿੱਤੇ ਮਸਲਿਆ ਬਾਰੇ ਗੰਭੀਰਤਾ ਨਾਲ, ਬਿਨਾਂ ਭਾਵਕ ਹੋਇਆਂ ਅਤੇ ਤੱਥਾਂ ਦੀ ਕਸਵੱਟੀ ਤੇ ਵਿਚਾਰ ਵਟਾਂਦਰਾ ਕਰਨ ਦੀ ਲੋੜ ਹੈ।

ਇਸ ਲੋੜ ਨੂੰ ਧਿਆਨ ਵਿਚ ਰੱਖਦਿਆਂ ਅਸੀ ਵਤਨ ਵਿਚ ਲਿੰਗ ਚੋਣ ਦੇ ਵਿਸ਼ੇ ਬਾਰੇ ਲੇਖਾਂ ਦੀ ਲੜੀ ਸ਼ੁਰੂ ਕਰ ਰਹੇ। ਇਸ ਲੜੀ ਦੇ ਪਹਿਲੇ ਭਾਗ ਵਿਚ ਅਸੀ ਉੱਪਰ ਦਰਜ ਕੀਤੇ ਕੁੱਝ ਮਸਲਿਆਂ ਬਾਰੇ ਛੋਟੇ ਛੋਟੇ ਲੇਖ ਹਥਲੇ ਅੰਕ ਵਿਚ ਦੇ ਰਹੇ ਹਾਂ। ਬਾਕੀ ਦੇ ਮਸਲਿਆਂ ਬਾਰੇ ਲੇਖ ਅਗਲੇ ਅੰਕਾਂ ਵਿਚ ਦਿੱਤੇ ਜਾਣਗੇ।

ਅਸੀ ਇਹ ਵੀ ਚਾਹੁੰਦੇ ਹਾਂ ਕਿ ਆਉਣ ਵਾਲੇ ਅੰਕਾਂ ਵਿਚ ਸਾਡੇ ਪਾਠਕ ਵੀ ਇਸ ਮਸਲੇ ਬਾਰੇ ਆਪਣੇ ਵਿਚਾਰ ਪ੍ਰਗਟਾਉਣ। ਅਸੀਂ ਔਰਤ ਪਾਠਕਾਂ ਅੱਗੇ ਖਾਸ ਬੇਨਤੀ ਕਰਨਾ ਚਾਹੁੰਦੇ ਹਾਂ ਕਿ ਉਹ ਇਸ ਬਾਰੇ ਆਪਣੇ ਵਿਚਾਰ ਜ਼ਰੂਰ ਲਿਖਕੇ ਭੇਜਣ। ਜੇ ਕੈਨੇਡਾ ਦੇ ਭਾਰਤੀ ਮੀਡੀਏ ਵਿਚ ਇਸ ਵਿਸ਼ੇ ਬਾਰੇ ਹੁਣ ਤੱਕ ਹੋਈ ਬਹਿਸ ਨੂੰ ਦੇਖੀਏ ਤਾਂ ਇਕ ਗੱਲ ਜੋ ਸਾਹਮਣੇ ਉਭਰਕੇ ਆਉਂਦੀ ਹੈ ਉਹ ਇਹ ਹੈ ਕਿ ਹੁਣ ਤੱਕ ਇਸ ਮਸਲੇ ਬਾਰੇ ਲਿਖਣ ਵਾਲੇ ਲੇਖਕਾਂ ਵਿਚ ਬਹੁਗਿਣਤੀ ਮਰਦਾਂ ਦੀ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਇਹ ਬਹੁਤ ਜ਼ਰੂਰੀ ਹੈ ਕਿ ਇਸ ਮਸਲੇ ਬਾਰੇ ਔਰਤ ਪਾਠਕਾਂ ਸਾਨੂੰ ਆਪਣੇ ਵਿਚਾਰ ਜ਼ਰੂਰ ਲਿਖਕੇ ਭੇਜਣ।

**–ਸੰਪਾਦਕ।**

## ਲਿੰਗ ਚੋਣ: ਸੰਸਾਰਕ ਪੱਧਰ ਤੇ ਇਕ ਝਾਤ

### ਸੁਖਵੰਤ ਹੁੰਦਲ

ਗਰਭ ਵਿਚਲੇ ਬੱਚੇ ਦੇ ਲਿੰਗ ਦੀ ਚੋਣ ਕਰਨ ਵੇਲੇ ਮੁੰਡੇ ਨੂੰ ਤਰਜੀਹ ਦੇਣ ਦਾ ਵਰਤਾਰਾ ਸਿਰਫ ਕੈਨੇਡਾ ਦੇ ਭਾਰਤੀ ਭਾਈਚਾਰੇ ਤੱਕ ਸੀਮਤ ਨਹੀ ਸਗੋਂ ਇਹ ਸਮੱਸਿਆ ਦੁਨੀਆਂ ਦੇ ਦੂਜੇ ਮੁਲਕਾਂ ਅਤੇ ਸਭਿਆਚਾਰਾਂ ਵਿਚ ਵੀ ਪ੍ਰਚੱਲਤ ਹੈ। ਇਸ ਲਈ ਕੈਨੇਡਾ ਦੇ ਭਾਰਤੀ ਭਾਈਚਾਰੇ ਵਿਚ ਇਸ ਵਰਤਾਰੇ ਦੇ ਨਾ-ਪੱਖੀ ਅਸਰਾਂ ਅਤੇ ਇਸ ਮਸਲੇ ਦੀ ਗੰਭੀਰਤਾ ਨੂੰ ਸਮਝਣ ਵਾਸਤੇ ਸਾਡੇ ਲਈ ਇਸ ਵਰਤਾਰੇ ਨੂੰ ਸੰਸਾਰ ਪੱਧਰ 'ਤੇ ਦੇਖਣਾ ਜ਼ਰੂਰੀ ਹੈ।

ਸੱਭ ਤੋਂ ਪਹਿਲੀ ਗੱਲ ਜੋ ਸਮਝਣ ਵਾਲੀ ਹੈ ਉਹ ਇਹ ਹੈ ਕਿ ਵਿਆਹੁਤਾ ਜੋੜਿਆਂ ਵਿਚ ਹੋਣ ਵਾਲੇ ਬੱਚੇ ਦੇ ਮੁੰਡਾ ਹੋਣ ਦੀ ਚਾਹਤ ਇਕੱਲੇ ਭਾਰਤੀ ਸਭਿਆਚਾਰ ਵਿਚ ਹੀ ਨਹੀਂ ਸਗੋਂ ਦੂਜੇ ਸਭਿਆਚਾਰਾਂ ਵਿਚ ਵੀ ਹੈ। ਇਸ ਗੱਲ ਦਾ ਸਬੂਤ ਵੱਖ ਵੱਖ ਸਭਿਆਚਾਰਾਂ ਵਿਚ ਹੋਣ ਵਾਲੇ ਬੱਚੇ ਦੇ ਸੰਬੰਧ ਵਿਚ ਪ੍ਰਚੱਲਤ ਅਖਾਉਤਾਂ ਜਾਂ ਕਹਾਵਤਾਂ ਤੋਂ ਮਿਲ ਸਕਦਾ ਹੈ। ਉਦਾਹਰਣ ਲਈ ਅਮਰੀਕਾ ਵਿਚ ਇਕ ਜੋੜੇ ਦੇ ਵਿਆਹ ਸਮੇਂ ਕੁੱਝ ਇਸ ਤਰ੍ਹਾਂ ਦੀ ਸ਼ੁਭਕਾਮਨਾ ਕੀਤੀ ਜਾਂਦੀ ਹੈ, "ਮੈਂ ਤੁਹਾਡੇ ਲਈ ਪਿਆਰ ਦੀ, ਖੁਸ਼ੀ ਦੀ ਅਤੇ ਤੁਹਾਡੇ ਪਹਿਲੇ ਬੱਚੇ ਦੇ ਮੁੰਡਾ ਹੋਣ ਦੀ ਕਾਮਨਾ ਕਰਦਾ/ਕਰਦੀ ਹਾਂ।" ਇਸੇ ਤਰ੍ਹਾਂ ਇਤਾਲਵੀ ਸਭਿਆਚਾਰ ਵਿਚ ਛਿੱਕ ਆਉਣ ਤੋਂ ਬਾਅਦ "ਚੰਗੀ ਸਿਹਤ, ਔਲਾਦ ਵਜੋਂ ਮੁੰਡੇ ਹੋਣ ਦੀ" ਕਾਮਨਾ ਕੀਤੀ ਜਾਂਦੀ ਹੈ। ਚੀਨ ਦੀ ਇਕ ਕਹਾਵਤ ਹੈ, "ਦੇਵੀਆਂ ਵਰਗੀਆਂ ਅਠਾਰਾਂ ਧੀਆਂ, ਇਕ ਕੁੱਬੇ ਪੁੱਤਰ ਦੇ ਬਰਾਬਰ ਨਹੀ।" ਜਰਮਨੀ ਦੀ ਇਕ ਕਹਾਵਤ ਹੈ, "ਧੀਆਂ ਨਾਲ ਭਰਿਆ ਇਕ ਘਰ ਖੱਟੀ ਬੀਅਰ ਦੇ ਭਰੇ ਇਕ ਸੈੱਲਰ (ਤਹਿਖਾਨੇ) ਵਾਂਗ ਹੈ"।

ਪੰਜਾਬੀ ਅਤੇ ਭਾਰਤੀ ਭਾਈਚਾਰੇ ਵਿਚ ਧੀਆਂ ਦੇ ਸੰਬੰਧ ਵਿਚ ਅਜਿਹੀਆਂ ਅਣਗਿਣਤ ਕਹਾਵਤਾਂ ਅਤੇ ਅਖਾਣਾਂ ਬਾਰੇ ਤਾਂ ਪਾਠਕ ਜਾਣੂ ਹੀ ਹੋਣਗੇ। ਉਦਾਹਰਣ ਵੱਜੋ, ਨਵੀ ਵਿਆਹੀ ਔਰਤ ਨੂੰ ਮਿਲਣ ਵਾਲੀਆਂ ਅਸੀਸਾਂ ਵਿਚੋਂ ਇਕ ਅਸੀਸ ਇਹ ਹੈ, "ਸਾਈ ਜੀਵੇ, ਦੁੱਧੀ ਨ੍ਹਾਂਵੇ, ਪੁੱਤੀ ਫਲੇ, ਸੱਤਪੁੱਤੀ ਹੋਵੇਂ ਆਦਿ।" ਇਸ ਤਰ੍ਹਾਂ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜੇ ਦੁਨੀਆਂ ਦੇ ਹੋਰ ਸਭਿਆਚਾਰਾਂ ਸੰਬੰਧੀ ਵੀ ਖੋਜ ਕੀਤੀ ਜਾਵੇ ਤਾਂ ਸਾਨੂੰ ਕਿਸੇ ਨਾ ਕਿਸੇ ਰੂਪ ਵਿਚ ਇਹ ਮਿਲੇਗਾ ਕਿ ਦੁਨੀਆਂ ਦੇ ਬਹੁਗਿਣਤੀ ਸਭਿਆਚਾਰਾਂ ਵਿਚ ਹੋਣ ਵਾਲੇ ਬੱਚੇ ਦੇ ਮੁੰਡਾ ਹੋਣ ਦੀ ਚਾਹਤ ਹੁੰਦੀ ਹੈ। ਇਸ ਕਰਕੇ ਦੁਨੀਆਂ ਵਿਚ ਹਮੇਸ਼ਾਂ ਤੋਂ ਹੀ ਜੋੜਿਆਂ ਵਲੋਂ ਹੋਣ ਵਾਲੇ ਬੱਚੇ ਦੇ ਮੁੰਡਾ ਹੋਣ ਦੀ ਗਰੰਟੀ ਕਰਨ ਲਈ ਕਈ ਤਰ੍ਹਾਂ ਦੇ ਢੰਗ ਜਾਂ ਹੀਲੇ ਵਰਤੇ ਜਾਂਦੇ ਰਹੇ ਹਨ।

ਪਰ ਸੱਤਰਵਿਆਂ ਵਿਚ ਗਰਭ ਵਿਚਲੇ ਬੱਚੇ ਦੇ ਲਿੰਗ ਦਾ ਪਤਾ ਦੱਸਣ ਵਾਲੀ ਤਕਨੌਲੋਜੀ ਜਾਂ ਗਰਭ ਠਹਿਰਨ ਤੋਂ ਪਹਿਲਾਂ ਮਰਦ ਦੇ ਸ਼ੁਕਰਾਣੂਆਂ ਨੂੰ ਕੰਟਰੋਲ/ਮੈਨੂਪੁਲੇਟ ਕਰਕੇ ਹੋਣ ਵਾਲੇ ਬੱਚੇ ਦੇ ਲਿੰਗ ਨੂੰ ਨਿਸਚਤ ਕਰਨ ਦੀ ਤਕਨੌਲੋਜੀ ਦੇ ਹੋਂਦ ਵਿਚ ਆਉਣ ਨਾਲ ਹੋਣ ਵਾਲੇ ਬੱਚੇ ਦੇ ਲਿੰਗ ਦੀ ਚੋਣ ਦੀ ਸਮੱਸਿਆ ਨੂੰ ਨਵਾਂ ਰੰਗ ਦਿੱਤਾ ਹੈ। ਗਰਭ ਵਿਚ ਬੱਚੇ ਦੇ ਲਿੰਗ ਦੱਸਣ ਵਾਲੀ ਤਕਨੌਲੋਜੀ ਦੀ ਦੁਰਵਰਤੋਂ ਕਰਕੇ, ਗਰਭ ਵਿਚਲੇ ਬੱਚੇ ਦੇ ਲਿੰਗ ਦਾ ਪਤਾ ਕਰ ਅਤੇ ਜੇ ਗਰਭ ਵਿਚ ਕੁੜੀ ਹੋਵੇ ਤਾਂ ਉਸਦਾ ਗਰਭਪਾਤ ਕਰਵਾ ਦੇਣ ਦੀਆਂ ਘਟਨਾਵਾਂ ਨੇ ਇਸ ਸਮੱਸਿਆ ਨੂੰ ਖਤਰਨਾਕ ਪੱਧਰ ਤੇ ਪਹੁੰਚਾ ਦਿੱਤਾ ਹੈ। ਇਸ ਸੰਬੰਧ ਵਿਚ ਦੁਨੀਆਂ ਦੀ ਪੱਧਰ ਤੇ ਮਿਲਦੇ ਅੰਕੜਿਆਂ ਨੂੰ ਦੇਖਿਆਂ ਪਤਾ ਲੱਗਦਾ ਹੈ ਕਿ ਅੱਜ ਦੁਨੀਆਂ ਦੀ ਅੱਧੀ ਵਸੋਂ (ਔਰਤਾਂ) ਤੋਂ ਜੰਮਣ ਦਾ ਹੀ ਅਧਿਕਾਰ ਖੋਹਿਆ ਜਾ ਰਿਹਾ ਹੈ।

ਅਮਰੀਕਾ ਦੇ ਇਕ ਡਾਕਟਰ ਐਰਿਕਸਨ ਦੇ ਯੂਰਪ, ਸੰਯੁਕਤ ਰਾਜ ਅਮਰੀਕਾ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ 46 ਦੇਸ਼ਾਂ ਵਿਚ ਕਲਿਨਕ ਹਨ। ਇਹਨਾਂ ਕਲਿਨਕਾਂ ਵਿਚ ਮਰਦ ਦੇ ਸ਼ੁਕਰਾਣੂਆਂ ਨੂੰ ਕੰਟਰੋਲ ਕਰਕੇ ਗਰਭ ਠਹਿਰਨ ਤੋਂ ਪਹਿਲਾਂ ਹੀ ਹੋਣ ਵਾਲੇ ਬੱਚੇ ਦਾ ਲਿੰਗ ਨਿਰਧਾਰਤ ਕੀਤਾ ਜਾਂਦਾ ਹੈ। ਡਾ: ਐਰਿਕਸਨ ਦੇ ਆਪਣੇ ਕਹਿਣ ਅਨੁਸਾਰ ਉਸ ਕੋਲ ਆਉਣ ਵਾਲੇ ਜੋੜਿਆਂ ਵਿਚੋਂ 94 ਪ੍ਰਤੀਸ਼ਤ ਨੇ ਨਵੇਂ ਹੋਣ ਵਾਲੇ ਬੱਚੇ ਦਾ ਮੁੰਡਾ ਹੋਣਾ ਚੁਣਿਆ ਹੈ।

ਬਹੁਗਿਣਤੀ ਕੇਸਾਂ ਵਿਚ ਗਰਭ ਵਿਚ ਬੱਚੇ ਦਾ ਲਿੰਗ ਕਿਸੇ ਹੋਰ ਕਲਿਨਕ ਤੋਂ ਚੈੱਕ ਕਰਵਾਇਆ ਜਾਂਦਾ ਹੈ ਅਤੇ ਜੇ ਗਰਭ ਵਿਚ ਕੁੜੀ ਹੋਵੇ ਤਾਂ ਉਸਦਾ ਗਰਭਪਾਤ ਕਿਸੇ ਹੋਰ ਕਲਿਨਕ ਤੋਂ ਕਰਵਾਇਆ ਜਾਂਦਾ ਹੈ। ਇਸ ਲਈ ਇਹ ਜਾਣਨਾ ਕਿ ਕਿੰਨੇ ਗਰਭਪਾਤ ਇਸ ਕਰਕੇ ਕਰਵਾਏ ਗਏ ਹਨ ਕਿਉਂਕਿ ਗਰਭ ਵਿਚ ਕੁੜੀ ਸੀ ਥੋੜਾ ਮੁਸ਼ਕਿਲ ਹੈ। ਪਰ ਫਿਰ ਵੀ ਵਿਗਿਆਨ ਅਤੇ ਸਮਾਜ ਵਿਗਿਆਨ ਦੇ ਖੇਤਰ ਵਿਚ ਕੰਮ ਕਰਦੇ ਸਰਕਾਰੀ ਅਤੇ ਗੈਰਸਰਕਾਰੀ ਮਾਹਿਰ ਇਸ ਬਾਰੇ ਅੰਕੜੇ ਇਕੱਠੇ ਕਰਨ ਦਾ ਕੰਮ ਕਰ ਰਹੇ ਹਨ। ਆਲ ਇੰਡਿਆ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਵੱਲੋਂ ਕੀਤੇ ਇਕ ਸਰਵੇ ਅਨੁਸਾਰ 50 ਮਾਵਾਂ ਵਿਚੋਂ 48 ਮਾਵਾਂ (96 ਪ੍ਰਤੀਸ਼ਤ) ਨੇ, ਇਹ ਪਤਾ ਲੱਗਣ ਤੇ ਕਿ ਉਹਨਾਂ ਦੇ ਗਰਭ ਵਿਚਲਾ ਬੱਚਾ ਕੁੜੀ ਹੈ, ਗਰਭਪਾਤ ਕਰਵਾਇਆ ਹੈ।

ਸੰਸਾਰਕ ਪੱਧਰ ਤੇ ਨਵੇਂ ਜੰਮਣ ਵਾਲੇ ਬੱਚਿਆਂ ਵਿਚ ਮੁੰਡੇ ਅਤੇ ਕੁੜੀਆਂ ਵਿਚਕਾਰ ਔਸਤਨ ਅਨੁਪਾਤ 100 ਕੁੜੀਆਂ ਮਗਰ 102.5 ਮੁੰਡੇ ਹਨ। ਇਸ ਦਰ ਨੂੰ ਦੂਜੇ ਦੇਸ਼ਾਂ ਵਿਚ ਨਵੇਂ ਜੰਮੇ ਬੱਚਿਆਂ ਵਿਚ ਮੁੰਡੇ ਕੁੜੀਆਂ ਦੇ ਅਨੁਪਾਤ ਦਾ ਮੁਕਾਬਲਾ ਕਰਕੇ ਮਾਹਿਰ ਗਰਭ ਵਿਚਲੀਆਂ ਕੁੜੀਆਂ ਦੇ ਗਰਭਪਾਤ ਹੋਣ ਦੀ ਗਿਣਤੀ ਨਿਸ਼ਚਿਤ ਕਰਨ ਦਾ ਯਤਨ ਕਰ ਰਹੇ ਹਨ। ਦੱਖਣੀ ਕੋਰੀਆ ਵਿਚ ਗਰਭ ਵਿਚਲੇ ਬੱਚੇ ਦਾ ਲਿੰਗ ਦੱਸਣ ਦੀ ਤਕਨੌਲੋਜੀ 1980ਵਿਆਂ ਦੇ ਸ਼ੁਰੂ ਵਿਚ ਦਾਖਲ ਹੋਈ। ਸੰਨ 1986 ਵਿਚ ਦੱਖਣੀ ਕੋਰੀਆ ਵਿਚ ਨਵੇਂ ਜੰਮੇ ਬੱਚਿਆਂ ਵਿਚ 100 ਕੁੜੀਆਂ ਮਗਰ 113 ਮੁੰਡਿਆਂ ਦਾ ਜਨਮ ਹੋਇਆ ਹੈ। ਇਹ ਦਰ ਨੂੰ ਦੇਖਦਿਆਂ ਮਾਹਰਾਂ ਦਾ ਕਹਿਣਾ ਹੈ ਕਿ ਦੱਖਣੀ ਕੋਰੀਆ ਵਿਚ ਹਰ ਸਾਲ ਹੋਣ ਵਾਲੇ 30,000 ਗਰਭਪਾਤਾਂ ਵਿਚੋਂ (ਇਹ ਸਰਕਾਰੀ ਦਰ ਹੈ, ਗੈਰਸਰਕਾਰੀ ਦਰ ਇਸਤੋਂ ਕਿਤੇ ਉੱਚੀ ਹੈ) ਬਹੁਗਿਣਤੀ ਗਰਭਪਾਤ ਉਦੋਂ ਕਰਵਾਏ ਜਾਂਦੇ ਹਨ ਜਦੋਂ ਮਾਂ ਦੇ ਗਰਭ ਵਿਚ ਕੁੜੀ ਹੋਵੇ। ਪੰਜਾਬ ਵਿਚ ਕੀਤੇ ਇਕ ਸਰਵੇ ਅਨੁਸਾਰ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ 10 ਸਾਲ ਤੋਂ ਛੋਟੀ ਉਮਰ ਦੇ ਬੱਚਿਆਂ ਵਿਚ 100 ਕੁੜੀਆਂ ਮਗਰ 117 ਮੁੰਡੇ ਹਨ। ਇਸਦਾ ਅਰਥ ਇਹ ਹੈ ਕਿ ਹਰ 7 ਜਾਂ 8 ਕੁੜੀਆਂ ਵਿਚੋਂ ਇਕ ਕੁੜੀ ਨੂੰ ਸਿੱਧੇ ਜਾਂ ਅਸਿੱਧੇ ਤਰੀਕਿਆਂ ਰਾਹੀਂ ਖਤਮ ਕਰ ਦਿੱਤਾ ਜਾਂਦਾ ਹੈ। ਬੰਬਈ ਸ਼ਹਿਰ ਵਿਚ 'ਫਾਊਂਡੇਸ਼ਨ ਫਾਰ ਰੀਸਰਚ ਇਨ ਕਮਿਊਨਟੀ' ਵੱਲੋਂ ਜਾਰੀ ਕੀਤੀ ਇਕ ਰੀਪੋਰਟ ਅਨੁਸਾਰ ਬੰਬਈ ਵਿਚ ਹਰ ਸਾਲ 50,000 ਤੋਂ ਵੱਧ ਟੈਸਟ ਇਹ ਜਾਨਣ ਲਈ ਕਰਵਾਏ ਜਾਂਦੇ ਹਨ ਕਿ ਮਾਂ ਦੇ ਗਰਭ ਵਿਚਲਾ ਬੱਚਾ ਕੁੜੀ ਹੈ ਜਾਂ ਮੁੰਡਾ। ਰੀਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਜੇ ਗਰਭ ਵਿਚਲਾ ਬੱਚਾ ਕੁੜੀ ਹੋਵੇ ਤਾਂ ਬਹੁਗਿਣਤੀ ਕੇਸਾਂ ਵਿਚ ਅਗਲਾ ਕਦਮ ਗਰਭਪਾਤ ਕਰਵਾਉਣਾ ਹੁੰਦਾ ਹੈ। ਅੱਗੇ ਜਾ ਕੇ ਇਹ ਰੀਪੋਰਟ ਇਹ ਵੀ ਦਸਦੀ ਹੈ ਕਿ ਗਰਭ ਵਿਚਲੇ ਬੱਚੇ ਦਾ ਲਿੰਗ ਜਾਨਣ ਲਈ ਟੈਸਟ ਕਰਵਾਉਣ ਆਈਆਂ ਔਰਤਾਂ ਵਿਚੋਂ 95 ਪ੍ਰਤੀਸ਼ਤ ਔਰਤਾਂ ਦੂਜੇ ਲੋਕਾਂ ਦੇ ਦਬਾਅ ਕਾਰਨ ਇਹ ਟੈਸਟ ਕਰਵਾਉਣ ਲਈ ਆਈਆਂ ਸਨ।

ਇਸ ਤਕਨੌਲੋਜੀ ਦੀ ਦੁਰਵਰਤੋਂ ਇਕੱਲੇ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਹੀ ਨਹੀਂ ਹੁੰਦੀ ਸਗੋਂ ਦੂਜੇ ਦੇਸ਼ਾਂ ਵਿਚ ਵੀ ਹੁੰਦੀ ਹੈ। ਇਸ ਤਕਨੌਲੋਜੀ ਦੀ ਦੁਰਵਰਤੋਂ ਦੇਖਦਿਆਂ ਡੈਨਮਾਰਕ ਦੀ ਸਰਕਾਰ ਨੇ 12 ਹਫਤਿਆਂ ਤੋਂ ਪਹਿਲਾਂ ਗਰਭ ਵਿਚਲੇ ਬੱਚੇ ਦਾ ਲਿੰਗ ਦੱਸਣ ਦੀ ਮਨਾਹੀ ਕੀਤੀ ਹੈ। ਇਸੇ ਤਰ੍ਹਾਂ ਸੰਯੁਕਤ ਰਾਜ ਅਮਰੀਕਾ ਦੇ ਸੂਬੇ ਪੈਨੀਸਿਲਵੀਨਿਆ ਨੇ ਜਨਵਰੀ 1990 ਵਿਚ ਇਸ ਤਕਨੌਲੋਜੀ ਦੀ ਲਿੰਗ ਚੋਣ ਲਈ ਵਰਤੋਂ ਵਿਰੁੱਧ ਕਾਨੂੰਨ ਪਾਸ ਕੀਤਾ ਹੈ।

ਇਥੇ ਇਕ ਗੱਲ ਹੋਰ ਨੋਟ ਕਰਨ ਵਾਲੀ ਹੈ ਕਿ ਇਸ ਤਕਨੌਲੋਜੀ ਦੀ ਵਰਤੋਂ ਕਰਨ ਵਾਲੇ ਪਰਿਵਾਰਾਂ ਵਿਚ ਗਰੀਬ, ਅਨਪੜ੍ਹ ਪਰਿਵਾਰ ਵੀ ਹਨ ਅਤੇ ਅਮੀਰ ਤੇ ਪੜ੍ਹੇ ਲਿਖੇ ਪਰਿਵਾਰ ਵੀ ਹਨ। ਖੋਜ ਦੌਰਾਨ ਸਾਨੂੰ ਹਰ ਵਰਗ ਵਿਚੋਂ ਆਉਣ ਵਾਲੀਆਂ ਔਰਤਾਂ ਦੀ ਕਹਾਣੀ ਪੜ੍ਹਨ ਦਾ ਮੌਕਾ ਮਿਲਿਆ ਹੈ। ਜਿਵੇਂ ਬੰਬਈ ਸ਼ਹਿਰ ਵਿਚ, ਦੂਜਿਆਂ ਦੇ ਘਰਾਂ ਵਿਚ ਨੌਕਰਾਨੀ ਦਾ ਕੰਮ ਕਰਨ ਵਾਲੀ ਇਕ ਗਰੀਬ ਔਰਤ ਨੇ ਆਪਣੀ ਗਰਭ ਵਿਚਲੀ ਬੱਚੀ ਦਾ ਗਰਭਪਾਤ ਇਸ ਲਈ ਕਰਵਾ ਦਿੱਤਾ ਕਿਉਂਕਿ ਇਕ ਦਿਨ ਸ਼ਰਾਬੀ ਹੋਏ ਉਸਦੇ ਪਤੀ ਨੇ ਉਸਨੂੰ ਕਿਹਾ ਸੀ ਕਿ ਜੇ ਉਸਨੇ ਇਕ ਹੋਰ ਕੁੜੀ ਨੂੰ ਜਨਮ ਦਿੱਤਾ ਤਾਂ ਉਸਦਾ ਪਤੀ ਉਸਨੂੰ ਘਰੋਂ ਬਾਹਰ ਕੱਢ ਦੇਵੇਗਾ।

ਦੂਜੇ ਬੰਨੇ ਜਦੋਂ ਇਕ ਰੀਪੋਰਟਰ ਗਰਭ ਵਿਚਲੇ ਬੱਚੇ ਦਾ ਲਿੰਗ ਦੱਸਣ ਵਾਲੇ ਦਿੱਲੀ ਦੇ ਜਾਣੇ ਪਛਾਣੇ ਕਲਿਨਕ, ਲੂੰਬਾ ਜੈਨੇਟਿਕ ਸੈਂਟਰ, ਵਿਚ ਗਿਆ ਤਾਂ ਉਸਨੂੰ ਪਤਾ ਲੱਗਾ ਕਿ ਉਸ ਕਲਿਨਕ ਵਿਚ ਅਜਿਹੇ ਟੈਸਟ ਕਰਵਾਉਣ ਵਾਲੀਆਂ ਔਰਤਾਂ ਵਿਚ ਇਕ ਮਨਿਸਟਰ ਦੀ ਧੀ ਅਤੇ ਦੋ ਆਈ. ਏ. ਐਸ ਅਫਸਰਾਂ ਦੀਆਂ ਪਤਨੀਆਂ ਵੀ ਸਨ। ਇਸੇ ਤਰ੍ਹਾਂ ਦੱਖਣੀ ਕੋਰੀਆ ਦੇ ਸ਼ਹਿਰ ਸਿਉਲ ਵਿਚ ਇਕ ਕਾਲਜ ਤੱਕ ਪੜ੍ਹੀ ਔਰਤ ਦਾ ਆਪਣੇ ਗਰਭ ਵਿਚਲੀ ਬੱਚੀ ਦਾ ਗਰਭਪਾਤ ਕਰਵਾਉਣ ਤੋਂ ਬਾਅਦ ਇਹ ਕਹਿਣਾ ਸੀ ਕਿ ਉਹ ਹੋਰ ਕੁੜੀ ਨੂੰ ਜਨਮ ਦੇਣ ਦੀ ਥਾਂ ਕਿਸੇ ਵੀ ਹੋਰ ਬੱਚੇ ਨੂੰ ਨਾ ਜਨਮ ਦੇਣ ਨੂੰ ਤਰਜੀਹ ਦੇਵੇਗੀ।

ਇਸ ਵਰਤਾਰੇ ਦੀ ਅਜਿਹੀ ਭਿਅੰਕਰਤਾ ਵਲ ਦੇਖਦਿਆਂ ਹੀ ਦੁਨੀਆਂ ਦੇ ਹਰ ਹਿੱਸੇ ਵਿਚ ਇਸਦਾ ਜਬਰਦਸਤ ਵਿਰੋਧ ਹੋ ਰਿਹਾ ਹੈ। ਫਿਕਰ ਵਾਲੀ ਗੱਲ ਇਹ ਹੈ ਕਿ ਕਈ ਥਾਵਾਂ ਤੇ ਇਸ ਤਕਨੌਲੋਜੀ ਦਾ ਫੈਲਾਅ ਇਕ ਵਿਆਪਕ ਪੱਧਰ ਤੇ ਹੋ ਰਿਹਾ ਹੈ। ਉਦਾਹਰਣ ਲਈ ਹਿੰਦੁਸਤਾਨ ਦੇ ਇਕ ਸੂਬੇ ਹਰਿਆਣੇ ਦੇ ਸ਼ਹਿਰ ਰੋਹਤਕ ਵਿਚ ਗਰਭ ਵਿਚਲੇ ਬੱਚੇ ਦਾ ਲਿੰਗ ਦੱਸਣ ਵਾਲੇ 4 ਕਲਿਨਕ ਹਨ। ਇਸ ਸ਼ਹਿਰ ਵਿਚ ਦੱਸ ਸਾਲ ਪਹਿਲਾਂ 1000 ਮਰਦਾਂ ਪਿੱਛੇ 879 ਔਰਤਾਂ ਸਨ। ਪਰ ਹੁਣ ਦੱਸ ਸਾਲਾਂ ਤੋਂ ਬਾਅਦ 1000 ਮਰਦਾਂ ਮਗਰ ਔਰਤਾਂ ਦੀ ਗਿਣਤੀ 866 ਰਹਿ ਗਈ ਹੈ।

ਆਉ ਅੰਤ ਵਿਚ ਸੰਸਾਰਕ ਪੱਧਰ ਦੀ ਇਸ ਤਸਵੀਰ ਨੂੰ ਧਿਆਨ ਵਿਚ ਰੱਖਦਿਆਂ ਕੈਨੇਡਾ ਦੇ ਭਾਰਤੀ ਭਾਈਚਾਰੇ ਵਿਚ ਇਸ ਸਮੱਸਿਆ ਨੂੰ ਦੇਖੀਏ। ਕੈਨੇਡਾ ਦੇ ਭਾਰਤੀ ਭਾਈਚਾਰੇ ਵਿਚ ਗਰਭ ਵਿਚਲੇ ਬੱਚੇ ਦੇ ਲਿੰਗ ਦੱਸਣ ਦੇ ਕਲਿਨਕਾਂ ਦੀ ਇਸ਼ਤਿਹਾਰਬਾਜੀ ਸੰਨ 90 ਵਿਚ ਸ਼ੁਰੂ ਹੋਈ ਅਤੇ ਸਾਡੇ ਭਾਈਚਾਰੇ ਵਿਚ ਇਸ ਤਕਨੌਲੋਜੀ ਦੀ ਦੁਰਵਰਤੋਂ ਵੀ ਉਦੋਂ ਤੋਂ ਸ਼ੁਰੂ ਹੋਈ। ਪਰ ਕਮਿਊਨਟੀ ਵਿਚਲੀ ਦੰਦ-ਕਥਾ ਸੁਣਨ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਇਸਤੋਂ ਪਹਿਲਾਂ ਵੀ ਕਈ ਔਰਤਾਂ (ਪਰਿਵਾਰਾਂ ਦੇ ਕਹਿਣ ਤੇ) ਗਰਭਵਤੀ ਹੋਣ ਬਾਅਦ ਹਿੰਦੁਸਤਾਨ ਜਾਂ ਪਾਕਿਸਤਾਨ ਜਾਂਦੀਆਂ ਸਨ ਅਤੇ ਉੱਥੇ ਗਰਭ ਵਿਚਲੇ ਬੱਚੇ ਦਾ ਲਿੰਗ ਟੈਸਟ ਕਰਵਾਉਂਦੀਆਂ ਸਨ ਅਤੇ ਜੇ ਗਰਭ ਵਿਚਲਾ ਬੱਚਾ ਕੁੜੀ ਹੋਵੇ ਤਾਂ ਗਰਭਪਾਤ ਕਰਵਾ ਦਿੰਦੀਆਂ ਸਨ। ਇਹ ਸੱਚ ਹੈ ਕਿ ਅਜਿਹੇ ਅੰਕੜੇ ਅਜੇ ਨਹੀਂ ਮਿਲਦੇ ਜੋ ਇਹ ਦੱਸ ਸਕਣ ਕਿ ਕੈਨੇਡਾ ਦੇ ਭਾਰਤੀ ਭਾਈਚਾਰੇ ਵਿਚੋਂ ਕਿੰਨੀਆਂ ਔਰਤਾਂ ਇਸ ਤਕਨੌਲੋਜੀ ਦੀ ਵਰਤੋਂ ਕਰਨ ਵਾਲੇ ਕਲਿਨਕਾਂ ਵਿਚ ਟੈਸਟ ਕਰਵਾਉਣ ਜਾਂਦੀਆਂ ਹਨ ਅਤੇ ਉਹਨਾਂ ਵਿਚੋਂ ਕਿੰਨੀਆਂ ਔਰਤਾਂ ਇਹ ਪਤਾ ਲੱਗਣ ਤੇ ਕਿ ਉਹਨਾਂ ਦੇ ਗਰਭ ਵਿਚ ਕੁੜੀ ਹੈ ਗਰਭਪਾਤ ਕਰਵਾ ਦਿੰਦੀਆਂ ਹਨ। ਪਰ ਫਿਰ ਵੀ ਆਲੇ ਦੁਆਲੇ ਮਿਲਦੀ ਪ੍ਰਸੰਗਕ ਜਾਣਕਾਰੀ (ਸਰਕੁਮਸਟੈਂਸ਼ਲ ਐਵੀਡੈਂਸ) ਤੋਂ ਇਸਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ। ਜਿਸ ਵੱਡੀ ਪੱਧਰ ਤੇ ਇਸ ਤਕਨੌਲੋਜੀ ਦੀ ਇਸ਼ਤਿਹਾਰਬਾਜੀ ਕੈਨੇਡੀਅਨ ਭਾਰਤੀ ਕਮਿਊਨਟੀ ਵਿਚ ਕੀਤੀ ਜਾਂਦੀ ਰਹੀ ਹੈ ਉਸਨੂੰ ਦੇਖਦਿਆਂ ਇਹ ਸੌਖਿਆ ਹੀ ਕਿਹਾ ਜਾ ਸਕਦਾ ਹੈ ਕਿ ਭਾਰਤੀ ਕਮਿਊਨਟੀ ਵਿਚੋਂ ਕਾਫੀ ਗਿਣਤੀ ਵਿਚ ਲੋਕ ਅਜਿਹੇ ਕਲਿਨਕਾਂ ਦੀ ਵਰਤੋਂ ਕਰਦੇ ਹਨ। ਇਸ ਇਸ਼ਤਿਹਾਰਬਾਜੀ ਵਿਚ 'ਅਬਾਰਸ਼ਨ ਕਲਿਨਕਾਂ' ਬਾਰੇ ਸਲਾਹ ਦੇਣ ਦੀ ਗੱਲ ਵੀ ਕੀਤੀ ਹੁੰਦੀ ਹੈ। ਇਸ ਗੱਲ ਤੋਂ ਇਹ ਨਤੀਜਾ ਵੀ ਸਾਫ ਨਿਕਲਦਾ ਹੈ ਕਿ ਗਰਭ ਵਿਚਲੇ ਬੱਚੇ ਦਾ ਲਿੰਗ ਜਾਨਣ ਤੋਂ ਬਾਅਦ ਔਰਤਾਂ ਦੇ ਗਰਭਪਾਤ

ਬਾਕੀ ਸਫਾ 19 'ਤੇ

# ਲਿੰਗ ਚੋਣ ਤੇ ਕਨੇਡਾ ਦਾ ਭਾਰਤੀ ਭਾਈਚਾਰਾ

**ਸਾਧੂ ਬਿਨਿੰਗ**

ਭਾਰਤੀ ਭਾਈਚਾਰੇ ਵਿਚ ਚੱਲ ਰਹੀ ਲਿੰਗ ਚੋਣ ਸੰਬੰਧੀ ਬਹਿਸ ਨੂੰ, ਇਸਦੇ ਅਸਲੀ ਨੁਕਤੇ – ਅਣਜੰਮੀਆਂ ਕੁੜੀਆਂ ਦਾ ਗਰਭਪਾਤ – ਤੋਂ ਪਾਸੇ ਲਿਜਾਣ ਲਈ, ਕਈ ਕਿਸਮ ਦੀਆਂ ਭੁਲੇਖਾ ਪਾਊ ਗੱਲਾਂ ਕੀਤੀਆਂ ਜਾ ਰਹੀਆਂ ਹਨ। ਅਜਿਹਾ ਕਰਨ ਦਾ ਮੰਤਵ ਬਹੁਤਾ ਸਾਫ ਨਹੀ ਹੈ। ਇੱਕ ਤਾਂ ਅਜੇ ਤੱਕ ਕੋਈ ਵੀ ਵਿਅਕਤੀ ਅਜਿਹਾ ਸਾਹਮਣੇ ਨਹੀ ਆਇਆ ਜਿਹੜਾ ਹਿੱਕ ਠੋਕ ਕੇ ਇਹ ਕਹੇ ਕਿ ਉਹ ਇਸ ਸਮਾਜਿਕ ਕੁਰੀਤੀ ਦੇ ਹੱਕ ਵਿਚ ਖੜ੍ਹਾ ਹੈ। ਪਰ ਇਸ ਦੇ ਬਾਵਜੂਦ ਔਰਤਾਂ ਵਲੋਂ ਚਲਾਈ ਜਦੋਜਹਿਦ ਦਾ ਵਿਰੋਧ ਕਰਨ ਲਈ ਅਜਿਹੇ ਨੁਕਤੇ ਉਠਾਏ ਜਾ ਰਹੇ ਹਨ ਜਿਨ੍ਹਾਂ ਦਾ ਅਸਲ ਮੁੱਦੇ ਨਾਲ ਕੋਈ ਵਾਸਤਾ ਨਹੀ ਹੈ। ਇਹ ਗੱਲ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਇਸ ਸਮਾਜ ਵਿਚ ਨਸਲੀ ਵਿਚਾਰ ਰੱਖਣ ਵਾਲੇ ਗੋਰੇ ਲੋਕ, ਸਿੱਧਾ ਦੂਜੀਆਂ ਨਸਲਾਂ ਵਿਰੁੱਧ ਕੁਝ ਨਹੀਂ ਕਹਿੰਦੇ, ਪਰ ਗੱਲ ਨੂੰ ਘੁਮਾ ਕੇ, ਨਸਲਵਾਦ ਨੂੰ ਖਤਮ ਕਰਨ ਲਈ ਕੋਸ਼ਿਸ਼ ਕਰ ਰਹੇ ਲੋਕਾਂ ਉੱਪਰ ਦੂਸ਼ਣਬਾਜ਼ੀ ਲਾ ਕੇ, ਉਹ ਅਸਲ ਮਸਲੇ ਸੰਬੰਧੀ ਭੁਲੇਖੇ ਖੜ੍ਹੇ ਕਰ ਦਿੰਦੇ ਹਨ। ਜਦ ਕਿ ਉਨ੍ਹਾਂ ਦਾ ਅਸਲ ਮੰਤਵ ਉਸ ਤਬਦੀਲੀ ਨੂੰ ਰੋਕਣਾ ਹੁੰਦਾ ਹੈ ਜਿਹਦੇ ਨਾਲ ਉਨ੍ਹਾਂ ਦਾ ਆਪਣਾ ਵਕਾਰ ਘੱਟਦਾ ਹੋਵੇ, ਉਨ੍ਹਾਂ ਦੀ ਸਮਾਜ ਵਿਚੋਂ ਆਪਣੀ ਤਾਕਤ ਖੁੱਸਦੀ ਹੋਵੇ। ਸੰਭਵ ਹੈ ਕਿ ਸਾਡੇ ਭਾਈਚਾਰੇ ਵਿਚ ਵੀ ਅੱਜ ਕੱਲ ਅਸਲ ਵਿਚ ਇਹ ਕੁਝ ਹੀ ਹੋ ਰਿਹਾ ਹੋਵੇ।

ਲਿੰਗ ਚੋਣ ਸੰਬੰਧੀ ਬਹਿਸ ਤੋਂ ਗੱਲ ਪਾਸੇ ਲਿਜਾਣ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਦਾ ਦੋਹ ਵਿਚੋਂ ਇਕ ਮੰਤਵ ਹੋ ਸਕਦਾ ਹੈ। ਇਕ ਤਾਂ ਇਹ ਕਿ ਉਹ ਮਰਦ ਪ੍ਰਧਾਨ ਸਮਾਜ ਵਿਚਲੇ ਆਪਣੇ ਸਥਾਨ (ਭੁਲੇਖਾ ਪਾਉਣ ਵਾਲੇ ਹੁਣ ਤੱਕ ਸਾਹਮਣੇ ਆਏ ਸਾਰੇ ਵਿਅਕਤੀ ਮਰਦ ਹਨ) ਨੂੰ ਜਿਉਂ ਦਾ ਤਿਉਂ ਬਰਕਰਾਰ ਰੱਖਣਾ ਚਾਹੁੰਦੇ ਹੋਣ ਤੇ ਆਪਣੀ ਪੁਜ਼ੀਸ਼ਨ ਨੂੰ ਖੋਰਾ ਲਾਉਣ ਵਾਲੀ ਕਿਸੇ ਵੀ ਤਬਦੀਲੀ ਨੂੰ ਸਹਿਣ ਲਈ ਤਿਆਰ ਨਹੀ ਹਨ। ਆਪਣੇ ਚੁਗਿਰਦੇ ਵਿਚ ਨਿਗ੍ਹਾ ਮਾਰਿਆਂ ਅਸੀਂ ਦੇਖ ਸਕਦੇ ਹਾਂ ਕਿ ਅਜਿਹੇ ਲੋਕਾਂ ਦੀ ਸਾਡੇ ਭਾਈਚਾਰੇ ਵਿਚ ਕੋਈ ਕਮੀ ਨਹੀਂ ਹੈ ਤੇ ਇਸ ਮਸਲੇ ਸੰਬੰਧੀ ਭੁਲੇਖੇ ਪਾਉਣ ਵਾਲੇ ਕੁਝ ਲੋਕ ਤਾਂ ਸਾਫ ਹੀ ਇਸ ਪਾਸੇ ਖੜ੍ਹੇ ਦਿਸਦੇ ਹਨ ਜੋ ਆਪਣੇ ਆਰਥਿਕ ਹਿਤਾਂ ਖਾਤਰ ਜਾਂ ਮਰਦ ਦੀ ਪ੍ਰਧਾਨਗੀ ਨੂੰ ਬਣਾਈ ਰੱਖਣ ਖਾਤਰ ਅਜਿਹਾ ਕਰ ਰਹੇ ਹਨ।

ਮੁਸ਼ਕਿਲ ਉਦੋਂ ਬਣਦੀ ਹੈ ਜਦੋਂ ਕੁਝ ਉਹ ਲੋਕ ਵੀ ਭੁਲੇਖੇ ਖੜ੍ਹੇ ਕਰਨ ਵਿਚ ਜੁੱਟੇ ਨਜ਼ਰ ਆਉਂਦੇ ਹਨ, ਜੋ ਆਪਣੇ ਆਪ ਨੂੰ ਹੁਣ ਤੱਕ ਅਗਾਂਹਵਧੂ ਤੇ ਮਨੁੱਖਤਾ ਦੇ ਹਮਦਰਦਾਂ ਦੀ ਕਤਾਰ ਵਿਚ ਸ਼ਾਮਿਲ ਕਰਦੇ ਰਹੇ ਹਨ। ਸੰਭਵ ਹੈ ਕਿ ਅਜਿਹਾ ਕਰਨ ਪਿੱਛੇ ਉਨ੍ਹਾਂ ਦੀ ਕੋਈ ਸੋਚੀ ਸਮਝੀ ਮਨੁੱਖਤਾ ਵਿਰੋਧੀ ਨੀਤੀ ਨਾ ਹੋਵੇ, ਤੇ ਇਹ ਨੁਕਤੇ ਉਠਾਉਣ ਦਾ ਮੰਤਵ ਕਿਸੇ ਸੱਚ ਦੀ ਭਾਲ ਹੋਵੇ। ਇਨ੍ਹਾਂ ਨੁਕਤਿਆਂ ਸੰਬੰਧੀ ਵਿਚਾਰ ਵਟਾਂਦਰਾ ਕਰਦਿਆਂ ਅਸੀ ਇਹ ਹੀ ਮੰਨ ਕੇ ਚੱਲਾਂਗੇ, ਕਿ ਉਹ ਅਜੇ ਵੀ ਆਪਣੀ ਵਲੋਂ ਇਮਾਨਦਾਰੀ ਨਾਲ ਇਸ ਮਸਲੇ ਸੰਬੰਧੀ ਸੱਚ ਦੀ ਖੋਜ ਕਰਨ ਵਾਸਤੇ ਸਵਾਲ ਉਠਾ ਰਹੇ ਹਨ ਤਾਂਕਿ ਸਮਾਜ ਵਿਚੋਂ ਕੁੜੀਆਂ ਨੂੰ ਜੰਮਣ ਤੋਂ ਵੀ ਪਹਿਲਾਂ ਮਾਰ ਦੇਣ ਵਰਗੀ ਕੁਰੀਤੀ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕੇ। ਇਸ ਲੇਖ ਵਿਚ ਅਸੀ ਤਿੰਨ ਨੁਕਤਿਆਂ ਬਾਰੇ ਗੱਲਬਾਤ ਕਰਾਂਗੇ: ਇੱਕ, ਲਿੰਗ ਚੋਣ ਦੇ ਮਸਲੇ ਨੂੰ ਗਰਭਪਾਤ ਦੀ ਚੋਣ ਦੇ ਮਸਲੇ ਨਾਲ ਰਲ ਗੱਡ ਕਰਨ ਦੀ ਕੋਸ਼ਿਸ਼; ਦੂਜਾ, ਲੋਕਾਂ ਨੂੰ ਇਨ੍ਹਾਂ ਮਸਲਿਆਂ ਬਾਰੇ ਵਿਦਿਤ ਕਰਨਾ; ਤੀਜਾ, ਇਸ ਮਸਲੇ ਨਾਲ ਗ੍ਰਾਂਟਾਂ ਵਰਗੇ ਮਸਲਿਆਂ ਨੂੰ ਜੋੜਨ ਦੀ ਅਜੀਬੋ-ਗ਼ਰੀਬ ਕੋਸ਼ਿਸ਼।

## ਲਿੰਗ ਚੋਣ ਦੇ ਮਸਲੇ ਨੂੰ ਗਰਭਪਾਤ ਦੀ ਚੋਣ ਦੇ ਮਸਲੇ ਨਾਲ ਰਲ ਗੱਡ ਕਰਨ ਦੀ ਕੋਸ਼ਿਸ਼:

ਪੰਜਾਬੀ ਕਮਿਊਨਿਟੀ ਵਿਚ ਜਿਸ ਨੁਕਤੇ ਨੂੰ ਲੈ ਕੇ ਬਹੁਤ ਸਾਰੇ ਲੋਕਾਂ ਨੇ ਔਰਤਾਂ ਵਲੋਂ ਚਲਾਏ ਜਾ ਰਹੇ ਲਿੰਗ ਚੋਣ ਵਿਰੋਧੀ ਘੋਲ ਦੀ ਮੁਖਾਲਫਤ ਕੀਤੀ ਹੈ ਤੇ ਬਹੁਤ ਸਾਰੇ ਇਮਾਨਦਾਰ ਲੋਕਾਂ ਨੂੰ ਜਿਸ ਨੁਕਤੇਂ ਨੇ ਕਾਫੀ ਉਲਝਾਇਆ ਹੈ, ਉਹ ਨੁਕਤਾ ਹੈ: ਔਰਤਾਂ ਨੇ ਇਕ ਲੰਬੇ ਘੋਲ ਉਪਰੰਤ ਗਰਭਪਾਤ ਦੇ ਸੰਬੰਧ ਵਿਚ ਆਪ ਫੈਸਲਾ ਕਰਨ ਦਾ ਹੱਕ ਜਿੱਤਿਆ ਹੈ ਤੇ ਹੁਣ ਜਦ ਔਰਤਾਂ ਇਸ ਹੱਕ ਦੀ ਵਰਤੋਂ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਰੋਕਣਾ ਨਹੀ ਚਾਹੀਦਾ।

---

ਸਫਾ 18 ਦੀ ਬਾਕੀ

ਵੀ ਕਰਵਾਏ ਜਾਂਦੇ ਹਨ। ਹੁਣ ਇਹ ਸੁਆਲ ਉੱਠਦਾ ਹੈ ਕਿ ਕੀ ਇਹ ਗਰਭਪਾਤ ਕਿਸ ਹਾਲਤ ਵਿਚ ਕਰਵਾਏ ਜਾਂਦੇ ਹਨ ਜਦੋਂ ਔਰਤ ਦੇ ਗਰਭ ਵਿਚ ਕੁੜੀ ਹੁੰਦੀ ਹੈ ਜਾਂ ਮੁੰਡਾ? ਉਝ ਤਾਂ ਇਸ ਦਾ ਜੁਆਬ ਸਪਸ਼ਟ ਹੀ ਹੈ ਪਰ ਆਉ ਇਸਨੂੰ ਤੱਥਾਂ ਨਾਲ ਵੀ ਪਰਖ ਲਈਏ। ਓਨਟੇਰੀਓ ਦੇ ਇਲਾਕੇ ਸਕਾਰਬਰੋ ਵਿਚ ਉਹਨਾਂ 100 ਸਾਊਥ ਏਸ਼ੀਅਨ ਔਰਤਾਂ, ਜਿਹਨਾਂ ਨਾਲ ਘਰ ਵਿਚ ਬਦਸਲੂਕੀ (ਮਾਰ-ਕੁੱਟ, ਗਾਲੀ ਗਲੋਚ) ਹੁੰਦੀ ਸੀ, ਦਾ ਇਕ ਸਰਵੇ ਕੀਤਾ ਗਿਆ। ਇਸ ਸਰਵੇ ਵਿਚ 22 ਔਰਤਾਂ ਨੇ ਇਹ ਕਿਹਾ ਹੈ ਕਿ ਘਰ ਵਿਚ ਉਹਨਾਂ ਨਾਲ ਹੁੰਦੀ ਬਦਸਲੂਕੀ ਦਾ ਮੁੱਖ ਕਾਰਨ ਇਹ ਸੀ ਕਿਉਂਕਿ ਉਹ ਮੁੰਡੇ ਨੂੰ ਜਨਮ ਨਹੀ ਦੇ ਸਕੀਆਂ ਸਨ। ਬਾਕੀ ਦੀਆਂ 78 ਔਰਤਾਂ ਦਾ ਕਹਿਣਾ ਸੀ ਕਿ ਜਿੰਨਾ ਚਿਰ ਉਹਨਾਂ ਨੇ ਮੁੰਡੇ ਨੂੰ ਜਨਮ ਨਹੀ ਦਿੱਤਾ ਸੀ ਉਨਾ ਚਿਰ ਉਹ ਡਰਦੀਆਂ ਹੀ ਰਹੀਆਂ। ਇਸ ਸਰਵੇ ਨੂੰ ਦੇਖਦਿਆਂ ਇਹ ਨਤੀਜਾ ਕੱਢਣ ਵਿਚ ਕੋਈ ਮੁਸ਼ਕਿਲ ਨਹੀਂ ਆਉਂਦੀ ਕਿ ਜਦੋਂ ਇਕ ਔਰਤ ਗਰਭ ਵਿਚਲੇ ਬੱਚੇ ਦਾ ਲਿੰਗ ਟੈਸਟ ਕਰਾਉਣ ਤੋਂ ਬਾਅਦ ਗਰਭਪਾਤ ਕਰਵਾਉਂਦੀ ਹੈ ਤਾਂ ਉਹ ਗਰਭਪਾਤ ਉਦੋਂ ਹੀ ਹੁੰਦਾ ਹੈ ਜਦੋਂ ਉਸਦੇ ਗਰਭ ਵਿਚ ਕੁੜੀ ਹੋਵੇ।

ਜਾਣਕਾਰੀ ਦੇ ਸੋਮੇ:


1. ਹੈਲਥ ਸ਼ੇਅਰਿੰਗ ਮੈਗਜ਼ੀਨ ਦੇ ਫਾਲ 1991 ਦੇ ਅੰਕ ਵਿਚ ਸੁਨਿਹਰਾ ਖੋਬਾਨੀ ਦਾ 'ਇਨ ਹੂਜ਼ ਇੰਟਰੇਸਟ' ਨਾਂ ਦਾ ਆਰਟੀਕਲ। (ਸਫਾ15)

2. ਹੈਲਥ ਸ਼ੇਅਰਿੰਗ ਮੈਗਜ਼ੀਨ ਦੇ ਸਪਰਿੰਗ 1991 ਦੇ ਅੰਕ ਵਿਚ ਸੁਨਿਹਰਾ ਖੋਬਾਨੀ ਦਾ 'ਮੋਰ ਦੈਨ ਸੈਕਸਿਸਟ' ਨਾਂ ਦਾ ਆਰਟੀਕਲ। (ਸਫਾ10)

3. ਉਪਰਲੇ ਮੈਗਜ਼ੀਨ ਵਿਚ ਹੀ ਅਰੁਣਾ ਪਾਪ ਦਾ 'ਏ ਮੈਟਰ ਆਫ ਜੈਂਡਰ' ਨਾਂ ਦਾ ਆਰਟੀਕਲ (ਸਫਾ 12)।

4. ਇਸ ਮੈਗਜ਼ੀਨ ਦੇ ਮਾਰਚ/ਅਪਰੈਲ ਦੇ ਅੰਕ ਵਿਚ ਮੁਆਇਰਾ ਫਾਰ ਦਾ 'ਡੇਂਜਰਿਸ ਡੀਟਰਮੀਨੇਸ਼ਨ' ਨਾਂ ਦਾ ਆਰਟੀਕਲ (ਸਫਾ10)।

5. ਨਿਊਜ਼ ਮੈਗਜ਼ੀਨ ਦੇ ਅਪਰੈਲ 16/90 ਦੇ ਅੰਕ ਵਿਚ 'ਬੈਡ ਯੀਅਰਜ਼ ਫਾਰ ਗਰਲਜ਼' ਨਾਂ ਦਾ ਆਰਟੀਕਲ (ਸਫਾ 81)।

6. ਏਸ਼ੀਆਵੀਕ ਦੇ ਅਗਸਤ 2/1987 ਦੇ ਅੰਕ ਵਿਚ 'ਗੈਟਿੰਗ ਰਿੱਡ ਆਫ ਗਰਲਜ਼' ਨਾਂ ਦਾ ਆਰਟੀਕਲ (ਸਫਾ 25)।

ਸਰਸਰੀ ਨਜ਼ਰੇ ਸ਼ਾਇਦ ਇਹ ਗੱਲ ਦਰੁਸਤ ਜਾਪੇ। ਪਰ ਰਤਾ ਕੁ ਘੋਖਿਆਂ ਕਈ ਸਵਾਲ ਖੜ੍ਹੇ ਹੋ ਜਾਂਦੇ ਹਨ। ਪਹਿਲੀ ਵਿਚਾਰਨ ਵਾਲੀ ਗੱਲ ਹੈ ਕਿ ਜੇ ਕਿਸੇ ਔਰਤ ਨੇ ਕਿਸੇ ਕਾਰਨ ਇਹ ਫੈਸਲਾ ਕਰਨਾ ਹੋਵੇ ਕਿ ਉਸਨੇ ਆਪਣੇ ਪੇਟ ਵਿਚਲਾ ਬੱਚਾ ਰੱਖਣਾ ਹੈ ਜਾਂ ਨਹੀ, ਤਾਂ ਉਹਦੇ ਲਈ ਇਹ ਜਾਨਣਾ ਜ਼ਰੂਰੀ ਨਹੀਂ ਹੋ ਸਕਦਾ ਕਿ ਹੋਣ ਵਾਲਾ ਬੱਚਾ ਕੁੜੀ ਹੈ ਜਾਂ ਮੁੰਡਾ। ਤੇ ਔਰਤਾਂ ਵਲੋਂ ਏਸ ਕਿਸਮ ਦੇ ਗਰਭਪਾਤ ਕਰਾਉਣ ਦੇ ਫੈਸਲੇ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਕੀਤੇ ਜਾਂਦੇ ਹਨ ਤੇ ਕਿਸੇ ਨੂੰ (ਛੁੱਟ ਗਰਭਪਾਤ ਦਾ ਧਾਰਮਿਕ ਪੱਖੋਂ ਵਿਰੋਧ ਕਰਨ ਵਾਲਿਆਂ ਦੇ) ਕੋਈ ਇਤਰਾਜ਼ ਨਹੀਂ ਹੁੰਦਾ। ਤੇ ਏਸ ਕਿਸਮ ਦੇ ਫੈਸਲਿਆਂ ਵਿਚ ਡਾਕਟਰ ਸਟੀਫਨ ਕਦੀ ਤਸਵੀਰ ਵਿਚ ਨਹੀ ਆਉਂਦਾ ਤੇ ਨਾ ਹੀ ਉਹ ਇਸ਼ਤਿਹਾਰਾਂ ਉੱਪਰ ਪੈਸੇ ਖਰਚਣ ਲਈ ਤਿਆਰ ਹੋਵੇਗਾ। ਸੋ ਜੇ ਕੋਈ ਔਰਤ ਪਹਿਲਾਂ ਇਹ ਜਾਨਣਾ ਚਾਹੁੰਦੀ ਹੈ ਕਿ ਗਰਭ ਵਿਚਲਾ ਬੱਚਾ ਕੁੜੀ ਹੈ ਜਾਂ ਮੁੰਡਾ ਅਤੇ ਫੇਰ ਕੁੜੀ ਦੀ ਸੂਰਤ ਵਿਚ ਗਰਭਪਾਤ ਕਰਾਉਣ ਦਾ ਫੈਸਲਾ ਕਰਦੀ ਹੈ, ਉਹ ਫੈਸਲਾ ਇਕ ਔਰਤ ਵਲੋਂ ਗਰਭਪਾਤ ਕਰਾਉਣ ਜਾਂ ਨਾ ਕਰਾਉਣ ਦੇ ਫੈਸਲੇ ਤੋਂ ਵੱਖਰੀ ਕਿਸਮ ਦਾ ਹੈ।

ਦੂਜਾ ਸਵਾਲ ਇਹ ਹੈ ਕਿ ਜਦੋਂ ਗਰਭ ਵਿਚਲੇ ਬੱਚੇ ਦਾ ਲਿੰਗ ਜਾਨਣ ਬਾਅਦ, ਕੁੜੀ ਦੀ ਸੂਰਤ ਵਿਚ, ਪੰਜਾਬੀ ਔਰਤ ਗਰਭਪਾਤ ਦਾ ਫੈਸਲਾ ਕਰਦੀ ਹੈ, ਤਾਂ ਕੀ ਇਹ ਫੈਸਲਾ ਉਹ ਬਿਨਾਂ ਕਿਸੇ ਡਰ ਜਾਂ ਦਬਾਅ ਦੇ ਆਪਣੀ ਮਰਜ਼ੀ ਨਾਲ ਕਰਦੀ ਹੈ? ਮੌਜੂਦਾ ਸਮੇਂ ਵਿਚ ਇਸ ਸਵਾਲ ਦਾ ਜਵਾਬ ਨਾਂਹ ਵਿਚ ਹੀ ਦਿੱਤਾ ਜਾ ਸਕਦਾ ਹੈ। ਅਸਲੀਅਤ ਇਹ ਹੈ ਕਿ ਸ਼ਾਇਦ ਹੀ ਕੋਈ ਪੰਜਾਬੀ ਔਰਤ ਹੋਵੇ ਜਿਸ ਉੱਪਰ ਇਹ ਫੈਸਲਾ ਕਰਨ ਲਈ ਪਰਿਵਾਰਿਕ, ਸਮਾਜੀ ਜਾਂ ਆਰਥਿਕ ਦਬਾਅ ਨਾ ਹੋਣ। ਪੰਜਾਬੀ, ਤੇ ਭਾਰਤੀ ਸਮਾਜ ਦੀਆਂ ਹਜ਼ਾਰਾਂ ਸਾਲਾਂ ਤੋਂ ਚਲੀਆਂ ਆਉਂਦੀਆਂ ਕਦਰਾਂ ਕੀਮਤਾਂ ਇਸ ਗੱਲ ਦੀ ਗਵਾਹੀ ਹਨ ਕਿ ਕੁੜੀ ਦੇ ਮੁਕਾਬਲੇ ਮੁੰਡੇ ਦੀ ਲਾਲਸਾ ਕਿੰਨੀ ਪੁਰਾਣੀ ਤੇ ਕਿੰਨੀ ਮਜ਼ਬੂਤ ਹੈ। ਇਸ ਲਾਲਸਾ ਪਿਛੇ ਕੰਮ ਕਰਦੇ ਅਨੇਕਾਂ ਕਾਰਨਾਂ ਬਾਰੇ ਅਕਸਰ ਚਰਚਾ ਹੁੰਦੀ ਰਹਿੰਦੀ ਹੈ ਤੇ ਇਹ ਕਾਰਨ ਬਹੁਤੇ ਆਰਥਿਕ ਤੇ ਸਮਾਜੀ ਹੁੰਦੇ ਹਨ – ਕੁੜੀ ਪਰਾਇਆ ਧਨ ਹੁੰਦੀ ਹੈ (ਭਾਰਤੀ ਸਮਾਜਕ ਕਦਰਾਂ ਕੀਮਤਾਂ ਵਿਚ ਫਸੇ ਮਾਂ ਪਿਓ ਕੁੜੀ ਦਾ ਵਿਆਹ ਕਰਨ ਬਾਅਦ ਕਹਿੰਦੇ ਹਨ, "ਢਿੱਡ ਵੀ ਖਾਲੀ ਤੇ ਘਰ ਵੀ ਖਾਲੀ") ਤੇ ਮੁੰਡਾ ਪਰਾਏ ਧਨ ਨੂੰ ਆਪਣੇ ਘਰ ਲਿਆਉਣ ਦਾ ਸਾਧਨ ਹੁੰਦਾ ਹੈ।

ਇਸਦੇ ਨਾਲ ਹੀ ਇਸ ਤਸਵੀਰ ਦੇ ਕੁਝ ਹੋਰ ਵਿਸਥਾਰ ਵੀ ਹਨ, ਜਿਵੇਂ ਸਾਡੇ ਸਮਾਜ ਵਿਚ ਆਦਮੀ ਨਾਲ ਬਣਦੇ ਆਪਣੇ ਨਾਤੇ ਬਿਨਾਂ, ਔਰਤ ਦੀ ਆਪਣੀ ਕੋਈ ਆਜ਼ਾਦ ਹੋਂਦ ਅਜੇ ਤੱਕ ਪੂਰੀ ਤਰ੍ਹਾਂ ਸਥਾਪਤ ਨਹੀ ਹੋ ਸਕੀ। ਔਰਤ ਮਾਂ ਹੈ, ਭੈਣ ਹੈ ਜਾਂ ਪਤਨੀ, ਜਾਂ ਉਹ ਕਿਸੇ ਦੀ ਵਿਧਵਾ ਹੈ ਤੇ ਜਾਂ ਕਿਸੇ ਮਰਦ ਦੀ ਰਖੇਲ। ਆਦਮੀ ਨਾਲ ਜੁੜੇ ਇਨ੍ਹਾਂ ਰਿਸ਼ਤਿਆਂ ਤੋਂ ਬਿਨਾਂ ਔਰਤ ਦਾ ਹੋਰ ਕੋਈ ਆਜ਼ਾਦ ਰੂਪ ਸਾਡੇ ਸਮਾਜ ਵਿਚ ਅਜੇ ਪੂਰੀ ਤਰ੍ਹਾਂ ਪ੍ਰਵਾਨ ਨਹੀ ਕੀਤਾ ਜਾਂਦਾ।

ਸੋ ਇਹ ਅਸਲੀਅਤ ਕਿਸੇ ਨਾ ਕਿਸੇ ਰੂਪ ਵਿਚ ਔਰਤਾਂ ਨੂੰ ਇਸ ਗੱਲ ਲਈ ਮਜਬੂਰ ਕਰ ਦਿੰਦੀ ਹੈ ਕਿ ਜੇ ਸੰਭਵ ਹੋ ਸਕੇ ਤਾਂ ਉਹ ਘਰ ਵਿਚ ਮੁੰਡੇ ਨੂੰ ਜਨਮ ਜ਼ਰੂਰ ਦੇਣ। ਆਪਣੀ ਹੋਂਦ ਖਾਤਰ ਉਨ੍ਹਾਂ ਨੂੰ ਆਪਣੀਆਂ ਧੀਆਂ/ਪੋਤੀਆਂ/ਦੋਹਤੀਆਂ ਨੂੰ ਪਹਿਲਾਂ ਜੰਮਦਿਆਂ ਹੀ ਤੇ ਹੁਣ ਜੰਮਣ ਤੋਂ ਪਹਿਲਾਂ ਹੀ ਮਾਰ ਮੁਕਾਉਣ ਦਾ ਕਾਰਜ ਕਰਨਾ ਪੈਂਦਾ ਹੈ। ਇਕ ਔਰਤ ਆਪਣੀ ਅਣਜੰਮੀ ਕੁੜੀ ਦਾ (ਕੁੜੀ ਦੇ ਮੁਕਾਬਲੇ ਜਾਣ ਬੁੱਝ ਕੇ ਮੁੰਡੇ ਦਾ ਗਰਭਪਾਤ ਕਰਾਉਣ ਬਾਰੇ ਅੱਜ ਤੱਕ ਕੋਈ ਖਬਰ ਨਹੀ ਸੁਣੀ) ਗਰਭਪਾਤ ਕਰਾਉਣ ਦਾ ਜਦੋਂ ਫੈਸਲਾ ਕਰਦੀ ਹੈ ਤਾਂ ਉਹ ਇਨ੍ਹਾਂ ਅਨੇਕਾਂ ਦਿਸਦੀਆਂ/ਅਣਦਿਸਦੀਆਂ ਕਦਰਾਂ ਕੀਮਤਾਂ ਦੇ ਦਬਾਅ ਹੇਠ ਕਰਦੀ ਹੈ। ਇਹ ਗੱਲ ਪੂਰੇ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿਉਂਕਿ ਇਸ ਦੇ ਹੱਕ ਵਿਚ ਪਿਛਲੇ ਜਾਣੇ ਜਾਂਦੇ ਤਿੰਨ ਚਾਰ ਹਜ਼ਾਰ ਸਾਲ ਦਾ ਇਤਿਹਾਸ ਖੜ੍ਹਾ ਹੈ ਜਿਸਦੇ ਵਿਚ ਅਜੇ ਤੱਕ ਕੋਈ ਜ਼ਾਹਿਰਾ ਗੁਣਾਤਮਕ ਤਬਦੀਲੀ ਨਹੀ ਵਾਪਰੀ – ਭਾਵੇਂ ਕਿ ਹੁਣ ਵਾਪਰ ਕੇ ਰਹੇਗੀ।

ਕਹਿਣ ਨੂੰ ਜੋ ਮਰਜ਼ੀ ਕਹੀ ਜਾਈਏ, ਪਰ ਅੱਜ ਤੱਕ ਦੀ ਅਸਲੀਅਤ ਇਹੀ ਹੈ ਕਿ ਪੰਜਾਬੀ ਔਰਤ ਵਲੋਂ ਇਹ ਜਾਨਣ ਬਾਅਦ ਕਿ ਉਸਦੇ ਪੇਟ ਵਿਚ ਕੁੜੀ ਹੈ, ਗਰਭਪਾਤ ਕਰਾਉਣ ਦਾ ਫੈਸਲਾ ਕਦੀ ਵੀ ਉਸਦਾ ਆਪਣੀ ਮਰਜ਼ੀ ਨਾਲ ਕੀਤਾ ਗਿਆ ਫੈਸਲਾ ਨਹੀ ਹੁੰਦਾ।

## ਲੋਕਾਂ ਨੂੰ ਵਿਦਿਤ ਕਰਨ ਦਾ ਮਸਲਾ:

ਭਾਰਤੀ ਭਾਈਚਾਰੇ ਵਿਚਲੀਆਂ ਪੰਜਾਬੀ ਤੇ ਅੰਗ੍ਰੇਜ਼ੀ ਅਖਬਾਰਾਂ ਜਿਨ੍ਹਾਂ ਦੇ ਆਰਥਿਕ ਹਿਤ ਡਾਕਟਰ ਸਟੀਫਨ ਦੇ ਇਸ਼ਤਿਹਾਰਾਂ ਨਾਲ ਜੁੜੇ ਹੋਏ ਹਨ/ਸਨ (ਅੱਜ ਕੱਲ ਇਹ ਇਸ਼ਤਿਹਾਰ ਬੰਦ ਹਨ) ਵਲੋਂ ਆਪਣੀਆਂ ਸੰਪਾਦਕੀਆਂ ਵਿਚ, ਸੰਪਾਦਕੀ ਵਰਗੀਆਂ ਖਬਰਾਂ ਵਿਚ ਤੇ ਲੇਖਾਂ ਵਿਚ ਔਰਤਾਂ ਨੂੰ ਵਾਰ ਵਾਰ ਇਹ ਸੁਝਾਅ ਦਿੱਤੇ ਗਏ ਹਨ ਕਿ ਉਹ ਲੋਕਾਂ ਨੂੰ ਵਿਦਿਤ ਕਰਨ ਨਾ ਕਿ ਅਖਬਾਰਾਂ ਵਿਚ ਇਸ਼ਤਿਹਾਰ ਬੰਦ ਕਰਨ ਲਈ ਵਾਧੂ ਰੌਲਾ ਪਾਉਣ। ਉਨ੍ਹਾਂ ਦੀ ਇਸ ਗੱਲ ਦੀ ਹਿਮਾਇਤ ਭਾਈਚਾਰੇ ਦੇ ਕਈ ਲੇਖਕਾਂ ਤੇ ਪਾਠਕਾਂ ਨੇ ਵੀ ਕੀਤੀ ਹੈ। ਲੋਕਾਂ ਨੂੰ ਵਿਦਿਤ ਕਰਨ ਦੀ ਗੱਲ ਆਪਣੇ ਆਪ ਵਿਚ ਕਿਸੇ ਤਰ੍ਹਾਂ ਵੀ ਮਾੜੀ ਜਾਂ ਸੁੱਟ ਪਾਉਣ ਵਾਲੀ ਨਹੀਂ।

ਪਰ ਜਦੋਂ ਇਹ ਸੁਝਾਅ ਉੱਚੀ ਸੁਰ ਵਿਚ ਉਹਨਾਂ ਅਖਬਾਰਾਂ ਦੇ ਸੰਪਾਦਕ ਤੇ ਸੰਚਾਲਕ ਦਿੰਦੇ ਹਨ, ਜਿਹੜੇ ਖੁਦ ਲਿੰਗ ਚੋਣ ਸੰਬੰਧੀ ਇਸ਼ਤਿਹਾਰ ਛਾਪ ਰਹੇ ਹਨ ਤਾਂ ਉਹਨਾਂ ਦੇ ਇਸ ਚੰਗੇ ਸੁਝਾਅ ਪਿੱਛੇ ਛੁਪੇ ਇਰਾਦੇ 'ਤੇ ਕੁਝ ਕੁਝ ਸ਼ੱਕ ਹੋਣ ਲੱਗਦੀ ਹੈ। ਨਾਲ ਹੀ ਜਿਸ ਤਰੀਕੇ ਨਾਲ ਉਹ ਦੂਜਿਆਂ ਨੂੰ ਇਹ ਸੁਝਾਅ ਦਿੰਦੇ ਹਨ ਉਸ ਪਿੱਛੇ ਵੀ ਕੁਝ ਕੁਝ ਸ਼ੱਕੀ ਨਜ਼ਰ ਆਉਂਦਾ ਹੈ। ਉਹਨਾਂ ਦੇ ਸੁਝਾਅ ਦੇਣ ਦੇ ਤੌਰ ਤਰੀਕੇ ਤੋਂ ਜਿਹੜਾ ਇਕ ਸੰਕੇਤ ਵਾਰ ਵਾਰ ਮਿਲਦਾ ਹੈ, ਉਹ ਹੈ ਕਿ ਉਹ ਖੁਦ ਨੂੰ ਕਮਿਊਨਿਟੀ ਤੋਂ ਵੱਖਰੀ ਕੋਈ ਅਲੌਕਿਕ ਹਸਤੀ ਮੰਨਦੇ ਹਨ ਤੇ ਲੋਕਾਂ ਨੂੰ ਵਿਦਿਤ ਕਰਨ ਵਰਗੇ ਕਾਰਜ ਦੀ ਜ਼ਿੰਮੇਵਾਰੀ ਤੋਂ ਆਪਣੇ ਆਪ ਨੂੰ ਸੁਰਖਰੂ ਸਮਝਦੇ ਹਨ। ਕੀ ਇਕ ਅਖਬਾਰ ਦਾ ਸੰਪਾਦਕ ਬਣਨ ਨਾਲ ਇਕ ਵਿਅਕਤੀ ਭਾਈਚਾਰੇ ਦਾ ਹਿੱਸਾ ਨਹੀ ਰਹਿੰਦਾ? ਭਾਈਚਾਰੇ ਦੇ ਹਿਤਾਂ ਜਾਂ ਇਛਾਵਾਂ ਨਾਲ ਉਸਦਾ ਕੋਈ ਸਰੋਕਾਰ ਨਹੀ ਰਹਿੰਦਾ? ਜਿਸ ਭਾਈਚਾਰੇ ਵਿਚ ਉਹ ਰਹਿ ਰਹੇ ਹਨ, ਜਿਸ ਭਾਈਚਾਰੇ ਦੇ ਸਿਰੋਂ ਆਪਣੀ ਰੋਜ਼ੀ ਰੋਟੀ ਕਮਾ ਰਹੇ ਹਨ, ਕੀ ਉਸ ਭਾਈਚਾਰੇ ਵਲ ਉਨ੍ਹਾਂ ਦੀ ਕੋਈ ਜ਼ਿੰਮੇਵਾਰੀ ਨਹੀ ਰਹਿ ਜਾਂਦੀ? ਉਨ੍ਹਾਂ ਦੇ ਰਵੱਈਏ ਤੋਂ ਇਹ ਲੱਗਣ ਲੱਗਦਾ ਹੈ ਕਿ ਉਹਨਾਂ ਦੇ ਆਪਣੇ ਹਿਤਾਂ ਤੋਂ ਬਿਨਾਂ ਉਹ ਕਿਸੇ ਵੀ ਹੋਰ ਹਿਤ ਲਈ ਕੁਝ ਕਹਿਣ ਸੁਣਨ ਨੂੰ ਤਿਆਰ ਨਹੀ ਹਨ। ਜੇ ਅਜਿਹਾ ਨਾ ਹੁੰਦਾ ਤਾਂ ਇਹ ਸੰਪਾਦਕ ਔਰਤਾਂ ਦੀਆਂ ਜਥੇਬੰਦੀਆਂ ਵਾਂਗ ਆਪ ਵੀ ਲੋਕਾਂ ਨੂੰ ਇਸ ਸਮਾਜਕ ਕੋਹੜ ਬਾਰੇ ਵਿਦਿਤ ਕਰਨ ਵਿਚ ਸ਼ਰੀਕ ਹੁੰਦੇ। ਉਹ ਆਪ ਲੇਖਕਾਂ ਤੋਂ ਇਸ ਸੰਬੰਧੀ ਲੇਖ ਲਿਖਵਾਉਂਦੇ ਜਿਵੇਂ ਕਿ ਉਹ ਅਕਸਰ ਹੋਰਨਾਂ ਮਸਲਿਆਂ ਬਾਰੇ ਕਰਦੇ ਹਨ। ਪਰ ਇਹ ਗੱਲ ਸਾਫ ਹੈ ਤੇ ਸ਼ਾਇਦ ਜਾਇਜ਼ ਵੀ, ਕਿ ਉਹ ਉਨ੍ਹਾਂ ਮਸਲਿਆਂ ਬਾਰੇ ਹੀ ਆਪਣੀ ਵਲੋਂ ਤਰੱਦਦ ਕਰਦੇ ਹਨ ਜਿਨ੍ਹਾਂ ਬਾਰੇ ਉਹ ਖੁਦ ਮਹਿਸੂਸ ਕਰਦੇ ਹਨ ਕਿ ਇਹ ਮਸਲੇ ਲੋਕਾਂ ਵਿਚ ਵਿਚਾਰੇ ਜਾਣੇ ਚਾਹੀਦੇ ਹਨ। ਇਨ੍ਹਾਂ ਅਖਬਾਰਾਂ ਵਿਚ ਅਨੇਕਾਂ ਲੇਖ ਦੂਜੀਆਂ ਅਖਬਾਰਾਂ, ਮੈਗਜ਼ੀਨਾਂ ਵਿਚੋਂ ਹੀ ਨਹੀ, ਦੂਜੀਆਂ ਬੋਲੀਆਂ ਵਿਚੋਂ ਅਨੁਵਾਦ ਕਰ ਕੇ ਵੀ ਛਾਪੇ ਜਾਂਦੇ ਹਨ। ਇਨ੍ਹਾਂ ਲੇਖਾਂ ਦੀ ਚੋਣ ਇਹ ਸੰਪਾਦਕ ਆਪ ਕਰਦੇ ਹਨ, ਇਨ੍ਹਾਂ ਲੇਖਾਂ

ਨੂੰ ਅਨੁਵਾਦ ਆਪ ਕਰਦੇ/ਕਰਵਾਉਂਦੇ ਹਨ, ਇਨ੍ਹਾਂ ਲੇਖਾਂ ਨੂੰ ਆਪ ਲੇਖਕਾਂ ਕੋਲੋਂ ਲਿਖਵਾਉਂਦੇ ਹਨ। ਤੇ ਅਜਿਹਾ ਕਰਨਾ ਚੰਗੇ ਸੰਪਾਦਕ ਹੋਣ ਦਾ ਸਬੂਤ ਦੇਣਾ ਵੀ ਹੈ। ਪਰ ਕੁੜੀਆਂ ਦੇ ਗਰਭਪਾਤ ਦੇ ਮਸਲੇ ਬਾਰੇ ਉਹ ਸਾਰੀ ਦੀ ਸਾਰੀ ਜ਼ਿੰਮੇਵਾਰੀ ਔਰਤ ਜਥੇਬੰਦੀਆਂ ਤੇ ਸੁੱਟ ਕੇ, ਉਨ੍ਹਾਂ ਉੱਪਰ ਦੂਸ਼ਣਬਾਜ਼ੀ ਕਰ ਕੇ ਉਨ੍ਹਾਂ ਨੂੰ ਘਟੀਆ ਪੱਧਰ 'ਤੇ ਮਖੌਲ ਕਰਕੇ/ਦੂਜਿਆਂ ਕੋਲੋਂ ਕਰਵਾ ਕੇ, ਆਪ ਪਾਸੇ ਹੋ ਕੇ ਖੁਸ਼ੀ 'ਚ ਵਗਲਾਂ ਵਜਾਉਂਦੇ ਜਾਪਦੇ ਹਨ। ਜੇ ਕੋਈ ਝੋਰਾ ਹੈ ਤਾਂ ਸਿਰਫ ਇਸ਼ਤਿਹਾਰਾਂ ਦੇ ਖੁੱਸ ਜਾਣ ਦਾ। ਇਹ ਰਵੱਈਆ ਕਿਸੇ ਤਰ੍ਹਾਂ ਵੀ ਜ਼ਿੰਮੇਵਾਰ ਸੰਪਾਦਕਾਂ ਵਲੋਂ ਯੋਗ ਨਹੀ ਮੰਨਿਆ ਜਾ ਸਕਦਾ।

ਜੇ ਕਮਿਊਨਿਟੀ ਦੀਆਂ ਅਖਬਾਰਾਂ, ਕਮਿਊਨਿਟੀ ਦੇ ਮਸਲਿਆਂ ਬਾਰੇ, ਲੋਕਾਂ ਨੂੰ ਵਿਦਿਤ ਕਰਨ ਵਿਚ ਆਪਣਾ ਹਿੱਸਾ ਨਹੀ ਪਾਉਂਦੀਆਂ ਸਗੋਂ ਇਸਦੇ ਉਲਟ ਜੇ ਉਹ ਕਿਸੇ ਮਸਲੇ ਨੂੰ ਉਲਝਾਉਣ ਵਿਚ ਹਿੱਸਾ ਪਾਉਂਦੀਆਂ ਹਨ ਤਾਂ ਉਹ ਕਮਿਊਨਿਟੀ ਪ੍ਰਤੀ ਬਣਦੀ ਆਪਣੀ ਜ਼ਿੰਮੇਵਾਰੀ ਤੋਂ ਪਾਸਾ ਮੋੜਦੀਆਂ ਹਨ। ਕੀ ਜ਼ਿੰਮੇਵਾਰ ਅਖਬਾਰਾਂ ਦਾ ਇਹ ਫਰਜ਼ ਨਹੀ ਬਣਦਾ ਕਿ ਉਹ ਇਸ ਗੱਲ ਬਾਰੇ ਚਰਚਾ ਛੇੜਨ ਵਿਚ ਹਿੱਸਾ ਲੈਣ ਕਿ ਡਾਕਟਰ ਸਟੀਫਨ ਵਰਗੇ ਲੋਕ ਸਾਡੇ ਲੋਕਾਂ ਦੀਆਂ ਗਲਤ ਕਿਸਮ ਦੀਆਂ ਭਾਵਨਾਵਾਂ ਨੂੰ ਪੱਠੇ ਪਾ ਕੇ ਪੈਸੇ ਬਣਾਉਂਦੇ ਹਨ ਤੇ ਉਨ੍ਹਾਂ ਦਾ ਮੰਤਵ ਸਿਰਫ ਪੈਸਾ ਕਮਾਉਣਾ ਹੈ, ਮਨੁੱਖਤਾ, ਸਮਾਜ ਜਾਂ ਕਿਸੇ ਵਿਸ਼ੇਸ਼ ਭਾਈਚਾਰੇ ਦੀ ਮਦਦ ਕਰਨਾ ਨਹੀ।

ਸੱਭ ਤੋਂ ਵੱਧ ਹੈਰਾਨੀ ਉਸ ਵਕਤ ਹੁੰਦੀ ਹੈ ਜਦੋਂ ਕੁਝ ਸੰਪਾਦਕ ਤੇ ਉਨ੍ਹਾਂ ਦੇ ਹਿਮਾਇਤੀ ਸ਼ਰੇਆਮ ਸਵੈ-ਵਿਰੋਧੀ ਗੱਲਾਂ ਕਰਦੇ ਹਨ। ਇਸ ਗੱਲ ਤੋਂ ਕੌਣ ਮੁਨਕਰ ਹੋ ਸਕਦਾ ਹੈ ਕਿ ਅੱਜ ਦੇ ਜ਼ਮਾਨੇ ਵਿਚ ਅਖਬਾਰਾਂ ਦੀ ਕਮਾਈ ਦਾ ਵੱਡਾ ਵਸੀਲਾ ਇਸ਼ਤਿਹਾਰ ਹਨ। ਅਸਲ ਵਿਚ ਅੱਜ ਦੀਆਂ ਅਖਬਾਰਾਂ ਤਾਂ ਹਨ ਹੀ ਇਸ਼ਤਿਹਾਰਬਾਜ਼ੀ ਦਾ ਵਸੀਲਾ, ਕਿਉਂਕਿ ਇਸ ਖਪਤਕਾਰੀ ਸਮਾਜ ਵਿਚ ਇਸ਼ਤਿਹਾਰਾਂ ਦੇ ਜ਼ੋਰ ਨਾਲ ਹਰ ਬੇਲੋੜੀ ਚੀਜ਼ ਦੀ ਵੀ ਲੋੜ ਪੈਦਾ ਕੀਤੀ ਜਾ ਸਕਦੀ ਹੈ ਤੇ ਕੀਤੀ ਜਾਂਦੀ ਹੈ। ਅਖਬਾਰਾਂ ਮੋਟੇ ਤੌਰ ਤੇ ਇਹੀ ਕੰਮ ਕਰਦੀਆਂ ਹਨ। ਇਸ ਅਸਲੀਅਤ ਦੇ ਬਾਵਜੂਦ ਸਾਡੇ ਭਾਰਤੀ ਭਾਈਚਾਰੇ ਵਿਚਲੇ ਸੰਪਾਦਕ ਤੇ ਉਨ੍ਹਾਂ ਦੇ ਹਿਮਾਇਤੀ ਲੇਖਕ ਸਾਨੂੰ ਇਹ ਗੱਲ ਮੰਨਾਉਣ ਤੇ ਤੁਲੇ ਹੋਏ ਹਨ ਕਿ ਇਸ਼ਤਿਹਾਰਾਂ ਨਾਲ ਕੋਈ ਫਰਕ ਨਹੀ ਪੈਂਦਾ, ਲੋਕਾਂ ਨੇ ਜਿਹੜਾ ਕੰਮ ਕਰਨਾ ਹੈ, ਉਹ ਕਰਨਾ ਹੀ ਹੈ। ਜੇ ਇਹ ਗੱਲ ਸੱਚ ਹੋਵੇ ਕਿ ਇਸ਼ਤਿਹਾਰਾਂ ਨਾਲ ਕੋਈ ਫਰਕ ਨਹੀ ਪੈਂਦਾ, ਤਾਂ ਇਨ੍ਹਾਂ ਸੰਪਾਦਕਾਂ ਵਿਚੋਂ ਬਹੁਤੇ ਆਪਣੀ ਰੋਜ਼ੀ ਲਈ ਕਿਸੇ ਹੋਰ ਪਾਸੇ ਫਿਰਦੇ ਹੋਣ। ਪਰ ਸਚਾਈ ਤਾਂ ਇਹ ਹੈ ਕਿ ਇਸ਼ਤਿਹਾਰ ਲੋਕਾਂ ਦੀਆਂ ਲੋੜਾਂ ਨੂੰ ਵਧਾਉਂਦੇ ਹੀ ਨਹੀ ਸਗੋਂ ਨਵੀਆਂ ਲੋੜਾਂ ਪੈਦਾ ਵੀ ਕਰਦੇ ਹਨ। ਤੇ ਇਸ ਤਰ੍ਹਾਂ ਵਿਚਾਰਿਆਂ ਅਸੀ ਇਨ੍ਹਾਂ ਅਖਬਾਰਾਂ ਵਿਚ ਛਪਦੇ ਡਾਕਟਰ ਸਟੀਫਨ ਦੇ ਇਸ਼ਤਿਹਾਰਾਂ ਦੇ ਰੋਲ ਬਾਰੇ ਕੀ ਕਹਾਂਗੇ? ਸਾਫ ਹੈ ਕਿ ਇਨ੍ਹਾਂ ਇਸ਼ਤਿਹਾਰਾਂ ਨਾਲ ਲੋਕਾਂ ਵਿਚ ਸਾਡੇ ਸਮਾਜ ਵਿਚਲੇ ਕੁੜੀਆਂ ਨੂੰ ਜੰਮਣ ਤੋਂ ਪਹਿਲਾਂ ਖਤਮ ਕਰਨ ਦੇ ਕੋੜ੍ਹ ਦੀ ਮੰਗ ਵੱਧਦੀ ਹੈ, ਘਟਦੀ ਨਹੀਂ। ਤੇ ਸਵਾਲ ਇਹ ਪੈਦਾ ਹੁੰਦਾ ਹੈ, ਕਿ ਅਖਬਾਰਾਂ ਦੇ ਸੰਪਾਦਕਾਂ ਨੂੰ ਇਹ ਗੱਲ ਸਮਝਣ ਵਿਚ ਮੁਸ਼ਕਿਲ ਆ ਰਹੀ ਹੈ ਜਾਂ ਉਨ੍ਹਾਂ ਦੇ 'ਮੈਂ ਨਾ ਮਾਨੂੰ' ਦੀ ਰੱਟ ਦਾ ਕੋਈ ਹੋਰ ਕਾਰਨ ਹੈ?

ਜਦੋਂ ਉਹ ਲਿੰਗ ਚੋਣ ਦੇ ਮਸਲੇ ਨੂੰ ਹੋਰ ਮਸਲਿਆਂ ਨਾਲ ਰਲ ਗੱਡ ਕਰ ਕੇ ਪੇਸ਼ ਕਰਦੇ ਹਨ ਤਾਂ ਕੀ ਅਸਲੀ ਮਸਲੇ ਬਾਰੇ ਲੋਕਾਂ ਦੇ ਮਨਾਂ ਵਿਚ ਗਲਤ ਉਲਝਣਾਂ ਪੈਦਾ ਨਹੀ ਹੁੰਦੀਆਂ? ਇਸ ਨਾਲ ਕਿਸ ਦਾ ਹਿਤ ਪੂਰ ਹੁੰਦਾ ਹੈ? ਜੇ ਉਹ ਵੀ ਸੱਚ ਮੁੱਚ ਕੁੜੀਆਂ ਦੇ ਗਰਭਪਾਤ ਦੇ ਵਿਰੁੱਧ ਹਨ, ਜਿਵੇਂ ਕਿ ਉਹ ਵਾਰ ਵਾਰ ਕਹਿ ਰਹੇ ਹਨ, ਤਾਂ ਔਰਤਾਂ ਦੀਆਂ ਜਥੇਬੰਦੀਆਂ ਵਾਂਗ ਹੀ ਇਹ ਉਨ੍ਹਾਂ ਦੀ ਆਪਣੀ ਵੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਲੋਕਾਂ ਨੂੰ ਵਿਦਿਤ ਕਰਨ ਵਿਚ ਆਪਣਾ ਹਿੱਸਾ ਪਾਉਣ।

ਸਾਡੇ ਖਿਆਲ ਵਿਚ ਔਰਤ ਜਥੇਬੰਦੀਆਂ ਵਲੋਂ ਇਸ ਮਸਲੇ ਦਾ ਉਠਾਇਆ ਜਾਣਾ ਹੀ ਉਹ ਪ੍ਰਕ੍ਰਿਆ ਹੈ ਜਿਸ ਰਾਹੀਂ ਲੋਕਾਂ ਨੂੰ ਇਸ ਮਸਲੇ ਸੰਬੰਧੀ ਜਾਣਕਾਰੀ ਦਿੱਤੀ ਜਾ ਸਕਦੀ ਹੈ ਤੇ ਵਿਦਿਤ ਕੀਤਾ ਜਾ ਸਕਦਾ ਹੈ। ਅਖਬਾਰਾਂ ਦੇ ਸੰਪਾਦਕਾਂ ਤੇ ਉਨ੍ਹਾਂ ਦੇ ਹਿਮਾਇਤੀ ਲੇਖਕਾਂ, ਪਾਠਕਾਂ ਨੂੰ ਚਾਹੀਦਾ ਹੈ ਕਿ ਔਰਤਾਂ ਦੀਆਂ ਜਥੇਬੰਦੀਆਂ ਨੂੰ ਇਸ ਗੱਲ ਦੀ ਮਾਨਤਾ ਦੇਣ ਕਿ ਉਹ ਇਸ ਮਸਲੇ ਨੂੰ ਜਦੋਂ ਪਬਲਿਕ ਦੇ ਸਾਹਮਣੇ ਉਠਾਉਂਦੀਆਂ ਹਨ ਤਾਂ ਉਹ ਲੋਕਾਂ ਨੂੰ ਇਸ ਬਾਰੇ ਵਿਦਿਤ ਹੀ ਤਾਂ ਕਰ ਰਹੀਆਂ ਹਨ। ਇਸ ਮਸਲੇ ਬਾਰੇ ਬਿਨਾਂ ਗੱਲਬਾਤ ਕੀਤਿਆਂ, ਬਿਨਾਂ ਇਸ ਰੁਝਾਨ ਦੀ ਹਮਾਇਤ ਕਰਨ ਵਾਲੇ ਅਨਸਰਾਂ ਵਿਰੁੱਧ ਆਵਾਜ਼ ਉਠਾਇਆਂ, ਕਿਸੇ ਨੂੰ ਕਿਸ ਤਰ੍ਹਾਂ ਵਿਦਿਤ ਕੀਤਾ ਜਾ ਸਕਦਾ ਹੈ? ਇਹ ਬਹੁਤੀ ਦੇਰ ਦੀ ਗੱਲ ਨਹੀ ਹੈ ਕਿ ਔਰਤਾਂ ਉਪਰ ਹੁੰਦੇ ਜਿਸਮਾਨੀ ਤਸ਼ੱਦਦ ਬਾਰੇ ਗੱਲਬਾਤ ਕਰਨ ਵਾਲੀਆਂ ਜਥੇਬੰਦੀਆਂ ਦਾ ਵਿਰੋਧ ਕਰਨ ਲਈ ਵੀ ਇਹੋ ਜਿਹੇ ਹੀ ਸੁਝਾਅ ਦਿੱਤੇ ਜਾਂਦੇ ਸਨ। ਹੁਣ ਜੇ ਕੁਝ ਲੋਕ ਉਸ ਮਸਲੇ ਬਾਰੇ ਵਿਦਿਤ ਹੋਣ ਲੱਗੇ ਹਨ ਤਾਂ ਉਹ ਔਰਤ ਜਥੇਬੰਦੀਆਂ ਵਲੋਂ ਕੀਤੇ ਕੰਮਾਂ ਕਰਕੇ ਵੀ ਹੋਏ ਹਨ। ਸੋ ਅਸਲ ਵਿਚ ਇਸ ਮਸਲੇ ਦਾ ਉਠਾਇਆ ਜਾਣਾ ਆਪਣੇ ਆਪ ਵਿਚ ਲੋਕਾਂ ਨੂੰ ਵਿਦਿਤ ਕਰਨ ਦਾ ਹੀ ਉਪਰਾਲਾ ਹੈ।

## ਇਸ ਮਸਲੇ ਨਾਲ ਗ੍ਰਾਂਟਾਂ ਦਾ ਮਸਲਾ ਜੋੜਨ ਦੀ ਅਜੀਬੋ-ਗ਼ਰੀਬ ਕੋਸ਼ਿਸ਼:

ਕੁੜੀਆਂ ਦੇ ਗਰਭਪਾਤ ਦੇ ਮਸਲੇ ਨਾਲ ਜੋੜ ਕੇ ਗ੍ਰਾਂਟਾਂ ਦੀ ਗੱਲ ਕਰਨ ਲੱਗਿਆਂ ਸੱਭ ਤੋਂ ਵੱਡੀ ਮੁਸ਼ਕਿਲ ਤਾਂ ਇਹ ਹੀ ਸਮਝਣ ਵਿਚ ਆ ਰਹੀ ਹੈ ਕਿ ਇਨ੍ਹਾਂ ਦੋਹਾਂ ਗੱਲਾਂ ਦਾ ਆਪਸ ਵਿਚ ਸੰਬੰਧ ਕਿਵੇਂ ਜੁੜਦਾ ਹੈ? ਵਿਰੋਧੀਆਂ ਵਲੋਂ ਇਹ ਕਹਿਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ: ਕਿਉਂਕਿ ਇਸ ਮਸਲੇ ਬਾਰੇ ਆਵਾਜ਼ ਉਠਾ ਰਹੀਆਂ ਕੁਝ ਜਥੇਬੰਦੀਆਂ ਗ੍ਰਾਂਟਾਂ ਲੈਂਦੀਆਂ ਹਨ (ਗ੍ਰਾਂਟਾਂ ਲੈਣ ਤੋਂ ਸਿੱਧਾ ਮਤਲਬ ਇਹ ਕੱਢਿਆ ਜਾਂਦਾ ਹੈ ਕਿ ਹੇਰਾ ਫੇਰੀ ਨਾਲ ਪੈਸਾ ਹੜੱਪਿਆ ਜਾਂਦਾ ਹੈ) ਇਸ ਕਰਕੇ ਇਨ੍ਹਾਂ ਨੂੰ ਇਹ ਆਵਾਜ਼ ਉਠਾਉਣ ਦਾ ਕੋਈ ਹੱਕ ਨਹੀ। ਇਹ ਅਜੀਬ ਕਿਸਮ ਦਾ ਤਰਕ ਹੈ ਤੇ ਸ਼ਾਇਦ ਕਨੇਡਾ ਦੇ ਸਿਰਫ ਪੰਜਾਬੀ ਭਾਈਚਾਰੇ ਦੇ ਹਿੱਸੇ ਹੀ ਆਇਆ ਹੈ।

***ਗ੍ਰਾਂਟਾਂ ਕੀ ਹੁੰਦੀਆਂ ਹਨ?*** ਕਨੇਡਾ ਦੇ ਆਰਥਿਕ ਢਾਂਚੇ ਵਿਚ ਹਰ ਪੱਧਰ ਦੀਆਂ ਸਰਕਾਰਾਂ ਵਲੋਂ ਅਤੇ ਪ੍ਰਾਈਵੇਟ ਅਦਾਰਿਆ ਵਲੋਂ ਸਥਾਪਤ ਏਜੰਸੀਆਂ ਕਮਿਊਨਿਟੀ ਵਿਚਲੀਆਂ ਜਥੇਬੰਦੀਆਂ ਤੇ ਵਿਅਕਤੀਆਂ ਨੂੰ ਮੰਗ ਕਰਨ ਤੇ ਪੈਸਾ ਦਿੰਦੀਆਂ ਹਨ ਤਾਂਕਿ ਕਮਿਊਨਿਟੀ ਦੇ ਉਹ ਕੰਮ ਜੋ ਸਰਕਾਰਾਂ ਨਹੀ ਕਰ ਸਕਦੀਆਂ ਜਾਂ ਕਰਦੀਆਂ, ਕਮਿਊਨਿਟੀ ਵਿਚ ਵਿਚਰਣ ਵਾਲੀਆਂ ਜਥੇਬੰਦੀਆਂ ਤੇ ਵਿਅਕਤੀ ਕਰ ਸਕਣ। ਇਹ ਗ੍ਰਾਂਟਾਂ ਸਮਾਜ ਕਲਿਆਣ, ਸੇਹਤ ਕਲਿਆਣ, ਵਿੱਦਿਆ, ਖੋਜ, ਸਾਹਿਤ, ਕਲਾ, ਖੇਡਾਂ ਵਰਗੇ ਅਨੇਕਾਂ ਕਾਰਜਾਂ ਲਈ ਸਰਕਾਰਾਂ ਵਲੋਂ ਦਿੱਤੀਆਂ ਜਾਂਦੀਆਂ ਹਨ ਅਤੇ ਲੋਕਾਂ ਵਲੋਂ ਲਈਆਂ ਜਾਂਦੀਆਂ ਹਨ। ਗ੍ਰਾਂਟਾਂ ਦੇਣੀਆਂ ਕਨੇਡਾ ਦੇ ਸਰਕਾਰੀ ਢਾਂਚੇ ਦੀ ਕਾਇਮ ਕੀਤੀ ਹੋਈ ਜ਼ਰੂਰਤ ਹੈ। ਕਿੰਨੀਆਂ ਹੀ ਏਹੋ ਜਿਹੀਆਂ ਸੇਵਾਵਾਂ ਹਨ ਜਿਹੜੀਆਂ ਸਰਕਾਰਾਂ ਆਪ ਪ੍ਰਦਾਨ ਨਹੀ ਕਰਦੀਆਂ ਸਗੋਂ ਕਮਿਊਨਿਟੀਆਂ ਵਿਚੋਂ ਜਥੇਬੰਦੀਆਂ ਨੂੰ ਉਹ ਸੇਵਾਵਾਂ ਪ੍ਰਦਾਨ ਕਰਨ ਲਈ ਉਤਸ਼ਾਹਿਤ ਕਰਦੀਆਂ ਹਨ। ਗ੍ਰਾਂਟਾਂ ਕਮਿਊਨਿਟੀਆਂ ਵਿਚ ਚੰਗੇ ਕੰਮਾਂ ਲਈ ਵੀ ਤੇ ਕਮਿਊਨਿਟੀ ਦੇ ਹਿਤਾਂ ਦੇ ਵਿਰੋਧ ਵਿਚ ਵੀ ਵਰਤੀਆਂ ਜਾ ਸਕਦੀਆਂ ਹਨ। ਗ੍ਰਾਂਟਾਂ ਲੈਣੀਆਂ ਚੰਗੀ ਗੱਲ ਹੈ ਜਾਂ ਮਾੜੀ, ਇਹ ਇਕ ਵੱਖਰਾ ਵਿਸ਼ਾ ਹੈ ਤੇ ਇਸ ਉੱਪਰ ਗੰਭੀਰ ਵਿਚਾਰ ਵਟਾਂਦਰਾ ਕੀਤਾ ਜਾਣਾ ਚਾਹੀਦਾ ਹੈ।

ਗ੍ਰਾਂਟਾਂ ਦੇਣ ਵਾਲੀਆਂ ਏਜੰਸੀਆਂ ਵਲੋਂ ਅਰਜ਼ੀ ਤੋਂ ਲੈ ਕੇ ਗ੍ਰਾਂਟ ਮਨਜ਼ੂਰ

ਕਰਨ ਤੱਕ ਦਾ ਕੰਮ ਇਕ ਲੰਬੀ ਕਾਰਵਾਈ ਅਨੁਸਾਰ ਹੁੰਦਾ ਹੈ। ਹਰ ਦਿੱਤੀ ਗ੍ਰਾਂਟ ਦਾ ਪੂਰਾ ਪੂਰਾ ਰੀਕਾਰਡ ਰੱਖਿਆ ਜਾਂਦਾ ਹੈ, ਜੋ ਪਬਲਿਕ ਦੇ ਘੋਖਣ ਵਾਸਤੇ ਹੁੰਦਾ ਹੈ। ਗ੍ਰਾਂਟਾਂ ਕਈ ਰੂਪਾਂ ਵਿਚ ਦਿੱਤੀਆਂ ਤੇ ਲਈਆਂ ਜਾਂਦੀਆਂ ਹਨ। ਕਈ ਵਾਰੀ ਇਹ ਸਿੱਧੇ ਪੈਸੇ ਹੁੰਦੇ ਹਨ ਤੇ ਕਈ ਵਾਰੀ ਇਸਦੇ ਹੋਰ ਰੂਪ ਵੀ ਹੁੰਦੇ ਹਨ, ਜਿਵੇਂ ਸਰਕਾਰੀ ਇਮਾਰਤਾਂ ਕਮਿਊਨਿਟੀ ਦੀਆਂ ਜਥੇਬੰਦੀਆਂ ਨੂੰ ਵਰਤੋਂ ਲਈ ਦੇਣੀਆਂ, ਜਾਂ ਧਾਰਮਿਕ ਤੇ ਗੈਰ-ਮੁਨਾਫਾ ਜਥੇਬੰਦੀਆਂ ਵਲੋਂ ਆਪਣੇ ਕੰਮਾਂ ਵਾਸਤੇ ਇਕੱਠੇ ਕੀਤੇ ਗਏ ਪੈਸੇ ਉੱਪਰ ਇਨਕਮ ਟੈਕਸ ਦੀ ਛੋਟ ਆਦਿ। ਇਸ ਇਨਕਮ ਟੈਕਸ ਦੀ ਛੋਟ ਦੇ ਸਿਰ 'ਤੇ ਹੀ ਹੋਰਨਾਂ ਧਾਰਮਿਕ ਅਦਾਰਿਆਂ ਵਾਂਗ ਸਿੱਖ ਧਰਮ ਦੇ ਗੁਰਦੁਆਰਿਆਂ ਨੂੰ ਆਪਣੇ ਫੰਡ ਦਾ ਇਕ ਵੱਡਾ ਹਿੱਸਾ ਇਕੱਠਾ ਕਰਨ ਵਿਚ ਮਦਦ ਮਿਲਦੀ ਹੈ। ਕਨੇਡਾ ਵਿਚ ਵਸਦੇ ਹਰ ਵਿਅਕਤੀ ਦਾ, ਹਰ ਜਥੇਬੰਦੀ ਦਾ, ਇਹਨਾਂ ਗ੍ਰਾਂਟਾਂ ਨੂੰ ਪ੍ਰਾਪਤ ਕਰਨ ਦਾ ਇਕੋ ਜਿਹਾ ਹੱਕ ਹੈ। ਕਨੇਡਾ ਦੀ ਹਰ ਕਮਿਊਨਿਟੀ ਦੇ ਲੋਕ ਕਿਸੇ ਨਾ ਕਿਸੇ ਰੂਪ ਵਿਚ ਸਰਕਾਰੀ ਗ੍ਰਾਂਟਾਂ ਹਾਸਿਲ ਕਰਦੇ ਹਨ, ਜਿਨ੍ਹਾਂ ਨਾਲ ਕਮਿਊਨਿਟੀਆਂ ਦੇ ਬਹੁਤ ਸਾਰੇ ਲੋੜੀਂਦੇ ਕੰਮ ਚਲਾਏ ਜਾਂਦੇ ਹਨ। ਬਹੁਤੀਆਂ ਕਮਿਊਨਿਟੀਆਂ ਵਿਚ ਯੋਗ ਕੰਮਾਂ ਲਈ ਗ੍ਰਾਂਟਾਂ ਲੈਣੀਆਂ ਆਪਣਾ ਹੱਕ ਤੇ ਮਾਣ ਦੀ ਗੱਲ ਸਮਝੀ ਜਾਂਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਹ ਮਨੁੱਖੀ ਵਿਵਹਾਰ ਤੇ ਪੈਸੇ ਦਾ ਮਾਮਲਾ ਹੈ ਤੇ ਇਹਦੇ ਵਿਚ ਹੇਰਾ ਫੇਰੀਆਂ ਤੇ ਘਪਲਿਆਂ ਦਾ ਹਮੇਸ਼ਾਂ ਖਤਰਾ ਹੁੰਦਾ ਹੈ। ਕਈ ਵਾਰੀ ਕਈ ਜਥੇਬੰਦੀਆਂ ਤੇ ਵਿਅਕਤੀ ਗ੍ਰਾਂਟ ਲੈਣ ਵੇਲੇ ਕੀਤੇ ਵਾਇਦੇ ਅਨੁਸਾਰ ਕੰਮ ਨਹੀਂ ਕਰਦੇ ਤੇ ਏਸ ਤਰ੍ਹਾਂ ਲੋਕਾਂ ਦੇ ਪੈਸੇ ਦੀ ਗਲਤ ਵਰਤੋਂ ਹੋ ਜਾਂਦੀ ਹੈ। ਜਦੋਂ ਵੀ ਕਿਤੇ ਅਜਿਹਾ ਹੁੰਦਾ ਹੈ ਤਾਂ ਜ਼ਿੰਮੇਵਾਰ ਅਖਬਾਰਾਂ ਇਸ ਕਿਸਮ ਦੇ ਹੋਏ ਘਪਲੇ ਦੀ ਪੂਰੀ ਛਾਣ ਬੀਣ ਕਰਕੇ ਕਸੂਰਵਾਰ ਜਥੇਬੰਦੀਆਂ ਨੂੰ ਤੇ ਵਿਅਕਤੀਆਂ ਨੂੰ ਲੋਕਾਂ ਦੇ ਸਾਹਮਣੇ ਪੇਸ਼ ਕਰਦੀਆਂ ਹਨ। ਪਰ ਇਹ ਅਜੀਬ ਇਤਫਾਕ ਹੈ ਕਿ ਅੱਜ ਤੱਕ ਪੰਜਾਬੀ ਤੇ ਭਾਰਤੀ ਮੂਲ ਦੀ ਕਿਸੇ ਵੀ ਅਖਬਾਰ ਨੇ ਕਿਸੇ ਅਜਿਹੇ ਘਪਲੇ ਬਾਰੇ ਪੂਰੀ ਪੂਰੀ ਜਾਣਕਾਰੀ ਪ੍ਰਾਪਤ ਕਰਕੇ ਕਿਸੇ ਜਥੇਬੰਦੀ ਜਾਂ ਵਿਅਕਤੀ ਨੂੰ ਲੋਕਾਂ ਸਾਹਮਣੇ ਪੇਸ਼ ਨਹੀਂ ਕੀਤਾ। ਇਸ ਦਾ ਮਤਲਬ ਇਹ ਨਹੀਂ ਹੈ ਕਿ ਇਸ ਕਮਿਊਨਿਟੀ ਵਿਚ ਕੋਈ ਘਪਲੇ ਨਹੀਂ ਹੁੰਦੇ। ਅਸੀਂ ਅੰਗ੍ਰੇਜ਼ੀ ਮੀਡੀਏ ਵਿਚ ਕਈ ਵਾਰੀ ਭਾਰਤੀ ਮੂਲ ਦੀਆਂ ਜਥੇਬੰਦੀਆਂ ਵਲੋਂ ਕੀਤੇ ਘਪਲਿਆਂ ਬਾਰੇ ਵੀ ਪੜ੍ਹਦੇ ਹਾਂ, ਪਰ ਭਾਰਤੀ ਮੂਲ ਦੀਆਂ ਅਖਬਾਰਾਂ ਵਿਚ ਕਦੀ ਵੀ ਆਪ ਹਿੰਮਤ ਕਰ ਕੇ ਕਿਸੇ ਘਪਲੇ ਬਾਰੇ ਪ੍ਰਾਪਤ ਕੀਤੀ ਭਰੋਸੇ ਯੋਗ ਜਾਣਕਾਰੀ ਅੱਜ ਤੱਕ ਛਾਪੀ ਨਹੀਂ ਗਈ।

ਸਗੋਂ ਇਸ ਤੋਂ ਉਲਟ ਇਹ ਅਖਬਾਰਾਂ ਦੀ ਤੇ ਉਨ੍ਹਾਂ ਦੇ ਹਮਾਇਤੀਆਂ ਦੀ ਹੀ ਦੇਣ ਹੈ ਕਿ ਕਿਸੇ ਨੂੰ ਗ੍ਰਾਂਟ ਲੈਣ ਵਾਲਾ ਕਹਿ ਦੇਣਾ ਇਕ ਬਹੁਤ ਵੱਡੀ ਗਾਲ ਦੇ ਬਰਾਬਰ ਬਣ ਗਿਆ ਹੈ। ਇਹ ਉਸੇ ਕਿਸਮ ਦੀ ਗਾਲ ਹੈ ਜਿਹੜੀ ਬਿਨਾਂ ਕਿਸੇ ਠੋਸ ਆਧਾਰ ਦੇ ਕਦੀ ਕਿਸੇ ਸਮਾਜ ਵਿਚ ਕਿਸੇ ਨੂੰ ਕਮਿਊਨਿਸਟ, ਕਿਸੇ ਨੂੰ ਅੱਤਵਾਦੀ, ਕਿਸੇ ਨੂੰ ਸਰਕਾਰੀ ਏਜੰਟ, ਕਿਸੇ ਨੂੰ ਸੀ ਆਈ ਏ ਦਾ ਤੇ ਕਦੀ ਕੇ ਜੀ ਬੀ ਦਾ ਏਜੰਟ ਕਹਿ ਕੇ ਕੱਢੀ ਜਾਂਦੀ ਹੈ।

ਇਹੋ ਜਿਹੀ ਹਾਲਤ ਕਿਸ ਤਰ੍ਹਾਂ ਪੈਦਾ ਕੀਤੀ ਜਾਂਦੀ ਹੈ? ਆਓ ਸਥਾਨਕ ਅਖਬਾਰ ਵਿਚੋਂ ਇਕ ਉਦਾਹਰਣ ਦੇਖੀਏ:

> "... ਡਾ. ਸਟੀਫਨ ਵਿਰੁੱਧ ਕੁਝ ਔਰਤਾਂ ਦੀ ਤੇਤੀ ਵਿਚ ਉਠਿਆ ਭਿਅੰਕਰ ਤੂਫਾਨ ਕਲਾਜ਼ਟਾਂ ਤੋਂ ਨਿਕਲ ਕੇ ਅਖਬਾਰਾਂ ਦੀਆਂ ਸੁਰਖੀਆਂ ਬਣਦਾ ਹੋਇਆ ਪੰਜਾਬੀ ਮਾਰਕਿਟ ਵਿਚ ਜਾ ਪ੍ਰਗਟ ਹੋਇਆ। ... ਕੋਲ ਖੜ੍ਹੇ ਇਕ ਬਜ਼ੁਰਗ ਨੇ ਮੋਟੀ ਜਿਹੀ ਗਾਲ ਕੱਢ ਕੇ ਕਿਹਾ, 'ਸਰਕਾਰ ਤੋਂ ਗਰਾਂਟਾਂ ਛਕਣ ਦੇ ਸਾਰੇ ਚੱਕਰ ਜਾਪਦੇ ਹਨ, ਕਿਉਂਕਿ ਕੰਮ ਕਰਨ ਲਈ ਸਖਤ ਮਿਹਨਤ ਕਰਨੀ ਪੈਂਦੀ ਹੈ ਤੇ ਗਰਾਂਟਾਂ ਲੈ ਕੇ ਫਿਰ-ਤੁਰ ਕੇ ਮੋਟੀ ਰਕਮ ਮਾਂਜੀ ਜਾ ਸਕਦੀ ਹੈ। ਇਨ੍ਹਾਂ ਵਿਚੋਂ ਕਿੰਨੇ ਕੁ ਹਨ ਜਿਨ੍ਹਾਂ ਗਰਾਂਟਾਂ ਨਹੀਂ ਛਕੀਆਂ ਹੋਈਆਂ।' ਉੱਚੀ ਉੱਚੀ ਹਸਦੇ ਤੇ ਤਾੜੀਆਂ ਮਾਰਦੇ ਹੋਏ ਬਜ਼ੁਰਗ ਆਪਣੇ ਰਾਹ ਤੁਰ ਗਏ।" (ਇੰਡੋ-ਕਨੇਡੀਅਨ ਟਾਇਮਜ਼, ਅਕਤੂਬਰ 7-13, 1993, ਸਫਾ 23)

ਹੁਣ ਜੇ ਕੋਈ ਅਖਬਾਰ ਨੂੰ ਪੁੱਛੇ ਕਿ ਇਹ ਬਜ਼ੁਰਗ ਕੌਣ ਸਨ? ਉਹਨਾਂ ਕੋਲ ਮੁਜ਼ਾਹਰੇ ਵਿਚ ਸ਼ਾਮਿਲ ਵਿਅਕਤੀਆਂ ਦੇ ਗ੍ਰਾਂਟਾਂ ਖਾਣ ਦੇ ਕੀ ਸਬੂਤ ਹਨ? ਕੀ ਉਸ ਬਜ਼ੁਰਗ ਨੇ, ਜਾਂ ਉਸ ਬਜ਼ੁਰਗ ਨਾਲ ਗੱਲਬਾਤ ਕਰਨ ਵਾਲੇ ਇਸ ਅਖਬਾਰ ਦੇ ਨੁਮਾਇੰਦੇ ਨੇ, ਗ੍ਰਾਂਟਾਂ 'ਛਕਣ' ਵਾਲੇ ਵਿਅਕਤੀਆਂ ਜਾਂ ਜਥੇਬੰਦੀਆਂ ਵਿਰੁੱਧ ਕੋਈ ਛਾਣ ਬੀਣ ਕੀਤੀ ਹੈ? ਉਹਨਾਂ ਦੀ ਕਿਸੇ ਸਰਕਾਰੀ ਏਜੰਸੀ ਕੋਲ ਸ਼ਿਕਾਇਤ ਕੀਤੀ ਹੈ ਜਾਂ ਆਉਣ ਵਾਲੇ ਸਮੇਂ ਵਿਚ ਕਰ ਰਹੇ ਹਨ? ਕੀ ਉਹ ਇਹ ਛਾਣ ਬੀਣ ਕਰਕੇ ਲੋਕਾਂ ਦੀ ਜਾਣਕਾਰੀ ਲਈ ਛਾਪਣਗੇ, ਤਾਂਕਿ ਅਜਿਹੇ ਕੰਮਾਂ ਨੂੰ ਰੋਕਿਆ ਜਾ ਸਕੇ? ਜੇ ਤੁਸੀਂ ਇਹੋ ਜਿਹੇ ਸਵਾਲ ਅਖਬਾਰ ਨੂੰ ਕਰੋਗੇ ਤਾਂ ਤੁਹਾਨੂੰ ਕਿਸੇ ਸਿੱਧੇ ਸਭਿਅਕ ਜਵਾਬ ਦੀ ਥਾਂ ਸਿੱਧੀਆਂ ਗਾਲਾਂ ਖਾਣੀਆਂ ਪੈਣਗੀਆਂ, ਜਿਵੇਂ ਕਿ ਹੁਣ ਸਾਨੂੰ ਖਾਣੀਆਂ ਪੈਣੀਆਂ ਹਨ।

ਸਾਫ ਜ਼ਾਹਿਰ ਹੈ 'ਉੱਚੀ ਉੱਚੀ ਹੱਸਣ ਵਾਲਾ ਤੇ ਤਾੜੀਆਂ ਮਾਰਨ ਵਾਲਾ ਬਜ਼ੁਰਗ' ਕੋਈ ਅਸਲੀ ਇਨਸਾਨ ਨਹੀਂ ਹੋ ਸਕਦਾ, ਸਗੋਂ ਆਪਣੀ ਮਨ ਮਰਜ਼ੀ ਦੀ ਗੱਲ ਕਹਿਣ ਲਈ ਪੈਦਾ ਕੀਤਾ ਗਿਆ ਫਰਜ਼ੀ ਪਾਤਰ ਹੈ। ਇਸ ਕਰਕੇ ਤੁਹਾਡੇ ਵਲੋਂ ਕੀਤੇ ਸਵਾਲਾਂ ਦਾ ਗਾਲਾਂ ਤੋਂ ਸਿਵਾਏ ਹੋਰ ਕੋਈ ਜਵਾਬ ਉਹ ਦੇ ਨਹੀਂ ਸਕਣਗੇ। ਪਰ ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਦੇ ਅਜਿਹੇ ਵਿਵਹਾਰ ਤੋਂ ਸਾਡੇ ਭਾਈਚਾਰੇ ਵਿਚ ਬਹੁਤ ਥੋੜ੍ਹੇ ਲੋਕਾਂ ਨੂੰ ਹੀ ਗੁੱਸਾ ਆਉਂਦਾ ਹੈ। ਹੁਣ ਫਰਜ਼ ਕਰੋ ਅਗਲੀ ਵਸਾਖੀ ਨੂੰ ਮੇਨ ਤੋਂ ਲੰਘ ਰਹੇ ਸਿੱਖ ਭਾਈਚਾਰੇ ਦੇ ਜਲੂਸ ਬਾਰੇ ਕੋਈ ਹੋਰ ਅਖਬਾਰ, ਜਿਹੜੀ ਸਿੱਖਾਂ ਨਾਲ ਖਾਰ ਖਾਂਦੀ ਹੋਵੇ, ਇਸ ਬਜ਼ੁਰਗ ਵਰਗਾ ਪਾਤਰ ਘੜ ਲਵੇ ਤੇ ਉਸਦੇ ਮੂੰਹੋਂ ਸਿੱਖਾਂ ਵਿਰੁੱਧ ਆਪਣੀ ਮਨ ਮਰਜ਼ੀ ਦੀ ਗੱਲ ਕਹਾ ਲਵੇ ਤੇ ਫੇਰ ਉਹ ਉਸ ਆਧਾਰ 'ਤੇ ਰੀਪੋਰਟ ਲਿਖ ਦੇਵੇ। ਸਿੱਖ ਭਾਈਚਾਰੇ ਦਾ ਕੀ ਪ੍ਰਤੀਕਰਮ ਹੋਵੇਗਾ, ਆਪਾਂ ਭਲੀਭਾਂਤ ਅੰਦਾਜ਼ਾ ਲਾ ਸਕਦੇ ਹਾਂ। ਕੀ ਕੋਈ ਅਖਬਾਰ ਸਿੱਖਾਂ ਵਿਰੁੱਧ ਕੀਤੀ ਗਈ ਇਹੋ ਜਿਹੀ ਗੱਲ ਛਾਪੇਗਾ? ਜੇ ਛਾਪੇਗਾ ਤਾਂ ਕੀ ਇਹ ਗੱਲ ਜ਼ਿੰਮੇਵਾਰੀ ਵਾਲੀ ਹੋਵੇਗੀ? ਕੀ ਇਸ ਵਿਰੁੱਧ ਸਿੱਖ ਭਾਈਚਾਰੇ ਵਿਚ ਬੇਤਹਾਸ਼ਾ ਗੁੱਸਾ ਨਹੀਂ ਉਤਪਨ ਹੋਵੇਗਾ? ਪਰ ਔਰਤਾਂ ਵਿਰੁੱਧ ਛਪੀ ਇਸ ਖਬਰ ਨੇ ਸ਼ਾਇਦ ਹੀ ਬਹੁਤੇ ਲੋਕਾਂ ਨੂੰ ਬੇਚੈਨ ਕੀਤਾ ਹੋਵੇ। ਕਿਉਂ? ਸਾਡੇ ਲਈ ਸੋਚਣਾ ਬਣਦਾ ਹੈ। ਹੋ ਸਕਦਾ ਹੈ ਸਾਰੇ ਮਸਲੇ ਦੀ ਜੜ੍ਹ ਇਸ ਨਿੱਕੇ ਜਿਹੇ ਸਵਾਲ ਦੇ ਜਵਾਬ ਵਿਚ ਹੀ ਲੁਕੀ ਹੋਵੇ।

ਮੀਡੀਏ ਕੋਲ ਬਹੁਤ ਤਾਕਤ ਹੁੰਦੀ ਹੈ, ਅੱਜ ਦੇ ਜ਼ਮਾਨੇ ਵਿਚ ਤਾਂ ਇਹ ਤਾਕਤ ਬਹੁਤ ਹੀ ਜ਼ਿਆਦਾ ਹੈ। ਇਕ ਕਮਿਊਨਿਟੀ ਦੇ ਤੌਰ ਤੇ ਸਾਡੀ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਸਾਡੀਆਂ ਅਖਬਾਰਾਂ ਕਮਿਊਨਿਟੀ ਨੂੰ ਇਕ ਸਿਹਤਮੰਦ ਸੇਧ ਦੇਣ ਦੀ ਥਾਂ ਲੋਕਾਂ ਨੂੰ ਭੰਵਲਭੂਸਿਆਂ ਵਿਚ ਪਾਈ ਰੱਖਦੀਆਂ ਹਨ। ਕੁੜੀਆਂ ਦੇ ਗਰਭਪਾਤ ਦੇ ਮਸਲੇ ਦੀ ਗੱਲਬਾਤ ਵਿਚ ਗ੍ਰਾਂਟਾਂ ਵਰਗੇ ਅਸਲੋਂ ਹੀ ਵੱਖਰੇ ਮਸਲੇ ਅੜਾ ਕੇ ਇਹ ਕੀ ਹਾਸਿਲ ਕਰਨਾ ਚਾਹੁੰਦੀਆਂ ਹਨ? ਇਹ ਅਜਿਹੀ ਕਮਿਊਨਿਟੀ ਵਿਰੋਧੀ ਨੀਤੀ ਕਿਉਂ ਅਪਣਾਈ ਰੱਖਦੀਆਂ ਹਨ? ਇਸਦਾ ਸਹੀ ਜਵਾਬ ਤਾਂ ਉਹ ਖੁਦ ਹੀ ਦੇ ਸਕਦੀਆਂ ਹਨ। ਪਰ ਉਨ੍ਹਾਂ ਵਲੋਂ ਹੁਣ ਤੱਕ ਕੀਤੀ ਕਾਰਗੁਜ਼ਾਰੀ ਵਲ ਦੇਖਦਿਆਂ ਕਿਸੇ ਸਭਿਅਕ ਜਵਾਬ ਦੀ ਆਸ ਰੱਖਣੀ ਮੁਸ਼ਕਿਲ ਲੱਗਦੀ ਹੈ। ਹਾਂ ਉਹ ਸਵਾਲ ਕਰਨ ਵਾਲਿਆਂ ਨੂੰ ਗਾਲਾਂ ਕੱਢ ਕੇ ਕੁਝ ਬਿਮਾਰ ਜ਼ਹਿਨੀਅਤ ਦੇ ਲੋਕਾਂ ਦੀ ਇਹੋ ਜਿਹੀਆਂ 'ਮਸਾਲੇ ਵਾਲੀਆਂ ਖਬਰਾਂ' ਪੜ੍ਹ ਕੇ ਅਨੰਦ ਲੈਣ ਦੀ ਬਿਮਾਰ ਬਿਰਤੀ ਨੂੰ ਵਧਾਉਣ ਵਿਚ ਸਦਾ ਵਾਂਗ ਆਪਣਾ ਯੋਗਦਾਨ ਜ਼ਰੂਰ ਪਾਉਣਗੇ।

●○●○●○

# ਪੰਜਾਬ, ਪੰਜਾਬੀ ਤੇ ਪੰਜਾਬੀਅਤ

## ਪ੍ਰੋ: ਪ੍ਰੀਤਮ ਸਿੰਘ

(ਕੁਝ ਦੇਰ ਪਹਿਲਾਂ ਦਿੱਲੀ ਵਿਚ ਹੋਈ ਚੌਥੀ ਪੰਜਾਬੀ ਕਾਨਫਰੰਸ ਸਮੇਂ ਆਪਣੇ ਸੂਤਰੀ ਭਾਸ਼ਨ (ਕੀ ਨੋਟ ਐਡਰਸ) ਵਿਚ ਪ੍ਰੋ: ਪ੍ਰੀਤਮ ਸਿੰਘ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸੰਕਲਪਾਂ ਬਾਰੇ ਬੜੇ ਮਹੱਤਵਪੂਰਨ ਨੁਕਤੇ ਉਠਾਏ ਸਨ। ਉਹਨਾਂ ਦਾ ਇਹ ਭਾਸ਼ਨ ਸਿਰਨਾਵਾਂ ਜੂਨ 93 ਦੇ ਅੰਕ ਵਿਚ ਛਪਿਆ ਸੀ। ਸਿਰਨਾਵੇਂ ਦੇ ਧੰਨਵਾਦ ਸਹਿਤ ਵਤਨ ਦੇ ਪਾਠਕਾਂ ਲਈ ਅਸੀਂ ਉਸ ਵਿਚੋਂ ਕੁੱਝ ਹਿੱਸੇ ਪੇਸ਼ ਕਰ ਰਹੇ ਹਾਂ।–ਸੰਪਾਦਕ)

... ਇਕ ਬੜਾ ਜ਼ਰੂਰੀ ਕੰਮ, ਜਿਹੜਾ ਮੈਂ ਇਸ ਕਾਨਫਰੰਸ ਦੇ ਜ਼ਿੰਮੇ ਲਾਉਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਕੁਝ ਸ਼ਬਦ ਜੋ ਇਸ ਦੇ ਆਪਣੇ ਮੰਚ ਤੋਂ ਕਾਫ਼ੀ ਵਰਤੇ ਜਾਣਗੇ ਤੇ ਜਿਨ੍ਹਾਂ ਦੀ ਵਰਤੋਂ ਪੰਜਾਬੀ ਜਗਤ ਵਿਚ ਬਹੁਤ ਆਮ ਹੋਣ ਲਗ ਪਈ ਹੈ, ਅਜੇ ਤਕ, ਆਪਣੇ ਅਰਥਾਂ ਦੇ ਮਾਮਲੇ ਵਿਚ, ਅਨਿਸਚਿਤ ਫਿਰ ਰਹੇ ਹਨ। ਲੋੜ ਹੈ ਕਿ ਇਨ੍ਹਾਂ ਸ਼ਬਦਾਂ ਦੀ ਆਵਾਰਗੀ ਖ਼ਤਮ ਕੀਤੀ ਜਾਵੇ ਤੇ ਇਨ੍ਹਾਂ ਦੇ ਅਰਥ–ਘੇਰਿਆਂ ਬਾਰੇ ਪੂਰੀ ਤਰ੍ਹਾਂ ਨਿਸਚਿਤ ਹੋਇਆ ਜਾਵੇ ਤਾਂ ਜੋ ਹਰ ਕਿਸੇ ਨੂੰ ਪਤਾ ਹੋਵੇ ਕਿ ਇਹ ਕਾਨਫਰੰਸ ਆਪਣੇ ਕੁਝ ਬੁਨਿਆਦੀ ਸੰਕਲਪਾਂ ਦੇ ਪ੍ਰਬੰਧ ਵਿਚ ਕਿੱਥੇ ਖੜ੍ਹੀ ਹੈ? ਅਰਥ–ਘੇਰਿਆਂ ਦੀ ਨਿਸ਼ਚਿਤਤਾ ਦੇ ਲੋੜਵੰਦ ਸ਼ਬਦ ਤਾਂ ਹੋਰ ਵੀ ਬਹੁਤ ਹਨ ਪਰ ਅੱਜ ਮੈਂ ਕੇਵਲ ਤਿੰਨ ਸ਼ਬਦ ਹੀ ਲੈਣਾ ਚਾਹੁੰਦਾ ਹਾਂ। ਇਹ ਹਨ, ਪੰਜਾਬ, ਪੰਜਾਬੀ ਤੇ ਪੰਜਾਬੀਅਤ। ਮੇਰਾ ਸੁਝਾਅ ਹੈ ਕਿ ਇਨ੍ਹਾਂ ਸ਼ਬਦਾਂ ਦੇ ਅਰਥ–ਘੇਰੇ ਨਿਸ਼ਚਿਤ ਕਰਨ ਲਈ ਚੋਟੀ ਦੇ ਵਿਦਵਾਨਾਂ ਦੀ ਸਹਾਇਤਾ ਲਈ ਜਾਵੇ।...

ਮੈਂ ਇਸ ਕੰਮ ਨੂੰ ਇਸ ਲਈ ਪਹਿਲ ਦੇ ਰਿਹਾ ਹਾਂ ਕਿ ਅੱਗੇ ਚੱਲ ਕੇ, ਇਨ੍ਹਾਂ ਸ਼ਬਦਾਂ ਦੇ ਅਰਥ–ਘੇਰਿਆਂ ਨੇ ਕਾਨਫਰੰਸ ਦੇ ਕਾਰਜ–ਘੇਰਿਆਂ ਨੂੰ ਨਿਸ਼ਚਿਤ ਕਰਨਾ ਹੈ।

ਮਸਲਨ, ਆਓ, ਪਹਿਲਾਂ 'ਪੰਜਾਬ' ਸ਼ਬਦ ਹੀ ਲੈ ਲਈਏ। ਮੈਨੂੰ 1989 ਵਿਚ ਦਸ–ਯਾਰਾਂ ਦਿਨ ਪਾਕਿਸਤਾਨ ਵਿਚ ਬਿਤਾਉਣ ਦਾ ਮੌਕਾ ਮਿਲਿਆ ਸੀ। ਇਕ ਦਿਨ ਮੈਂ ਲਾਹੌਰ ਦੇ ਇਕ ਮਿੱਤਰ ਦੇ ਘਰ ਚਾਹ–ਪਾਣੀ ਪੀਂਦਿਆਂ ਉਸ ਦੀ ਬੇਟੀ ਨੂੰ, ਜੋ ਛੇਵੀਂ ਜਮਾਤ ਵਿਚ ਪੜ੍ਹਦੀ ਸੀ, ਪੁੱਛਿਆ, 'ਬੇਟੀ, ਤੁਸੀਂ ਸਿੰਧੀ ਜੇ ਕਿ ਬਲੋਚੀ?'

ਉਹ ਹੱਸ ਕੇ ਬੋਲੀ, 'ਨਹੀਂ ਅੰਕਲ, ਅਸੀਂ ਤਾਂ ਪੰਜਾਬੀ ਆਂ।'

ਮੈਂ ਫੇਰ ਪੁੱਛਿਆ, 'ਤੁਸੀਂ ਪੰਜਾਬ ਦਾ ਜੁਗਰਾਫ਼ੀਆ (ਭੂਗੋਲ) ਪੜ੍ਹਿਆ ਹੋਇਐ?'

ਕਹਿਣ ਲੱਗੀ, 'ਹਾਂ ਜੀ, ਪੜ੍ਹਿਆ ਹੋਇਐ।'

ਮੈਂ ਕਿਹਾ, 'ਬੇਟੀ, ਕੀ ਮੈਨੂੰ ਦੱਸ ਸਕੇਂਗੀ ਕਿ ਪੰਜਾਬ ਕਿੱਥੋਂ ਤੋਂ ਲੈ ਕੇ ਕਿੱਥੇ ਤਕ ਫੈਲਿਆ ਹੋਇਐ?'

ਕੁੜੀ ਨੇ ਬੜੀ ਖ਼ੁਸ਼ੀ ਨਾਲ ਦੱਸਿਆ, 'ਜੀ, ਪੰਜਾਬ ਤਾਂ ਸੂਬਾ ਸਿੰਧ ਤੇ ਸੂਬਾ ਸਰਹੱਦ ਤੋਂ ਲੈ ਕੇ ਲਾਹੌਰ ਵਾਲੇ ਬਾਡਰ ਤਕ ਫੈਲਿਆ ਹੋਇਐ। ਮੈਂ ਇਹ ਬਾਡਰ ਵੇਖਿਆ ਵੀ ਹੋਇਐ।'

ਵਾਪਸੀ ਉੱਤੇ ਇਹੀ ਸਵਾਲ ਮੈਂ ਆਪਣੇ ਛੋਟੇ ਪੋਤਰੇ ਨੂੰ ਕੀਤਾ, ਜੋ ਅੰਮ੍ਰਿਤਸਰ ਵਿਚ ਪੜ੍ਹਦਾ ਸੀ ਤੇ ਸਬੱਬ ਨਾਲ ਹੈ ਵੀ ਛੇਵੀਂ ਦਾ ਵਿਦਿਆਰਥੀ ਸੀ। ਉਸ ਦਾ ਜਵਾਬ ਸੀ 'ਵਾਘੇ ਬੈਰੀਅਰ ਤੋਂ ਸ਼ੰਭੂ ਬੈਰੀਅਰ ਤਕ ਪੰਜਾਬ ਹੀ ਪੰਜਾਬ ਹੈ।' ਜਿਵੇਂ ਕਿ ਆਪ ਨੂੰ ਪਤਾ ਹੀ ਹੈ, ਰਾਜਪੁਰੇ, ਵਲੋਂ ਹਰਿਆਣੇ ਵਿਚ ਦਾਖ਼ਲ ਹੋਣ ਤੋਂ ਪਹਿਲਾਂ 'ਸ਼ੰਭੂ' ਪੰਜਾਬ ਦਾ ਆਖ਼ਰੀ ਸਰਹੱਦੀ ਪਿੰਡ ਹੈ।

ਬੱਚਿਆਂ ਦੇ ਉੱਤਰ ਸਪਸ਼ਟ ਕਰਦੇ ਹਨ ਕਿ ਲਾਹੌਰ ਤੇ ਅੰਮ੍ਰਿਤਸਰ ਦੇ ਬੱਚਿਆਂ ਦੀਆਂ ਅੱਖਾਂ ਦੇ ਸਾਹਮਣੇ, 'ਪੰਜਾਬ' ਦਾ ਜ਼ਿਕਰ ਛਿੜਦਿਆਂ ਹੀ, ਦੋ ਅਸਲੋਂ ਵੱਖਰੇ ਵੱਖਰੇ ਨਕਸ਼ੇ ਉੱਭਰ ਖਲੋਂਦੇ ਹਨ। ਆਪਾਂ ਸਾਰੇ ਜਾਣਦੇ ਹਾਂ ਕਿ ਇਹ ਨਿਰੇ ਲਾਹੌਰ ਦੇ ਜਾਂ ਨਿਰੇ ਅੰਮ੍ਰਿਤਸਰ ਦੇ ਬੱਚਿਆਂ ਦੀ ਗੱਲ ਨਹੀਂ, ਪਾਕਿਸਤਾਨ ਦੇ ਕਰੋੜਾਂ ਲੋਕਾਂ ਲਈ 'ਪੰਜਾਬ' ਦੇ ਉਹੀ ਅਰਥ ਹਨ, ਜੋ ਲਾਹੌਰੀ ਬੱਚੀ ਨੂੰ ਆਉਂਦੇ ਸਨ ਤੇ ਭਾਰਤ ਦੇ ਕਰੋੜਾਂ ਲੋਕਾਂ ਲਈ 'ਪੰਜਾਬ' ਦੇ ਬਿਲਕੁਲ ਉਹੀ ਅਰਥ ਹਨ ਜੋ ਅੰਮ੍ਰਿਤਸਰ ਦੇ ਬੱਚੇ ਨੇ ਦੱਸੇ ਸਨ।

26 ਤੋਂ 29 ਦਸੰਬਰ, 1992 ਨੂੰ ਦੂਜੀ 'ਆਲਮੀ ਪੰਜਾਬੀ ਕਾਨਫਰੰਸ' ਲਾਹੌਰ ਵਿਚ ਹੋਈ ਸੀ। 'ਆਲਮੀ' ਦਾ ਮਤਲਬ ਹੈ 'ਵਿਸ਼ਵ ਦੀ'। ਸਵਾਲ ਪੈਦਾ ਹੁੰਦਾ ਹੈ ਕਿ ਪਾਕਿਸਤਾਨ ਦੀ ਇਹ ਆਲਮੀ ਕਾਨਫਰੰਸ, 'ਪੰਜਾਬ' ਦੇ ਨਕਸ਼ੇ ਲਈ ਪਾਕਿਸਤਾਨੀ ਸਰਕਾਰ ਵਲੋਂ ਛਾਪੇ ਹੋਏ ਨਕਸ਼ੇ ਨੂੰ ਜਿਉਂ ਦਾ ਤਿਉਂ, ਅਪਣਾ ਲਵੇ ਕਿ ਨਾ? ਤੇ ਸਾਡੀ 'ਵਿਸ਼ਵ ਪੰਜਾਬੀ ਕਾਨਫਰੰਸ' ਭਾਰਤ ਸਰਕਾਰ ਵਲੋਂ ਛਾਪਿਆ ਗਿਆ 'ਪੰਜਾਬ' ਦਾ ਨਕਸ਼ਾ, ਬਿਨਾਂ ਕਿਸੇ ਹੀਲ–ਹੁੱਜਤ ਦੇ, ਜਿਉਂ ਦਾ ਤਿਉਂ, ਅਪਣਾ ਲਵੇ ਜਾਂ ਨਾ?

ਇਸ ਸਵਾਲ ਦਾ ਜੋ ਜਵਾਬ ਇਹ ਜਾਂ ਉਹ ਕਾਨਫਰੰਸ ਦੇਵੇਗੀ, ਉਸੇ ਤੋਂ ਨਿਸਚਿਤ ਹੋਵੇਗਾ ਕਿ ਕਿਸ ਕਾਨਫਰੰਸ ਨੇ ਕਿਸ ਲਈ, ਕਿੰਨਾਂ ਤੇ ਕਿਹੋ ਜਿਹਾ ਕੰਮ ਕਰਨਾ ਹੈ।

ਪਰ ਇਹ ਗੱਲ ਇਨ੍ਹਾਂ ਦੋ ਨਕਸ਼ਿਆਂ ਨੇ ਹੀ ਨਹੀਂ ਨਬੇੜਨੀ, ਕਿਉਂਕਿ ਜਦੋਂ ਵੀ ਵਿਸ਼ਵ ਕਾਨਫਰੰਸ ਦੇ ਵਿਦਵਾਨ, ਅਰਥ–ਘੇਰੇ ਨਿਸਚਿਤ ਕਰਨ ਬੈਠੇ, ਜਿਵੇਂ ਕਿ ਮੈਂ ਸਿਫਾਰਸ਼ ਕੀਤੀ ਹੈ, ਤਾਂ ਉਨ੍ਹਾਂ ਦਾ ਵਾਹ ਹੋਰ ਵੀ ਕਈ ਨਕਸ਼ਿਆਂ ਨਾਲ ਪਵੇਗਾ। ਆਪ ਜਾਣਦੇ ਹੀ ਹੋ ਕਿ ਪੰਜਾਬ ਦੀਆਂ ਸਿਆਸੀ ਜਾਂ ਇੰਤਜ਼ਾਮੀ ਸਰਹੱਦਾਂ ਵਿਚ, ਸਮੇਂ ਸਮੇਂ, ਕਾਫ਼ੀ ਫੇਰ–ਬਦਲ ਹੁੰਦਾ ਰਿਹਾ ਹੈ। ਆਪਾਂ ਪੰਜਾਬ ਦੇ ਪੱਛਮੋਤਰੀ ਭਾਗ ਉੱਤੇ ਪੁਰਾਣੇ ਈਰਾਨੀ ਜਾਂ ਯੂਨਾਨੀ ਕਬਜ਼ੇ ਦੀ ਗੱਲ ਨਾ ਵੀ ਕਰੀਏ ਤੇ, ਇਸੇ ਤਰ੍ਹਾਂ, ਮਹਿਮੂਦ ਗਜ਼ਨਵੀ ਤੋਂ ਅਹਿਮਦ ਸ਼ਾਹ ਅਬਦਾਲੀ ਤਕ ਦੀਆਂ ਬਦਲੀਆਂ ਸਰਹੱਦਾਂ ਨੂੰ ਵੀ ਨਜ਼ਰ–ਅੰਦਾਜ਼ ਕਰ ਦੇਈਏ ਤੇ ਸ਼ੁਰੂ ਕਰ ਲਈਏ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੋਂ ਤਾਂ ਵੀ ਨਕਸ਼ਿਆਂ ਦੀ ਗਿਣਤੀ ਕਾਫ਼ੀ ਹੋ ਜਾਣ ਦਾ ਡਰ ਹੈ। ਮਹਾਰਾਜੇ ਦੇ ਸਮੇਂ ਵਿਚ ਜੰਮੂ–ਕਸ਼ਮੀਰ, ਹਿਮਾਚਲ ਤੇ ਸੂਬਾ ਸਰਹੱਦ (ਹੁਣ ਪਾਕਿਸਤਾਨ ਵਿਚ) ਪੰਜਾਬ ਦੀ ਬੁੱਕਲ ਵਿਚ ਆ ਚੁੱਕੇ ਸਨ। ਇਸ ਤੋਂ ਬਾਅਦ, ਅੰਗਰੇਜ਼ੀ ਹਕੂਮਤ ਦੇ ਆਰਥਿਕ ਸਮੇਂ ਵਿਚ, ਪੰਜਾਬ ਆਗਰੇ ਤੱਕ ਦੇ ਇਕ ਵਿਸ਼ਾਲ ਉੱਤਰ–ਪੱਛਮੀ ਇੰਤਜ਼ਾਮੀ ਇਕਾਈ ਦਾ ਭਾਗ ਵੀ ਬਣਿਆ ਰਿਹਾ। ਕੀ ਵਿਸ਼ਵ ਪੰਜਾਬੀ ਕਾਨਫਰੰਸ ਜਾਂ ਆਲਮੀ ਪੰਜਾਬੀ ਕਾਨਫਰੰਸ ਵਿਚੋਂ ਕੋਈ ਰਣਜੀਤ ਸਿੰਘ ਜਾਂ ਮੁੱਢਲੇ ਅੰਗਰੇਜ਼ੀ ਕਾਲ ਵਾਲੇ ਬਹੁਭਾਸ਼ੀ, ਬਹੁ ਕੌਮੀਅਤੀ ਪੰਜਾਬ ਵਾਲੇ ਕਿਸੇ ਨਕਸ਼ੇ ਨੂੰ ਅਪਨਾਉਣ ਲਈ ਤਿਆਰ ਹੋਵੇਗੀ?

ਅੰਤਿਮ ਫੈਸਲਾ, ਮੈਂ ਤੁਹਾਡੇ ਵਿਸ਼ੇਸ਼ਗਾਂ ਉੱਤੇ ਛੱਡਣਾ ਚਾਹੁੰਦਾ ਹਾਂ, ਪਰ ਆਪ ਨੂੰ ਆਪਣੀ ਰਾਏ ਤੋਂ ਵਾਂਝਾ ਨਹੀਂ ਰੱਖਾਂਗਾ। ਤੁਹਾਡੇ ਵਿਦਵਾਨ ਚਾਹੁਣ ਤਾਂ ਇਸ ਰਾਏ ਨੂੰ ਵੀ ਵਿਚਾਰ ਲੈਣ ਵਰਨਾ ਉਨ੍ਹਾਂ ਦੀ ਤੇ ਤੁਹਾਡੀ ਮਰਜ਼ੀ।

ਮੇਰਾ ਮੱਤ ਇਹ ਹੈ ਕਿ 'ਵਿਸ਼ਵ ਪੰਜਾਬੀ ਕਾਨਫਰੰਸ', ਜੋ ਆਪਣੇ ਐਲਾਨ ਅਨੁਸਾਰ, ਕੋਈ ਸਿਆਸੀ ਸੰਸਥਾ ਨਹੀਂ ਹੈ, 'ਪੰਜਾਬ' ਦਾ ਠੀਕ ਚੌਖਟਾ ਨਿਸਚਿਤ ਕਰਨ ਵੇਲੇ, ਇਸ ਦੀਆਂ ਵਰਤਮਾਨ ਜਾਂ ਪਿਛਲੀਆਂ ਸਿਆਸੀ ਜਾਂ ਇੰਤਜ਼ਾਮੀ ਸਰਹੱਦਾਂ ਵਾਲੀ ਵਲਗਣ ਤੋਂ ਬਾਹਰ ਨਿਕਲ ਕੇ, ਭਾਸ਼ਾ ਤੇ ਸਭਿਆਚਾਰ ਦੀਆਂ ਲੀਕਾਂ ਨਾਲ ਆਪਣਾ ਨਵਾਂ ਨਕਸ਼ਾ ਤਿਆਰ ਕਰਨ ਦਾ ਜਤਨ ਕਰੇ। ਇਸ ਤਰ੍ਹਾਂ ਦੀਆਂ ਲੀਕਾਂ ਨਾਲ ਬਣੇ ਪੰਜਾਬ ਦੇ ਨਕਸ਼ੇ ਦੀਆਂ ਰੇਖਾਵਾਂ ਘੱਟੋ–ਘੱਟ ਦੋ ਮੁਲਕਾਂ ਤੇ ਕਈ ਮੌਜੂਦਾ ਸੂਬਿਆਂ ਦੀਆਂ ਸਰਹੱਦਾਂ ਦੇ ਆਰ–ਪਾਰ ਜਾਣਗੀਆਂ। ਪੰਜਾਬ ਦੇ ਇਸ ਸੰਕਲਪ ਨੂੰ ਕੋਈ ਦੇਸ, ਸੂਬਾ ਜਾਂ ਸਿਆਸੀ

ਦਲ ਪਰਵਾਨ ਕਰਦਾ ਹੈ ਕਿ ਰੱਦ ਕਰਦਾ ਹੈ, ਮੈਨੂੰ ਕੋਈ ਫ਼ਰਕ ਨਹੀ ਪੈਣਾ ਤੇ ਨਾ ਕਾਨਫਰੰਸ ਨੂੰ ਹੀ ਪੈਣਾ ਚਾਹੀਦਾ ਹੈ, ਕਿਉਂਕਿ ਮੇਰੀ ਨੀਤੀ ਭਾਸ਼ਾ-ਵਿਗਿਆਨੀਆਂ ਤੇ ਸਭਿਆਚਾਰ-ਵਿਸ਼ੇਸ਼ਗਾਂ ਦੀ ਇਮਾਨਦਾਰ ਪੜਤਾਲ ਨੂੰ ਪਰਵਾਨ ਕਰਨ ਦੀ ਹੈ ਨਾ ਕਿ ਪੰਜਾਬੀ-ਭਾਸ਼ੀ ਇਲਾਕੇ ਦੀਆਂ ਸਰਹੱਦਾਂ ਵਿਚ ਧੱਕੇ ਜਾਂ ਧੌਂਸ ਨਾਲ ਕੋਈ ਵਾਧਾ ਕਰਨ ਦੀ। ਕੁਦਰਤੀ ਹੈ ਕਿ ਮੈਂ ਵਿਸ਼ਵ ਤੇ ਆਲਮੀ ਪੰਜਾਬੀ ਕਾਨਫਰੰਸਾਂ ਨੂੰ ਵੀ ਇਹੀ ਕੁੱਝ ਕਰਨ ਲਈ ਕਹਾਂ। ਮੌਜੂਦਾ ਸਰਹੱਦਾਂ ਭਾਵੇਂ ਕੁਝ ਪਈਆਂ ਹੋਣ, ਇਸ ਨਵੇਂ ਨਕਸ਼ੇ ਵਿਚ ਪੰਜਾਬੀ-ਬੋਲਦੇ ਲੋਕਾਂ ਦੇ ਅਸਲੀ ਘਰ, ਪੰਜਾਬ, ਦੀਆਂ ਸਰਹੱਦਾਂ ਪਹਿਲੀ ਵਾਰੀ ਉਲੀਕੀਆਂ ਜਾਣਗੀਆਂ।

'ਪੰਜਾਬ' ਦੀ ਤਰ੍ਹਾਂ, 'ਪੰਜਾਬੀ ਸ਼ਬਦ ਦੇ ਅਰਥ ਵੀ ਝਗੜੇ ਤੋਂ ਖਾਲੀ ਨਹੀ ਹਨ। ਜੇ 'ਪੰਜਾਬ' ਦਾ ਨਕਸ਼ਾ ਭਾਸ਼ਾ ਤੇ ਸਭਿਆਚਾਰ ਨੂੰ ਇਕ ਬੰਨੇ ਰੱਖ ਕੇ, ਨਿਰੋਲ ਸਿਆਸੀ ਤੇ ਮਜ਼ਹਬੀ ਪ੍ਰਭਾਵ ਹੇਠ ਹੀ ਉਲੀਕਿਆ ਜਾਣਾ ਹੋਵੇ, ਫੇਰ ਤਾਂ ਪੱਕੇ ਜਾਣੋ ਕਿ ਭਾਸ਼ਾ-ਸੂਚਕ ਸ਼ਬਦ 'ਪੰਜਾਬੀ' ਦਾ ਅਰਥ-ਘੇਰਾ ਨਿਸਚਿਤ ਹੋਣ ਵੇਲੇ ਵੀ ਸਿਆਸੀ ਤੇ ਮਜ਼ਹਬੀ ਹਿਤ ਆਪਣਾ ਰੰਗ ਜ਼ਰੂਰ ਵਿਖਾਉਣਗੇ। ਜੇ ਮੇਰੇ ਕਥਨ ਉਤੇ ਇਤਬਾਰ ਨਾ ਹੋਵੇ ਤਾਂ ਸੁਣੋ, ਪਾਕਿਸਤਾਨ ਦੇ ਲੇਖਕ ਜਨਾਬ ਮੁਸ਼ਤਾਕ ਬਾਸਿਤ ਦੀ ਬਹੁਚਰਚਿਤ ਕਿਤਾਬ 'ਪਾਕ ਪੰਜਾਬੀ' ਦਾ ਸਾਰ ਦੇਂਦਿਆਂ ਉਸ ਦਾ ਇਕ ਪ੍ਰਸ਼ੰਸਕ ਕੀ ਦਸਦਾ ਹੈ:

> "....ਬਾਡਰੋਂ ਪਾਰ ਦੀ ਪੰਜਾਬੀ ਦਾ 'ਪਾਕ ਪੰਜਾਬੀ' ਨਾਲ ਹਰ ਪੱਖੋਂ ਮੁਕਾਬਲਾ ਕਰਨ ਤੋਂ ਬਾਅਦ (ਬਾਸਿਤ ਹੁਰੀ) ਏਸ ਨਤੀਜੇ ਉਤੇ ਅਪੜੇ ਹਨ ਜੋ ਪਾਕਿਸਤਾਨੀ ਪੰਜਾਬ ਦਾ ਸਿਕਾਫ਼ਤੀ ਤੇ ਤਹਿਜ਼ੀਬੀ ਸਰਚਸ਼ਮਾ ਅਰਬੀ ਤੇ ਫ਼ਾਰਸੀ ਏ। ਪਾਕਿਸਤਾਨ ਦਾ ਅਦਬੀ ਵਿਰਸਾ ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ, ਮੀਆਂ ਮੁਹੰਮਦ ਬਖ਼ਸ਼, ਸੁਲਤਾਨ ਬਾਹੂ ਤੇ ਦੂਜਿਆਂ ਸੂਫ਼ੀਆਂ ਦੇ ਕਲਾਮ ਤੋਂ ਸ਼ੁਰੂ ਹੁੰਦਾ ਏ। ਸਾਡੀ ਪੰਜਾਬੀ ਵਿਚ ਸ਼ਲੋਕ ਯਾ ਭਜਨ ਨਾ ਪੜ੍ਹੇ ਜਾਂਦੇ ਨੇ ਤੇ ਨਾ ਸੁਣੇ ਜਾਂਦੇ ਨੇ...।"

ਮਜ਼ਹਬ ਤੇ ਸਿਆਸਤ ਦੇ ਰੰਗ ਵਿਚ ਰੰਗਿਆਂ ਹੋਇਆ ਇਕ ਪੰਜਾਬੀ ਪਿਆਰਾ, ਪੰਜਾਬੀ ਭਾਸ਼ਾ ਉਤੇ ਆਪਣੀ ਸਿਆਸਤ ਤੇ ਆਪਣੇ ਮਜ਼ਹਬ ਦਾ ਮਿਲਵਾਂ ਰੰਗ ਚਾੜ੍ਹ ਕੇ, ਉਸ ਨੂੰ ਦੇਸ਼-ਪਿਆਰ ਦੇ ਹੇਜ ਲਈ ਕਿਵੇਂ ਵਰਤਦਾ ਹੈ, ਬਾਸਿਤ ਸਾਹਿਬ ਦੀ ਕਿਤਾਬ ਇਸ ਦਾ ਸੁੰਦਰ ਨਮੂਨਾ ਹੈ। ਬਾਸਿਤ ਸਾਹਿਬ ਪੰਜਾਬੀ ਦੇ ਹਿਤੈਸ਼ੀ ਹਨ, ਇਸ ਦੇ ਵਾਧੇ ਦੇ ਚਾਹਵਾਨ ਹਨ, ਪਰ ਛੂਤ-ਛਾਤ ਵਿਚ ਉਨ੍ਹਾਂ ਦਾ ਵਿਸ਼ਵਾਸ ਏਨਾ ਪੱਕਾ ਹੈ ਕਿ ਜੇ ਉਨ੍ਹਾਂ ਦੀ ਪਾਕਿਸਤਾਨੀ ਪੰਜਾਬੀ ਕਿਤੇ ਭੁੱਲ-ਭੁਲੇਖੇ ਨਾਲ ਵੀ ਭਾਰਤੀ ਪੰਜਾਬੀ ਨੂੰ ਛੂਹ ਜਾਵੇ ਤਾਂ ਉਨ੍ਹਾਂ ਭਾਣੇ ਸਾਰੀ ਦੀ ਸਾਰੀ 'ਪਾਕ' ਪੰਜਾਬੀ 'ਨਾਪਾਕ' ਪੰਜਾਬੀ ਬਣ ਕੇ ਰਹਿ ਜਾਏਗੀ। ਪੰਜਾਬੀ ਨੂੰ ਨਿਰੋਲ ਇਸਲਾਮੀ-ਪਾਕਿਸਤਾਨੀ ਬੋਲੀ ਮੰਨਣ ਵਾਲੇ ਦੀ ਰੁਚੀ, ਸਪਸ਼ਟ ਤੌਰ ਉਤੇ, ਪਾਕਿਸਤਾਨੀ ਇਸਲਾਮੀ ਪੰਜਾਬ ਦੇ ਡੂੰਘੇ ਪਰ ਮੂਧੇ ਪਿਆਰ-ਭਾਵ ਤੋਂ ਹੀ ਉਪਜੀ ਹੋਈ ਵਸਤ ਹੈ।

ਪਾਕਿਸਤਾਨ ਦੇ ਪੰਜਾਬੀਆਂ ਦੇ ਵਿਰੁੱਧ ਇਕ ਅੱਧ-ਸਿਆਸੀ ਤੇ ਅੱਧ-ਸਭਿਆਚਾਰਕ ਲਹਿਰ 'ਸਰਾਇਕੀ ਭਾਸ਼ਾ' ਦੇ ਹੇਠ ਚੱਲੀ ਹੋਈ ਹੈ। ਸਰਾਇਕੀ ਵਾਲੇ ਮੁਲਤਾਨ-ਬਹਾਵਲਪੁਰ ਦੀ ਲਹਿੰਦੀ ਨੂੰ ਵੱਖਰੀ ਭਾਸ਼ਾ ਦਸਦੇ ਹਨ ਤੇ ਇਸ ਦੇ ਆਧਾਰ ਉਤੇ, ਪੰਜਾਬ ਤੋਂ ਵੱਖ, ਇਕ ਨਵੇਂ ਸਰਾਇਕੀ ਸੂਬੇ ਦੀ ਮੰਗ ਕਰ ਰਹੇ ਹਨ। ਸਿੰਧੀਆਂ ਵਾਂਗ, ਸਰਾਇਕੀ ਵਾਲਿਆਂ ਦਾ ਗੁੱਸਾ, ਉਰਦੂ ਵਿਰੁਧ ਘੱਟ ਤੇ ਪੰਜਾਬੀ ਵਿਰੁੱਧ ਵੱਧ ਹੈ। ਪਾਕਿਸਤਾਨ ਦੇ ਪੰਜਾਬੀ ਵਿਦਵਾਨ


NATRAJ

Restaurant, Catering Services
**5656 (41st. & Fraser), Fraser Street**
**Vancouver, B.C.**



ਤਿਰਲੋਕ ਸਚਦੇਵ

Ph: 327-6141
Or 321-4646

ਗੁਰਦੁਆਰੇ ਦੇ ਕਿਸੇ ਵੀ ਸਮਾਗਮ ਲਈ ਖਾਸ ਡਿਸਕਾਉਂਟ ਦਿੱਤਾ ਜਾਵੇਗਾ।

* ਵਿਆਹ-ਸ਼ਾਦੀਆਂ ਦੀਆਂ ਪਾਰਟੀਆਂ, ਜਨਮ ਦਿਨ ਜਾਂ ਹੋਰ ਸਮਾਗਮਾਂ ਲਈ ਅਸੀਂ ਤੁਹਾਡੇ ਮਨਪਸੰਦ ਖਾਣਿਆਂ ਦਾ ਵਾਜ਼ਬ ਕੀਮਤ ਵਿਚ ਇੰਤਜ਼ਾਮ ਕਰ ਸਕਦੇ ਹਾਂ।
* ਅਸੀਂ 100 ਤੋਂ 1000 ਆਦਮੀਆਂ ਤੱਕ ਦੀ ਪਾਰਟੀ ਦਾ ਇੰਤਜ਼ਾਮ ਕਰਨ ਦੇ ਸਮਰੱਥ ਹਾਂ।

**ਵਾਜ਼ਬ ਕੀਮਤਾਂ ਤੇ ਛੂਟ ਦੀ ਪੂਰੀ-ਪੂਰੀ ਗਰੰਟੀ ਹੈ।**

ਤੁਸੀ ਸਾਡੇ ਰੈਸਟੋਰੈਂਟ ਵਿਚ ਆਕੇ ਗਰਮਾ-ਖਾਣਿਆਂ ਜਿਵੇਂ ਤੰਦੂਰੀ ਚਿਕਨ, ਤੰਦੂਰੀ ਪੱਛੀ, ਮੱਛੀ, ਮੱਛੀ ਦੇ ਪਕੌੜੇ, ਛੋਲੇ ਭਟੂਰੇ, ਸਮੋਸੇ ਆਦਿ ਇਥੇ ਬੈਠ ਕੇ ਖਾ ਸਕਦੇ ਹੋ ਜਾਂ ਘਰ ਲਿਜਾ ਸਕਦੇ ਹੋ।

**BAINS**
**INTERNATIONAL TRAVEL**
Serving B.C. Since 1951
**ਘੱਟ ਤੋਂ ਘੱਟ ਕਿਰਾਏ**

● India ● Pakistan ● Africa ● U.K ● Europe ●Southeast Asia ●Fiji ●Bangladesh ●Srilanka

**Authorized Agents for:**
*Air Canada, British Airways, Canadian, Cathay Pacific, Thai Airway Intl, KLM and other major Airlines*

**6364 Fraser Street, Vancouver, B.C. V5W 3A4**
Ph: 324-2277
**Out of town call Toll Free: 1-800-661-3488**
Offices also in Victoria and North Van.

ਸਰਾਇਕੀ ਨੂੰ ਪੰਜਾਬੀ ਦੀ ਉਪਭਾਸ਼ਾ ਮੰਨ ਕੇ ਇਸ ਨੂੰ ਸੁਤੰਤਰ ਪਦਵੀ ਦੇਣ ਦਾ ਵਿਰੋਧ ਕਰਦੇ ਹਨ।

ਏਧਰਲੇ ਪੰਜਾਬ ਵਿਚ ਵੀ ਤਕਰੀਬਨ ਇਹੀ ਗੱਲ ਵਾਪਰੀ ਹੋਈ ਹੈ। ਪੰਜਾਬੀ ਵਿਦਵਾਨ ਕਾਂਗੜੇ ਤੇ ਜੰਮੂੰ ਨੂੰ ਪਜੰਾਬੀ-ਭਾਸ਼ੀ ਮੰਨਦੇ ਹਨ, ਪਰ ਇਨ੍ਹਾਂ ਇਲਾਕਿਆਂ ਦੇ ਕੁੱਝ ਸਿਆਸੀ ਆਗੂ ਡੋਗਰੀ ਬੋਲੀ ਤੇ ਪਹਾੜੀ ਸਭਿਆਚਾਰ ਨੂੰ ਪੰਜਾਬੀ ਤੋਂ ਅਸਲੋਂ ਵੱਖਰਾ ਮੰਨਦੇ ਹਨ। ਉਹ ਹਿੰਦੀ ਨੂੰ ਤਾਂ ਛਾਤੀ ਨਾਲ ਲਾਈ ਬੈਠੇ ਹਨ ਪਰ ਪੰਜਾਬੀ ਨੂੰ ਬੈਠਕ ਤੋਂ ਬਾਹਰਵਾਰ, ਜੁੱਤੀਆਂ ਵਾਲੀ ਥਾਂ ਉੱਤੇ ਖੜ੍ਹੀ ਨੂੰ ਵੀ ਨਹੀ ਪਏ ਸਹਾਰਦੇ।

ਸਿਆਸੀ-ਮਜ਼ਹਬੀ ਰੰਗ ਤੋਂ ਮੁਕਤ, ਨਿਰੋਲ ਭਾਸ਼ਾ ਦੇ ਨੁਕਤੇ ਤੋਂ ਵੀ, 'ਪੰਜਾਬੀ' ਬਾਰੇ ਵੱਖ ਵੱਖ ਰਾਵਾਂ ਮੌਜੂਦ ਹਨ। ਇਸ ਦੀਆਂ ਮਿਸਾਲਾਂ ਡਾ. ਮੋਹਨ ਸਿੰਘ ਦੀਵਾਨਾ ਤੇ ਡਾ. ਈਗਰ ਦਮਿਤਰੀਏ ਵਿਚ ਸੈਰੈਬ੍ਰਿਕੋਵ ਤਾਂ ਪੰਜਾਬੀਆਂ ਦੇ ਰਚੇ ਹਿੰਦੀ ਤੇ ਉਰਦੂ, ਬਲਕਿ ਅੰਗਰੇਜ਼ੀ ਵਿਚ ਰਚੇ ਸਾਹਿਤ ਨੂੰ ਵੀ 'ਪੰਜਾਬੀ' ਦਸਦੇ ਹਨ। ਸ਼ਾਇਦ, 'ਪੰਜਾਬੀ' ਤੋਂ ਉਨ੍ਹਾਂ ਦਾ ਭਾਵ 'ਪੰਜਾਬ ਦੇਸ ਦਾ' ਜਾਂ ਪੰਜਾਬ ਵਿਚ ਪੈਦਾ ਹੋਇਆ ਸਾਹਿਤ' ਹੈ। ਡਾ. ਹਰਿਭਜਨ ਸਿੰਘ ਨੇ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਦੇ ਪ੍ਰੋਫ਼ੈਸਰ ਦੀ ਪਦਵੀ ਸਾਂਭਣ ਉਪਰੰਤ ਜਿਹੜਾ ਪਹਿਲਾ ਭਾਸ਼ਣ ਦਿੱਤਾ ਸੀ, ਉਸ ਵਿਚ ਵੀ ਡਾ. ਮੋਹਨ ਸਿੰਘ ਦੀਵਾਨਾ ਵਾਂਗ, ਪੰਜਾਬੀ ਦਾ ਘੇਰਾ ਵਧਾਉਣ ਦੀ ਲੋਚ ਕੀਤੀ ਸੀ ਤੇ ਮੈਂ ਆਪ ਵੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਲਈ 1990 ਵਿਚ ਸੰਪਾਦਿਤ ਕੀਤੀ ਪੁਸਤਕ 'ਮਧ ਕਾਲ ਦੀ ਚੋਣਵੀਂ ਪੰਜਾਬੀ ਕਵਿਤਾ' ਦੀ ਭੂਮਿਕਾ ਵਿਚ ਇਸ ਮਤ ਦੇ ਨੇੜੇ ਢੁੱਕ ਖਲੋਤਾ ਹਾਂ। ਇਸ ਦੇ ਮੁਕਾਬਲੇ ਉੱਤੇ, ਸੁਰਗਵਾਸੀ ਪ੍ਰੋ. ਤੇਜਾ ਸਿੰਘ ਤੋਂ ਸ਼ੁਰੂ ਹੋ ਕੇ, ਅਨੇਕ ਲੇਖਕ, ਲਾਹੌਰ-ਅੰਬਰਸਰ ਦੀ ਮਿਆਰੀ ਭਾਸ਼ਾ ਤੇ ਪੰਜਾਬ ਦੀਆਂ ਉਪਭਾਸ਼ਾਵਾਂ ਨੂੰ ਤਾਂ 'ਪੰਜਾਬੀ' ਮੰਨਦੇ ਹਨ, ਪਰ ਪੰਜਾਬ ਦੇ ਹਿੰਦਵੀ ਭਾਖਾ, ਬਾਗੜੀ, ਸਧੁਕੜੀ ਜਾਂ ਹਿੰਦੀ, ਉਰਦੂ, ਆਦਿ ਭਾਸ਼ਾਵਾਂ ਵਿਚ ਰਚੇ ਗਏ ਸਾਹਿਤ ਨੂੰ 'ਪੰਜਾਬੀ' ਨਹੀਂ ਮੰਨਦੇ।

**"ਕੋਈ ਦੱਸੇ ਕਿ ਭੰਗੜੇ, ਗਿੱਧੇ ਤੇ ਸੰਮੀ ਵਰਗੇ ਲੋਕ-ਨਾਚ ਪੰਜਾਬ ਦੇ ਆਮ ਲੋਕਾਂ ਦੀ ਸਾਂਝੀ ਤਾਲ-ਸੂਝ ਦੀ ਉਪਜ ਹਨ ਕਿ ਹਿੰਦੂਆਂ, ਮੁਸਲਮਾਨਾਂ ਜਾਂ ਸਿੱਖਾਂ ਵਿਚੋਂ ਕਿਸੇ ਇਕੱਲੇ ਦੀ ਕਾਢ ਹਨ?"**

ਆਪ ਸਭ ਜਾਣਦੇ ਹੀ ਹੋ ਕਿ ਹਿੰਦੀ ਤੇ ਉਰਦੂ ਦੀ ਬੁਨਿਆਦੀ ਵਿਆਕਰਣਿਕ ਬਣਤਰ ਇੱਕੋ ਹੈ, ਪਰ ਕਿਉਂਕਿ ਹਿੰਦੀ, ਨਵੇਂ ਸ਼ਬਦਾਂ ਦੀ ਘਾੜਤ ਵੇਲੇ, ਸਵਾਲੀ ਬਣ ਕੇ, ਸੰਸਕ੍ਰਿਤ ਦੇ ਦੁਆਰ ਉੱਤੇ ਜਾ ਅਲਖ ਜਗਾਉਂਦੀ ਹੈ ਤੇ ਉਰਦੂ ਵਾਲੇ, ਕਿਉਂਕਿ ਆਪਣੇ ਸ਼ਬਦ, ਆਮ ਤੌਰ ਉਤੇ, ਫ਼ਾਰਸੀ ਤੇ ਅਰਬੀ ਦੀਆਂ ਘੜਸਾਲਾਂ ਤੋਂ ਲੈਂਦੇ ਹਨ, ਇਸ ਲਈ, ਹੌਲੀ ਹੌਲੀ, ਦੋ ਵੱਖ-ਵੱਖ ਲਿਖਣ ਸ਼ੈਲੀਆਂ, ਦੋ ਵੱਖ-ਵੱਖ ਸੁਤੰਤਰ ਭਾਸ਼ਾਵਾਂ ਦਾ ਰੂਪ ਧਾਰਨ ਕਰ ਗਈਆਂ ਹਨ, ਖ਼ਾਸ ਕਰ ਕੇ ਇਸ ਲਈ ਕਿ ਇਨ੍ਹਾਂ ਦੋਹਾਂ ਦੀਆਂ ਲਿਪੀਆਂ ਅੱਡ-ਅੱਡ ਸਨ। ਬਾਸਿਤ ਸਾਹਿਬ ਦੀ ਵੰਨਗੀ ਦੇ ਕੁਝ ਪਾਕਿਸਤਾਨੀ ਵਿਦਵਾਨ, ਹਿੰਦੀ ਤੇ ਉਰਦੂ ਵਿਚ ਪਈ ਵਿੱਥ ਨੂੰ ਨਮੂਨਾ ਬਣਾ ਕੇ, ਪਾਕਿਸਤਾਨੀ ਪੰਜਾਬੀ ਤੇ ਹਿੰਦੁਸਤਾਨੀ ਪੰਜਾਬੀ ਦੀ ਸਾਂਝ ਵਿਚ, ਫਾਨੇ ਠੋਕ ਕੇ, ਇਨ੍ਹਾਂ ਨੂੰ ਵੱਖ ਵੱਖ ਭਾਸ਼ਾਵਾਂ ਬਣਾਉਣ ਉੱਤੇ ਤੁਲੇ ਹੋਏ ਹਨ, ਪਰ ਸਰਹੱਦ ਦੇ ਦੁਪਾਸੀ, ਕੁਝ ਲੋਕ ਮੌਜੂਦ ਹਨ, ਜੋ ਦੁਹਾਂ ਦੇ ਵਿਚਕਾਰ ਪੈਂਦੀ ਹਰ ਦਰਾੜ ਦੀ ਝਟਪਟ ਮੁਰੰਮਤ ਕਰਕੇ ਇਨ੍ਹਾਂ ਦੀਆਂ ਦੋ ਸੁਤੰਤਰ ਬੋਲੀਆਂ ਨਹੀਂ ਬਣਨ ਦੇਣੀਆਂ ਚਾਹੁੰਦੇ। ਮੈਂ ਵੀ ਇਸ ਜਥੇ ਵਿਚ ਸ਼ਾਮਿਲ ਹਾਂ।

ਅਜਿਹੇ ਭਾਸ਼ਾਈ ਦ੍ਰਿਸ਼ ਦੀ ਮੌਜੂਦਗੀ ਵਿਚ ਵਿਸ਼ਵ ਕਾਨਫਰੰਸ ਨੂੰ ਫ਼ੈਸਲਾ ਕਰਨਾ ਪੈਣਾ ਹੈ ਕਿ ਜਦੋਂ ਉਹ 'ਪੰਜਾਬੀ' ਸ਼ਬਦ ਦੀ ਵਰਤੋਂ ਕਰਦੀ ਹੈ ਤਾਂ ਉਹ ਇਸ ਤੋਂ ਕੀ ਭਾਵ ਲੈਂਦੀ ਹੈ।

ਫ਼ੈਸਲਾ ਕਰਨ ਵੇਲੇ ਯਾਦ ਰੱਖਣ ਦੀ ਲੋੜ ਹੋਵੇਗੀ ਕਿ ਪੰਜਾਬੀ ਦੁਨੀਆਂ ਦੀਆਂ ਵੱਡੀਆਂ ਭਾਸ਼ਾਵਾਂ ਵਿਚੋਂ ਇਕ ਹੈ। ਦੱਸਿਆ ਜਾਂਦਾ ਹੈ ਕਿ ਇਸ ਦੇ ਬੁਲਾਰਿਆਂ ਦੀ ਗਿਣਤੀ 6 ਕਰੋੜ ਤੋਂ ਟੱਪ ਚੱਲੀ ਹੈ। ਆਪਣੀ ਗਿਣਤੀ ਦੇ ਸਿਰ ਉਤੇ ਇਹ ਭਾਸ਼ਾ ਦੁਨੀਆਂ ਵਿਚ ਯਾਰ੍ਹਵੇਂ, ਕਿ ਖ਼ਬਰੇ ਬਾਰ੍ਹਵੇਂ ਨੰਬਰ ਉੱਤੇ ਆਉਂਦੀ ਹੈ। ਇਸ ਲਈ ਇਸ ਦੀਆਂ ਉਪਭਾਸ਼ਾਵਾਂ ਦੀ ਗਿਣਤੀ ਦਾ ਕਾਫ਼ੀ ਹੋਣਾ, ਇਸ ਲਈ ਕੋਈ ਮਿਹਣਾ ਨਹੀਂ ਬਣਦਾ। ਜੇ ਇਸ ਸੇਧ ਨੂੰ ਪਰਵਾਨ ਕਰ ਲਿਆ ਜਾਏ ਤਾਂ ਪੰਜਾਬੀ ਦੀ ਨਿਰੰਤਰ ਸਲਤਨਤ ਦੀਆਂ ਸਰਹੱਦਾਂ ਵਿਚ ਕੁੱਝ ਨਾ ਕੁੱਝ ਅਗਾੜੀ-ਪਛਾੜੀ ਕਰਨ ਦੀ ਲੋੜ ਪੈ ਜਾਣੀ ਹੈ। ਪੰਜਾਬੀ ਦੀਆਂ ਉਪ-ਭਾਸ਼ਾਵਾਂ ਬੋਲਣ ਵਾਲੇ ਲੋਕਾਂ ਦੇ ਆਪਸੀ ਮੇਲ-ਜੋਲ ਦੇ ਸਾਧਨਾਂ ਤੇ ਲਿਖਤੀ ਸਾਹਿਤ ਦੀ ਵਧਦੀ ਵਰਤੋਂ ਨਾਲ, ਇਕ ਕੇਂਦਰੀ ਜਾਂ ਮਿਆਰੀ ਪੰਜਾਬੀ ਬਣ ਚੁੱਕੀ ਹੈ ਤੇ ਅੱਗੋਂ ਨਿੱਤ ਪਕੇਰੀ ਹੁੰਦੀ ਜਾ ਰਹੀ ਹੈ।

ਮੁਸ਼ਤਾਕ ਬਾਸਿਤ ਹੁਰਾਂ ਦੇ 'ਪੰਜਾਬ' ਦੇ ਸੁੰਗੜੇ ਤੇ ਉਲਾਰ ਸੰਕਲਪ ਨੇ 'ਪੰਜਾਬੀ' ਦੇ ਇਹੋ ਜਿਹੇ ਸੁੰਗੜੇ ਤੇ ਉਲਾਰ ਸੰਕਲਪ ਦੀ ਗੱਲ ਨਹੀਂ ਕੀਤੀ, ਪਰ ਅਮਲੀ ਤੌਰ ਉਤੇ ਜੋ ਕੁਝ ਹੋ ਰਿਹਾ ਹੈ ਉਸ ਦਾ ਤਾਤਪਰਜ ਇਹ ਹੈ ਕਿ :

1. ਏਧਰਲੇ ਬਹੁਤੇ ਲੇਖਕਾਂ ਨੇ ਅਰਬੀ-ਫ਼ਾਰਸੀ ਸ਼ਬਦਾਂ ਦਾ ਮੋਹ ਛੱਡ ਕੇ ਹਿੰਦੀ-ਸੰਸਕ੍ਰਿਤ ਦੀ ਸ਼ਰਨ ਵਿਚ ਜਾਣਾ ਕਰੀਬ ਕਰੀਬ ਮਨਜ਼ੂਰ ਕੀਤਾ ਹੋਇਆ ਹੈ। ਲੇਖਕਾਂ ਦੀ ਪੁਰਾਣੀ ਪੀੜ੍ਹੀ ਦੀ ਬਹੁਗਿਣਤੀ ਇਸ ਨੂੰ ਪੰਜਾਬੀ ਲੇਖਕਾਂ ਦੀ ਵਰਤਮਾਨ ਭਾਸ਼ਾਈ ਵਾਤਾਵਰਣ ਦੀ ਗੁਲਾਮੀ ਤੇ ਆਲਸ ਚਿੰਨ੍ਹ ਮੰਨਦੀ ਹੈ, ਪਰ ਨਵੀਂ ਪੀੜ੍ਹੀ ਇਹੋ ਜਿਹੀ ਕਿਸੇ ਚੇਤਨਾ ਤੋਂ ਅਵਾਜ਼ਾਰ ਨਹੀਂ ਦਿਸਦੀ।

2. ਜਿਵੇਂ ਪੱਛਮੀ ਪੰਜਾਬ ਦੇ ਕਈ ਲੇਖਕ, ਜਾਣ-ਬੁੱਝ ਕੇ ਆਪਣੇ ਸਾਹਿਤ-ਇਤਿਹਾਸਾਂ ਵਿਚ ਭਾਰਤੀ ਪੰਜਾਬੀ ਲੇਖਕਾਂ ਦਾ ਬਾਈਕਾਟ ਕਰਦੇ ਹਨ, ਏਧਰਲੇ ਪੰਜਾਬੀ ਸਾਹਿਤ ਦੇ ਇਤਿਹਾਸਕਾਰ ਉਵੇਂ ਤਾਂ ਨਹੀ ਕਰਦੇ, ਪਰ ਆਮ ਤੌਰ ਉੱਤੇ, ਪੂਰਬੀ ਪੰਜਾਬ ਦੇ ਲੇਖਕਾਂ ਦਾ ਹੀ ਜ਼ਿਕਰ ਹੁੰਦਾ ਹੈ, ਪੱਛਮੀ ਪੰਜਾਬ ਦੇ ਨਵੇਂ ਪੰਜਾਬੀ ਲੇਖਕਾਂ ਦਾ ਮੁਲੰਕਣ ਛੱਡ ਦਿੱਤਾ ਜਾਂਦਾ ਹੈ।

3. ਪੰਜਾਬੀ ਉੱਤੇ ਜਿਸ ਤਰ੍ਹਾਂ ਦਾ ਇਸਲਾਮੀ ਰੰਗ ਮੁਸ਼ਤਾਕ ਬਾਸਿਤ ਹੋਰਾਂ ਨੇ ਚੜ੍ਹਿਆ ਹੈ, ਪੂਰਬੀ ਪੰਜਾਬ ਦੇ ਕਈ ਲੇਖਕਾਂ ਦੀ ਪੰਜਾਬੀ, ਆਦਤਵੱਸ, ਸਿੱਖ ਰੰਗ ਵਿਚ ਰੰਗੀ ਹੁੰਦੀ ਹੈ।

ਖਿਮਾ ਕਰਨਾ, ਮੈਨੂੰ ਇਉਂ ਮਹਿਸੂਸ ਹੁੰਦਾ ਹੈ ਕਿ ਪੱਛਮੀ ਪੰਜਾਬ ਤੇ ਪੂਰਬੀ ਪੰਜਾਬ ਦੇ ਲੇਖਕਾਂ ਦੀ ਬਹੁ-ਗਿਣਤੀ ਦੇ ਅਚੇਤ ਤੇ ਘੱਟ ਗਿਣਤੀ ਦੇ ਸਚੇਤ ਚਾਲੇ, ਇਕ ਨੂੰ ਦੂਜੇ ਤੋਂ ਪਰੇਡੇ ਲਿਜਾਣ ਵਾਲੇ ਹਨ, ਤੇ ਕਿਉਂਕਿ ਲਿੱਪੀ, ਧਰਮ ਤੇ ਸਿਆਸਤ ਦੇ ਵਖਰੇਵੇਂ ਇਸ ਦੂਰੀ ਨੂੰ ਤੋੜ-ਵਿਛੋੜੇ ਤੱਕ ਪਹੁੰਚਾ ਕੇ ਰਾਜ਼ੀ ਹਨ, ਇਸ ਲਈ ਮੈਂ ਚਾਹੁੰਦਾ ਹਾਂ ਕਿ 'ਵਿਸ਼ਵ ਪੰਜਾਬੀ ਕਾਨਫਰੰਸ' 'ਪੰਜਾਬ' ਤੇ 'ਪੰਜਾਬੀ' ਦੇ ਅਰਥ-ਘੇਰਿਆਂ ਬਾਰੇ ਜਿੰਨੀ ਛੇਤੀ ਹੋ ਸਕੇ ਆਪ ਸੱਪਸ਼ਟ ਹੋਣ ਦਾ ਯਤਨ ਕਰੇ ਤੇ ਵਿਸ਼ਵ ਭਰ ਦੇ ਪੰਜਾਬੀਆਂ ਨੂੰ ਵੀ ਸਪਸ਼ਟ ਕਰ ਦੇਵੇ ਕਿ ਉਹ ਕਿਹਨਾਂ ਸੰਕਲਪਾਂ ਨੂੰ ਲੈ ਕੇ ਮੈਦਾਨ ਵਿਚ ਉੱਤਰੀ ਹੈ।

ਜੋ ਕੁਝ ਮੈਂ ਹੁਣ ਤਕ ਕਹਿ ਆਇਆ ਹਾਂ, ਉਸ ਤੋਂ ਇਹ ਸਪਸ਼ਟ ਹੋ ਗਿਆ ਹੋਵੇਗਾ ਕਿ ਜ਼ਰੂਰੀ ਨਹੀਂ, 'ਪੰਜਾਬੀਅਤ' ਦੇ ਵੱਡੇ ਵੱਡੇ ਹੱਟ ਖੋਲ੍ਹ ਕੇ ਬੈਠੇ ਹੋਏ ਹਟਵਾਣੀਆਂ ਪਾਸੋਂ ਇਕੋ ਤਰ੍ਹਾਂ ਦੀ ਵੱਥ ਹੀ ਮਿਲੇ। ਫੱਟਾ ਭਾਵੇਂ ਉਹੀ ਹੋਵੇ ਤੇ ਹੋਕਾ ਵੀ ਭਾਵੇਂ ਉਸੇ ਦਾ ਲਗਦਾ ਹੋਵੇ ਪਰ ਵਰਤ-ਵਿਹਾਰ ਉਪਰੰਤ ਛੇਤੀ ਹੀ ਪਤਾ ਲਗ ਜਾਂਦਾ ਹੈ ਕਿ ਏਥੇ ਤਾਂ ਵੱਖਰੀ ਤਰ੍ਹਾਂ ਦੇ ਸਾਮਾਨ ਦਾ ਵਪਾਰ ਹੁੰਦਾ ਹੈ। ਚੇਤੇ ਰੱਖਣਯੋਗ ਗੱਲ ਇਹ ਹੈ ਕਿ ਜਿਹੋ ਜਿਹਾ ਕਿਸੇ

ਦਾ ਪੰਜਾਬ ਅਤੇ 'ਪੰਜਾਬੀ' ਦਾ ਸੰਕਲਪ ਹੋਵੇਗਾ, ਉਸ ਦੀ ਪੰਜਾਬੀਅਤ' ਵੀ ਉਹੋ ਜਿਹੀ ਹੀ ਹੋਵੇਗੀ। 'ਪੰਜਾਬੀਅਤ', ਅਰਥਾਤ 'ਠੇਠ ਪੰਜਾਬੀਪੁਣੇ' ਦਾ ਸਿੱਧਾ ਤੱਲਕ ਪੰਜਾਬੀ ਲੋਕਾਂ ਦੇ ਗੁਣਾਂ, ਲੱਛਣਾਂ, ਵਿਸ਼ੇਸ਼ਤਾਵਾਂ, ਰੁਚੀਆਂ, ਪ੍ਰਵਿਰਤੀਆਂ, ਸ਼ੌਕਾਂ, ਝੁਕਾਵਾਂ, ਬਿਰਤੀਆਂ, ਪਸੰਦਾਂ, ਸੁਆਦਾਂ, ਸੁਭਾਵਾਂ, ਸੋਚਾਂ, ਭਾਵਾਂ, ਉਡਾਰੀਆਂ, ਸੁਫ਼ਨਿਆਂ, ਹਮਦਰਦੀਆਂ ਤੇ ਨਫ਼ਰਤਾਂ ਵਿਚਲੇ ਸਾਂਝੇ ਸੂਤਰਾਂ ਨਾਲ ਹੈ। ਜਿਸ ਨੂੰ ਇਹ ਸਾਂਝੇ ਸੂਤਰ ਪਛਾਣਨ ਤੇ ਨਿਖੇੜਨ ਦਾ ਵੱਲ ਆ ਗਿਆ, ਸਮਝ ਲਵੋ, ਉਸ ਨੇ 'ਪੰਜਾਬੀਅਤ' ਦਾ ਰਾਹ ਪਾ ਲਿਆ। ਪਰ ਮੁਸ਼ਕਿਲ ਉਦੋਂ ਆ ਬਣਦੀ ਹੈ ਜਦੋਂ ਬਾਸਿਤ ਸਾਹਿਬ ਵਰਗੇ ਵਿਦਵਾਨ 'ਪੰਜਾਬੀਅਤ' ਦਾ ਚਿੱਤਰ, ਇੰਨ-ਬਿੰਨ ਉਲੀਕਣ ਦੀ ਥਾਂ, ਉਸ ਨੂੰ ਆਪਣੇ ਤੁਅੱਸਬ ਦੇ ਸੰਚੇ ਵਿਚ ਢਾਲ ਕੇ ਪੇਸ਼ ਕਰਨ ਲਗ ਪੈਂਦੇ ਹਨ। ਮਸਲਨ, ਬਾਸਿਤ ਹੁਰਾਂ ਦੀ 'ਪੰਜਾਬੀਅਤ' ਦਾ ਸਾਰ ਇਹ ਬਣਦਾ ਹੈ ਕਿ ਜੇ ਬੰਦਾ ਪਾਕਿਸਤਾਨੀ ਹੋਵੇ ਪੱਕਾ, ਮੁਸਲਮਾਨ ਹੋਵੇ ਪੱਕਾ ਤੇ ਪੰਜਾਬੀ ਵੀ ਪੱਕਾ ਹੀ ਹੋਵੇ, ਤਾਂ ਉਸ ਦੀ 'ਪੰਜਾਬੀਅਤ' ਅਸਲੀ ਮੰਨੀ ਜਾ ਸਕਦੀ ਹੈ।

'ਪੰਜਾਬੀਅਤ' ਬਾਰੇ ਮੇਰਾ ਵੀ ਇਕ ਸੰਕਲਪ ਹੈ, ਉਹ ਬਾਸਿਤ ਸਾਹਿਬ ਦੀ 'ਪੰਜਾਬੀਅਤ' ਤੋਂ ਕਾਫ਼ੀ ਫ਼ਰਕ ਵਾਲਾ ਹੈ। ਇਹ ਨਾ ਇਸਲਾਮ ਨਾਲ ਸੀਤਾ ਹੋਇਆ ਹੈ, ਨਾ ਹਿੰਦ ਨਾਲ ਤੇ ਨਾ ਸਿੱਖੀ ਨਾਲ, ਭਾਵੇਂ ਇਨ੍ਹਾਂ ਨਾਲ ਉਸ ਦਾ ਕੋਈ ਜਮਾਂਦਰੂ ਅਨਜੋੜ ਜਾਂ ਵੈਰ ਉੱਕਾ ਨਹੀਂ ਹੈ ... ਸਿੱਖੀ ਨਾਲ ਤਾਂ ਬਿਲਕੁਲ ਵੀ ਨਹੀਂ, ਕਿਉਂਕਿ ਇਹ ਪੰਜਾਬ ਦੀ ਆਪਣੀ ਦੇਸੀ ਉਪਜ ਹੈ। ਪਰ ਮੇਰੀ ਜਿਗਿਆਸਾ ਦਾ ਸੁਭਾਵਿਕ ਰੁਖ ਉਨ੍ਹਾਂ ਸਾਂਝੀਆਂ ਤੰਦਾਂ ਵੱਲ ਹੈ ਜੋ ਸਾਰੇ ਪੰਜਾਬੀਆਂ ਦੇ ਦਿਲਾਂ ਤੇ ਦਿਮਾਗ ਦੁਆਲੇ ਵਲੀਆਂ ਹੋਈਆਂ ਹਨ, ਭਾਵੇਂ ਉਹ ਕਿਸੇ ਵੀ ਧਰਮ ਦੇ ਧਾਰਨੀ ਹੋਣ, ਕਿਸੇ ਵੀ ਦੇਸ਼ ਦੇ ਵਾਸੀ ਹੋਣ ਤੇ ਆਪਣੇ ਦੇਸ਼ ਦੇ ਕਿਸੇ ਵੀ ਇਲਾਕੇ ਵਿਚ ਰਹਿੰਦੇ ਹੋਣ। ਇਹੋ ਹਨ ਉਹ ਸਾਂਝੀਆਂ ਤੰਦਾਂ, ਜਿਨ੍ਹਾਂ ਨਾਲ 'ਪੰਜਾਬੀਅਤ' ਦੀ ਉਣਾਈ ਹੋਈ ਹੋਈ ਹੈ। ਮੇਰਾ ਯਕੀਨ ਹੈ ਕਿ ਇਹ ਤੰਦਾਂ ਜਿੰਨੀਆਂ ਬਲਵੰਤ ਹੋਣਗੀਆਂ, ਪੰਜਾਬੀਆਂ ਦੀ ਇਕਮੁੱਠਤਾ ਉੱਨੀ ਹੀ ਗਫ਼ ਤੇ ਹੰਢਣਸਾਰ ਹੋਵੇਗੀ। ਪਰ ਡੁੱਬੀ ਤਾਂ ਜੇ ਸਾਹ ਨਾ ਆਇਆ। ਸਾਂਝ ਦੇ ਸੂਤਰ ਹੀ ਤਾਂ ਲੱਭ ਨਹੀਂ ਰਹੇ। ਬਾਸਿਤ ਸਾਹਿਬ ਇਕ ਤਰ੍ਹਾਂ ਦੇ ਸੂਤਰ ਲੱਭੀ ਫਿਰਦੇ ਹਨ ਤੇ ਮੈਂ ਦੂਜੀ ਤਰ੍ਹਾਂ ਦੇ ਲੱਭੀ ਫਿਰਦਾ ਹਾਂ। ਅਜਿਹੀ ਕਿਹੜੀ ਜੁਗਤ ਵਰਤੀਏ ਕਿ ਸਾਰੇ ਪੰਜਾਬੀ-ਬੋਲਦੇ ਲੋਕਾਂ ਵਿਚ ਵਿਆਪ ਰਹੀ ਸਾਂਝ ਦੀਆਂ ਸਾਰੀਆਂ ਤੰਦਾਂ ਦੇ ਸਿਰੇ ਸਾਡਿਆਂ ਹੱਥਾਂ ਵਿਚ ਆ ਜਾਣ? ਦੁਨੀਆਂ ਦੇ ਜਿਹੜੇ ਵਿਦਵਾਨਾਂ ਨੇ ਸਮਾਜ ਦੇ ਇਸ ਗਹਿਰ-ਗੰਭੀਰ ਵਿਸ਼ੇ ਉੱਤੇ ਖੋਜ ਕੀਤੀ ਹੈ, ਉਨ੍ਹਾਂ ਦਾ ਨਿਰਣਾ ਹੈ ਕਿ ਇਹ ਸਾਰੇ ਸੂਤਰ ਲੋਕਾਂ ਦੇ ਇਤਿਹਾਸ ਤੇ ਸਭਿਆਚਾਰ ਵਿਚ ਮਿਲ ਜਾਂਦੇ ਹਨ ਤੇ ਸਭਿਆਚਾਰ ਵਿਚ ਉਹ ਸਭ ਕੁਝ ਆ ਜਾਂਦਾ ਹੈ ਜੋ ਲੋਕ-ਵਿਸ਼ਵਾਸਾਂ, ਲੋਕ-ਮਨੌਤਾਂ, ਵਹਿਮਾਂ-ਭਰਮਾਂ, ਲੋਕ-ਨਿਸ਼ੇਧਾਂ, ਰੀਤਾਂ-ਰਸਮਾਂ, ਲੋਕ-ਨਾਚਾਂ, ਲੋਕ-ਧੁਨਾਂ, ਲੋਕ-ਖੇਡਾਂ ਲੋਕ ਪਹਿਰਾਵਿਆਂ ਤੇ ਖਾਧ-ਖ਼ੁਰਾਕ ਦੀਆਂ ਆਦਤਾਂ, ਆਦਿ ਵਿਚ ਮੌਜੂਦ ਹੁੰਦਾ ਹੈ। ਇਹ ਕਥਨ ਪੰਜਾਬੀ ਸਭਿਆਚਾਰ ਉੱਤੇ ਵੀ ਪੂਰੀ ਤਰ੍ਹਾਂ ਲਾਗੂ ਹੈ।

'ਪੰਜਾਬੀਅਤ ਬਾਰੇ ਲਿਖਣ ਵਾਲੇ ਬਹੁਤ ਬੁੱਧੀਮਾਨ, ਮੇਰੇ ਵਾਂਗ, ਸਾਂਝ ਦਾ ਨਾਅਰਾ ਤਾਂ ਬੜੀ ਉੱਚੀ ਲਾਉਂਦੇ ਹਨ, ਪਰ ਕੋਈ ਇਹ ਖੇਚਲ ਨਹੀਂ ਕਰਦਾ ਕਿ ਨਿੱਠ ਕੇ, ਸਭਿਆਚਾਰ ਦੀਆਂ ਉਪਰੋਕਤ ਸੰਚੀਆਂ ਦਾ ਇਕ ਇਕ ਕਰ ਕੇ ਨਿਖੇੜ ਕਰੇ। ਇਸ ਘੌਲ ਦਾ ਨਤੀਜਾ ਇਹ ਨਿਕਲਦਾ ਰਿਹਾ ਹੈ ਕਿ ਜਿਸ ਥਰ ਉਤੇ ਪੰਜਾਬੀਅਤ ਦੀ ਸਾਂਝ ਦੇ ਹੱਕ ਵਿਚ ਗਰਮਾ-ਗਰਮ ਨਾਅਰੇਬਾਜ਼ੀ ਚੱਲ ਰਹੀ ਹੁੰਦੀ ਹੈ, ਉਸੇ ਦੇ ਥੱਲਵੇਂ ਥਰ ਉਤੇ ਪੰਜਾਬੀਅਤ ਦੀ ਇਕਤਾ ਤੇ ਇਕਮੁੱਠਤਾ ਦੀਆਂ ਨੀਹਾਂ ਨੂੰ ਖੋਰ ਲਾਉਣ ਵਾਲਾ ਪ੍ਰਵਾਹ ਵੀ ਨਿਰੰਤਰ


**WANT TO SELL FASTER?**

LOOKING FOR A GOOD DEAL?

**List with well known Indo-Canadian Personality**



***Darshan Bains***

**Res: 275-2533**

**Pager: 667-0884**

**Multiple Realty**
**2298 Kingsway**
**Vancouver**
**Ph: 434-1431**

MULTIPLE REALTY LTD

**ਸਰੀ-ਡੈਲਟਾ ਦੀ ਪੰਜਾਬੀ ਮਾਰਕੀਟ ਵਿਚ ਵਿਆਹ-ਸ਼ਾਦੀ ਦੇ ਸਾਮਾਨ ਦਾ ਬੀ.ਸੀ. ਦਾ ਸੱਭ ਤੋਂ ਵੱਡਾ ਸਟੋਰ।**

**Delta Wedding Centre**
**9463- 120th St. (95 Ave. & Scott Rd)**
**Delta, B.C.**
**Ph: (604) 589-3656**

ਵਿਆਹ ਸ਼ਾਦੀਆਂ ਦੇ ਕਾਰਡ, ਤਾਜ਼ੇ ਅਤੇ ਸਿਲਕ ਦੇ ਫੁੱਲ, ਕਾਰਾਂ ਤੇ ਪਾਉਣ ਵਾਲੇ ਫੁੱਲਾਂ ਦਸੇ ਜਾਲ, ਮਹਿੰਦੀ ਚੂੜੇ ਤੇ ਕਲੀਰੇ ਤੇ ਵਿਆਹ ਦਾ ਹਰ ਤਰ੍ਹਾਂ ਦਾ ਸਾਮਾਨ, ਹਸਪਤਾਲ ਜਾਂ ਘਰ ਲਿਜਾਣ ਲਈ ਫੁਲਾਂ ਦੇ ਗੁਲਦਸਤੇ, ਬੱਚਿਆਂ ਦੇ ਜਨਮਦਿਨ ਦਾ ਸਾਮਾਨ, ਹਰ ਮੌਕੇ ਤੇ ਦੇਣ ਲਈ ਗਿਫ਼ਟ ਆਦਿ ਮਿਲਦੇ ਹਨ।

**ਹਾਲ ਵਿਚ ਡੈਕੋਰੇਸ਼ਨ ਦਾ ਪੂਰਾ ਪ੍ਰਬੰਧ ਹੈ।**

ਹਾਲ ਡੈਕੋਰੇਸ਼ਨ ਵਾਸਤੇ ਕਿਰਾਏ ਤੇ ਕੇਕ, ਆਰਚ, ਗਜ਼ੀਬੋ, ਫੁੱਲਾਂ ਦੀਆਂ ਟੋਕਰੀਆਂ ਅਤੇ ਹਰ ਲੋੜੀਂਦਾ ਸਾਮਾਨ ਹੈ। ਵੱਖ ਵੱਖ ਰੰਗਾਂ ਵਿਚ ਟੇਬਲਾਂ ਦੀਆਂ ਸਕੱਰਟਾਂ, ਕਪੜੇ, Streamers, Bells, Fans, Plume Pens, Guest Books, Ribbons, Candles, Candies ਅਤੇ ਕੇਕ ਮਿਲਦੇ ਹਨ।

ਹੋਰ ਜਾਣਕਾਰੀ ਲਈ:

ਮੈਨੇਜਰ:ਮੱਖਣ ਟੁੱਟ ਫਲੋਰੇਸਟ:ਗੁਰਬਖਸ਼ਕੌਰ ਦਿਉ।

ਚੱਲ ਰਿਹਾ ਹੁੰਦਾ ਹੈ। ਆਓ, ਵੇਖੀਏ ਕਿਵੇਂ?

ਬੱਚੇ ਦੇ ਜੰਮਣ ਤੋਂ ਲੈ ਕੇ ਉਸ ਦੇ ਮਰਨ ਤੱਕ ਜਿੰਨੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ ਉਨ੍ਹਾਂ ਵਿਚ, ਮੌਕੇ ਅਨੁਸਾਰ, ਹੱਸਣ-ਖੇਡਣ, ਕੁੱਦਣ-ਟੱਪਣ, ਨਸ਼ਾ-ਪਾਣੀ ਕਰਨ ਜਾਂ ਰੋਣ-ਪਿੱਟਣ ਦੀ ਸਾਂਝ ਤਾਂ ਭਾਵੇਂ ਹੋਵੇ, ਪਰ ਅਸਲ ਰੀਤਾਂ ਮਾਪਿਆਂ ਦਿਆਂ ਧਰਮਾਂ ਅਨੁਸਾਰ, ਬਿਲਕੁਲ ਵੱਖ ਵੱਖ ਹੁੰਦੀਆਂ ਹਨ। ਇਹੀ ਨਹੀਂ, ਹਿੰਦੂ, ਮੁਸਲਮਾਨ ਤੇ ਸਿੱਖ, ਖਾਸ ਤੌਰ ਉਤੇ, ਇਕ ਦੂਜੇ ਦੀਆਂ ਰੀਤਾਂ ਤੋਂ ਬਿਲਕੁਲ ਅੰਞਾਣ ਹੁੰਦੇ ਹਨ। ਇਸੇ ਤਰ੍ਹਾਂ, ਜਿਸ ਦੇਵ-ਮਾਲਾ ਨੂੰ ਹਿੰਦੂ ਮੰਨਦੇ ਹਨ ਤੇ ਪੂਜਦੇ ਹਨ, ਉਸ ਨੂੰ ਮੁਸਲਮਾਨ ਤੇ ਸਿੱਖ ਨਾ ਕੋਈ ਮਾਨਤਾ ਦੇਂਦੇ ਹਨ ਤੇ ਨਾ ਪੂਜਦੇ ਹਨ, ਇਹੀ ਗੱਲ, ਇਸਲਾਮੀ ਦੇਵ-ਮਾਲਾ ਦੇ ਸੰਬੰਧ ਵਿਚ, ਹਿੰਦੂਆਂ ਤੇ ਸਿੱਖਾਂ ਬਾਰੇ ਕਹੀ ਜਾ ਸਕਦੀ ਹੈ, ਇਨ੍ਹਾਂ ਦੇ ਯਾਤਰਾ-ਅਸਥਾਨ ਵੀ ਵੱਖਰੇ ਵੱਖਰੇ ਹਨ – ਇਕ ਦਾ ਮੂੰਹ ਮੱਕੇ-ਮਦੀਨੇ ਵੱਲ ਹੁੰਦਾ ਹੈ ਤੇ ਦੂਜੇ ਦਾ ਕਾਸ਼ੀ ਤੇ ਪ੍ਰਯਾਗ ਵੱਲ ਸਿੱਖਾਂ ਨੇ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਨੂੰ ਆਪਣੀ ਅਰਦਾਸ ਦਾ ਹਿੱਸਾ ਬਣਾਇਆ ਹੋਇਆ ਹੈ। ਇਨ੍ਹਾਂ ਦੇ ਨਿੱਤ ਦੇ ਪੂਜਾ-ਸਥਾਨ ਵੀ ਵੱਖ-ਵੱਖ ਹੁੰਦੇ ਹਨ – ਇਕ ਦੇ ਪੈਰ ਉਸ ਨੂੰ ਮਸੀਤ ਵੱਲ ਲੈ ਜਾਂਦੇ ਹਨ, ਦੂਜੇ ਦੇ ਮੰਦਰ ਵੱਲ ਤੇ ਤੀਜੇ ਦੇ ਗੁਰਦੁਆਰੇ ਵੱਲ, ਮੁਸਲਮਾਨ ਲਈ ਮੁਰਦੇ ਨੂੰ ਫੂਕਣਾ ਵਰਜਿਤ ਹੈ ਤੇ ਹਿੰਦੂਆਂ ਲਈ ਉਸ ਨੂੰ ਦੱਬਣਾ: ਹਿੰਦੂ ਕੁੰਭ ਦੇ ਮੇਲੇ ਉਤੇ ਹਰਦੁਆਰ ਪਹੁੰਚਦੇ ਹਨ ਤੇ ਮੁਸਲਮਾਨ ਪੀਰਾਂ-ਫ਼ਕੀਰਾਂ ਦੇ ਉਰਸਾਂ ਉਤੇ ਉਨ੍ਹਾਂ ਦੇ ਮਜ਼ਾਰਾਂ ਦੀ ਜ਼ਿਆਰਤ ਕਰਦੇ ਹਨ, ਹਿੰਦੂ ਹੋਲੀ ਖੇਡਦੇ ਹਨ, ਮੁਸਲਮਾਨ ਨਹੀਂ ਖੇਡਦੇ, ਹਿੰਦੂ ਦਸਹਿਰਾ ਮਨਾਉਂਦੇ ਹਨ, ਮੁਸਲਮਾਨ ਨਹੀਂ ਮਨਾਉਂਦੇ, ਹਿੰਦੂ ਦੀਵਾਲੀ ਮਨਾਉਂਦੇ ਹਨ, ਮੁਸਲਮਾਨ ਨਹੀਂ ਮਨਾਉਂਦੇ, ਮੁਸਲਮਾਨ ਈਦਾਂ ਮਨਾਉਂਦੇ ਹਨ, ਹਿੰਦੂ-ਸਿੱਖ ਨਹੀਂ ਮਨਾਉਂਦੇ ਅਤੇ ਇਤਿਹਾਸ ਗਵਾਹ ਹੈ ਕਿ ਕਿਸੇ ਨਾ ਕਿਸੇ ਮੌਕੇ ਮੁਸਲਮਾਨ, ਹਿੰਦੂਆਂ ਤੇ ਸਿੱਖਾਂ ਨਾਲ, ਹਿੰਦੂ, ਮੁਸਲਮਾਨਾਂ ਤੇ ਸਿੱਖਾਂ ਨਾਲ ਅਤੇ, ਸਿੱਖ, ਮੁਸਲਮਾਨਾਂ ਤੇ ਹਿੰਦੂਆਂ ਨਾਲ ਸਹਿਹੋਂਦ ਤੋਂ ਭੱਜਦੇ ਵੀ ਰਹੇ ਹਨ। ਅਜਿਹੀ ਹਾਲਤ ਵਿਚ ਸਾਂਝ ਦੇ ਨਾਅਰੇ ਲਾ ਲਾ ਕੇ ਆਪਣੇ ਸੰਘ ਪਾੜੀ ਜਾਣੇ, ਕੀ ਠੋਸ ਅਸਲੀਅਤ ਤੋਂ ਫ਼ਰਾਰ ਹੋਣ ਵਾਲੀ ਗੱਲ ਨਹੀਂ ਹੈ? ਕੀ ਸਾਨੂੰ ਜਨਾਬ ਬਾਸਿਤ ਸਾਹਿਬ ਦੀ ਸੁਰ ਵਿਚ ਸੁਰ ਮਿਲਾ ਕੇ ਕਹਿਣਾ ਪਵੇਗਾ ਕਿ ਪੰਜਾਬੀਆਂ ਦੀ ਕੋਈ ਅਖੰਡ 'ਪੰਜਾਬੀਅਤ' ਨਹੀਂ ਹੈ? ਕੀ ਕੋਈ ਐਸਾ ਸਾਂਝਾ ਸਭਿਆਚਾਰ ਥਰ ਹੈ ਵੀ ਸਹੀ ਜਿਸ ਉਤੇ ਪੰਜਾਬੀਆਂ ਦੇ ਇਕੱਠੇ ਵਿਚਰ ਸਕਣ ਦੀ ਸੰਭਾਵਨਾ ਨਜ਼ਰ ਆਉਂਦੀ ਹੋਵੇ?

ਇਸ ਸਵਾਲ ਤੋਂ 'ਵਿਸ਼ਵ ਪੰਜਾਬੀ ਕਾਨਫਰੰਸ' ਦੇ ਅਧਿਕਾਰੀ ਭੱਜਣਾ ਚਾਹੁਣ ਤਾਂ ਵੀ ਲੋਕਾਂ ਨੇ ਉਨ੍ਹਾਂ ਨੂੰ ਭੱਜਣ ਨਹੀਂ ਦੇਣਾ। ਇਸ ਦਾ ਜਵਾਬ ਤਾਂ ਦੇਣਾ ਹੀ ਪੈਣਾ ਹੈ। ਜੇ ਕਾਨਫਰੰਸ ਪਾਸ ਪੰਜਾਬੀਅਤ ਦਾ ਕੋਈ ਇਕਾਗਰ ਸੰਕਲਪ ਮੌਜੂਦ ਹੈ ਤਾਂ ਇਸ ਬਾਰੇ ਸਪਸ਼ਟ ਸੇਧ ਦੇਣ ਦੀ ਲੋੜ ਹੈ, ਵਰਨਾ ਬਾਸਿਤ ਸਾਹਿਬ ਦਾ ਦੋ ਪੰਜਾਬਾਂ, ਦੋ ਪੰਜਾਬੀਆਂ ਤੇ ਦੋ ਪੰਜਾਬੀਅਤਾਂ ਵਾਲਾ ਥੀਸਿਸ ਤਾਂ ਮੈਦਾਨ ਵਿਚ ਹੈ ਹੀ।

ਪੰਜਾਬ ਤੇ ਪੰਜਾਬੀ ਬਾਰੇ ਮੈਂ ਆਪਣੀਆਂ ਰਾਵਾਂ ਦੇ ਆਇਆ ਹਾਂ। 'ਪੰਜਾਬੀਅਤ' ਦੇ ਸੰਕਲਪ ਬਾਰੇ ਵੀ ਮੈਨੂੰ ਕੋਈ ਦੁਚਿੱਤੀ ਨਹੀਂ। ਮੈਨੂੰ ਇਹ ਇਕ ਸਾਲਮ ਇਕਾਈ ਲਗਦੀ ਹੈ, ਇਸ ਦੀ ਦੁਫੇੜ ਜਾਂ ਤਿਫੇੜ ਉਪਰਲੀ ਸਤਹ ਉਤੇ ਦਿਸਦੀ ਹੈ, ਬੁਨਿਆਦ ਦੀ ਇਕਾਗਰਤਾ ਨਿਰਸੰਦੇਹ ਹੈ।

ਪੰਜਾਬੀਅਤ ਨੂੰ ਇਕ ਸਾਲਮ ਇਕਾਈ ਮੈਂ ਇਸ ਕਰ ਕੇ ਨਹੀਂ ਮੰਨਦਾ ਕਿ ਇਸ ਮਨੌਤ ਨਾਲ ਮੈਨੂੰ ਕੋਈ ਜ਼ਾਤੀ, ਜਮਾਤੀ, ਮਜ਼ਹਬੀ, ਇਲਾਕਈ, ਕੌਮੀ, ਜਾਂ ਰਾਸ਼ਟਰੀ ਲਾਭ ਪਹੁੰਚੇਗਾ ਜਾਂ ਇਸ ਨਾਲ ਮੇਰੀ ਜਾਂ ਮੇਰੇ ਹਮ-ਮਜ਼ਹਬਾਂ ਜਾਂ ਦੇਸ-ਵਾਸੀਆਂ ਦੀ ਕੋਈ ਮਸਲਿਹਤ ਬੱਝੀ ਹੋਈ ਹੈ। ਮੈਂ ਇਉਂ ਮੰਨਦਾ ਹਾਂ ਕਿਉਂਕਿ ਇਹ ਇਕ ਸਚਾਈ ਹੈ, ਜਿਸ ਨੂੰ ਹਰ ਬੰਦਾ ਪ੍ਰਤੱਖ ਵੇਖ ਸਕਦਾ ਹੈ। ਮਸਲਨ, ਕੋਈ ਦੱਸੇ ਕਿ ਭੰਗੜੇ, ਗਿੱਧੇ ਤੇ ਸਮੀ ਵਰਗੇ ਲੋਕ-ਨਾਚ ਪੰਜਾਬ ਦੇ ਆਮ ਲੋਕਾਂ ਦੀ ਸਾਂਝੀ ਤਾਲ-ਸੂਝ ਦੀ ਉਪਜ ਹਨ ਕਿ ਹਿੰਦੂਆਂ, ਮੁਸਲਮਾਨਾਂ ਜਾਂ ਸਿੱਖਾਂ ਵਿਚੋਂ ਕਿਸੇ ਇਕੱਲੇ ਦੀ ਕਾਢ ਹਨ? ਘੋੜੀਆਂ ਅਲਾਹਣੀਆਂ, ਬੋਲੀਆਂ, ਟੱਪੇ, ਮਾਹੀਏ ਤੇ ਢੋਲੇ ਪੰਜਾਬੀ ਮੁਟਿਆਰਾਂ ਤੇ ਗਭਰੂਆਂ ਅਤੇ ਸਾਊਆਂ ਤੇ ਸਵਾਣੀਆਂ ਦੇ ਦਿਲ-ਸਾਗਰਾਂ ਵਿਚੋਂ ਨਿਕਲੇ ਸਾਂਝੇ ਮੋਤੀ ਹਨ ਕਿ ਮਸੀਤਾਂ, ਮੰਦਰਾਂ ਜਾਂ ਗੁਰਦਵਾਰਿਆਂ ਵਿਚ ਤਿਆਰ ਕੀਤੇ ਗਏ ਮਾਣਕ ਹਨ? ਵਾਰਾਂ, ਕਾਫੀਆਂ, ਸਿਹਫ਼ੀਆਂ ਬਾਰਾਂਮਾਹੇ, ਸਤਵਾਰੇ, ਕਿੱਸੇ ਤੇ ਗ਼ਜ਼ਲਾਂ ਦੋਹਾਂ ਪੰਜਾਬਾਂ ਦਾ ਸਾਂਝਾ ਤੇ ਪਿਆਰਾ ਵਿਰਸਾ ਹਨ ਕਿ ਨਹੀਂ? ਰਾਜਾ ਸਲਵਾਨ, ਪੂਰਨ, ਇੱਛਰਾਂ, ਲੂਣਾਂ, ਗੋਰਖ, ਰਸਾਲੂ ਤੇ ਹੋਡੀ, ਗੁੱਗੇ ਤੇ ਸਖੀ ਸਰਵਰ ਦੇ ਨਾਂ ਸਾਡੇ ਪੰਜਾਬੀ ਕੰਨਾਂ ਵਿਚ ਇਕ ਜਾਣੀ-ਪਛਾਣੀ ਸੋਝੀ ਜਗਾਉਂਦੇ ਹਨ ਕਿ ਨਹੀਂ? 'ਰਾਜਾ ਪੂਰੂ, (ਪੋਰਸ) ਤੋਂ ਦੁੱਲੇ ਭੱਟੀ ਤੱਕ ਦੁੱਲੇ ਭੱਟੀ ਤੋਂ ਭਗਤ ਸਿੰਘ ਤਕ, ਖੜ੍ਹੀਆਂ ਮੁੱਛਾਂ ਵਾਲੇ ਪੰਜਾਬੀਆਂ ਦੀ ਯਾਦ, ਦੂਹਾਂ ਪਾਸਿਆਂ ਦੇ ਪੰਜਾਬੀਆਂ ਦਾ ਖ਼ੂਨ ਇਕਸਾਰ ਗਰਮਾਉਂਦੀ ਹੈ ਕਿ ਨਹੀਂ? ਚੜ੍ਹਦੇ ਤੇ ਛਿਪਦੇ, ਦੂਹਾਂ ਪੰਜਾਬਾਂ ਦੇ ਪੰਜਾਬੀਆਂ ਨੂੰ ਪੁੱਛ ਵੇਖੋ, ਇਨ੍ਹਾਂ ਵਿਚੋਂ ਕੋਈ ਹੈ, ਜੋ ਸੱਸੀ-ਪੁੰਨੂ, ਹੀਰ-ਰਾਂਝੇ, ਸੋਹਣੀ-ਮਹੀਂਵਾਲ, ਮਿਰਜ਼ਾ-ਸਾਹਿਬਾਂ ਜਾਂ ਰੋਡੇ-ਜਲਾਲੀ ਨੂੰ, ਆਪਣੇ ਪਾਸਿਓਂ ਦੇਸ-ਨਿਕਾਲਾ ਦੇ ਕੇ ਰਾਵੀਓਂ-ਪਾਰ ਜਾਂ ਉਰਾਰ ਧੱਕਣ ਨੂੰ ਤਿਆਰ ਹੋਵੇਗਾ? ਨਾਨੀ ਹੋਵੇ ਜਾਂ ਦਾਦੀ, ਭੂਆ ਹੋਵੇ ਜਾਂ ਮਾਮੀ ਤੇ ਮਾਂ ਹੋਵੇ ਜਾਂ ਮਾਸੀ, ਜੇ ਉਹ ਪੰਜਾਬਣ ਹੈ ਤਾਂ ਬੱਚਿਆਂ ਨੂੰ ਪਹਿਲੀ ਕਹਾਣੀ ਚਿੜੀ ਤੇ ਕਾਂ ਦੀ ਸੁਣਾਉਂਦੀ ਹੈ, ਜਿਨ੍ਹਾਂ ਦੀ ਖਿਚੜੀ ਬਨਾਉਣ ਦੀ ਤਕਰੀਬਨ-ਸਿਰੇ-ਚੜ੍ਹ ਚੁੱਕੀ ਸਾਂਝੀ ਖੇਡ ਨੂੰ, ਇਕ ਧਿਰ ਦੀ ਬੇਈਮਾਨੀ, ਪੂਰੀ ਤਰ੍ਹਾਂ ਬਰਬਾਦ ਕਰ ਕੇ ਰੱਖ ਦੇਂਦੀ ਹੈ। ਕੀ ਪੱਛਮੀ ਪੰਜਾਬ ਦੀਆਂ ਚਿੜੀਆਂ ਤੇ ਕਾਂ, ਮੁਸਲਮਾਨ ਬੱਚਿਆਂ ਦੇ ਦਿਲ-ਪਰਚਾਵੇ ਲਈ, ਖਿਚੜੀ ਦੀ ਥਾਂ, ਹੁਣ ਵੱਡੇ ਮਾਸ ਦੀ ਹਾਂਡੀ ਚਾੜ੍ਹਦੇ ਹਨ। ਕੀ ਧਨਾਢ ਪੰਜਾਬੀਆਂ ਦੇ ਬਚਿਆਂ ਲਈ ਇਸ ਆਦਿ-ਜੁਗਾਦੀ ਬਾਲ-ਕਹਾਣੀ ਦੇ ਗਰੀਬੜੇ ਜਿਹੇ ਪੰਛੀਆਂ ਦੀ ਥਾਂ ਮੋਰਾਂ ਤੇ ਬੁਲਬਲਾਂ ਨੇ ਲੈ ਲਈ ਹੈ ਤੇ ਖਿਚੜੀ ਦੀ ਥਾਂ (ਮੰਗ ਲਈ) ਪੁਲਾਊ ਤੇ ਸ਼ਾਮੀ ਕਬਾਬ ਜਾਂ ਕੇਕ-ਪੇਸਟਰੀਆਂ ਨੇ ਲੈ ਲਈ ਹੈ?

**"ਸਭਿਆਚਾਰਕ ਸਾਂਝ ਵਾਲੀ ਧਿਰ ਜਿੰਨੀ ਦ੍ਰਿੜ ਤੇ ਤਗੜੀ ਹੋਵੇਗੀ, ਓਨੀਆਂ ਹੀ ਦੁਫੇੜੀ ਧਿਰਾਂ ਲਿੱਸੀਆਂ ਹੁੰਦੀਆਂ ਜਾਣਗੀਆਂ।"**

ਵੰਝਲੀ, ਲਗੋਜ਼ੇ, ਤੂੰਬੀ, ਇਕਤਾਰੇ, ਡਫਲੀ, ਢੱਡ ਤੇ ਢੋਲ ਵਰਗੇ ਸਾਜ਼ਾਂ ਦੀ ਸਾਂਝ ਵੱਲ ਕਦੀ ਧਿਆਨ ਦਿੱਤਾ ਜੇ? ਜਿਨ੍ਹਾਂ ਨੂੰ ਅਸੀਂ 'ਲੋਕ' ਕਹਿੰਦੇ ਹਾਂ, ਰੱਬ ਝੂਠ ਨਾ ਬੁਲਾਵੇ, ਉਹ ਤਾਂ ਮੈਂ ਸਰਹੱਦ ਦੇ ਦੂਹੀ ਪਾਸੀਂ, ਇਨ੍ਹਾਂ ਸਾਜ਼ਾਂ ਦੀਆਂ ਧੁਨਾਂ ਉਤੇ ਇਕਸਾਰ ਝੂਮਦੇ ਤੇ ਮੇਲ੍ਹਦੇ ਡਿੱਠੇ ਹਨ।

ਆਪਣੀਆਂ ਪੇਂਡੂ ਖੇਡਾਂ ਵੱਲ ਕਦੀ ਉਡਦੀ ਉਡਦੀ ਨਿਗਾਹ ਹੀ ਮਾਰ ਵੇਖੋ। ਬਾਲ, ਕਿੱਕਲੀ, ਲੁਕੱਣ-ਮੀਟੀ, ਕੋਟਲਾ-ਛਪਾਕੀ, ਗੁੱਲੀ-ਡੰਡਾ, ਖਿੱਦੋ-ਖੂੰਡੀ, ਕਬੱਡੀ, ਸੌਚੀ, ਕੁਸ਼ਤੀ, ਬਾਰਾਂ-ਟੈਣੀ, ਵਗੈਰਾ ਲਈ ਦੋਹਾਂ ਪੰਜਾਬਾਂ ਵਿਚ ਇਕੋ ਜਿੰਨੀ ਚਾਹਤ ਹੈ।

ਹੁਣ ਵੇਖੀਏ ਇਕ ਹੋਰ ਤਰ੍ਹਾਂ ਦੀ ਸਾਂਝ। ਸਿਰ ਤੋਂ ਪੈਰਾਂ ਤਕ ਆਪਣੇ ਪਿੰਡੇ ਦੇ ਇਕ-ਇਕ ਅੰਗ ਦਾ ਨਾਂ ਲੈ ਕੇ ਵੇਖੋ ਖਾਂ... ਵਾਲ, ਸਿਰ, ਖੋਪਰੀ, ਮੱਥਾ, ਭਰਵੱਟੇ, ਝਿੰਮਣੀਆਂ, ਅੱਖਾਂ, ਨੱਕ, ਨਾਸ, ਮੂੰਹ, ਹੋਠ ਜਾਂ ਬੁੱਲ੍ਹ, ਦੰਦ, ਦਾੜ੍ਹ, ਮਸੂੜ੍ਹੇ, ਜੀਭ, ਤਾਲੂ, ਸੰਘ, ਗਲਾ, ਧੌਣ, ਗਿੱਚੀ, ਛਾਤੀ, ਕੱਛ, ਬਾਂਹ, ਵੀਣੀ, ਗੁੱਟ, ਹੱਥ, ਅੰਗੂਠਾ, ਉਂਗਲ, ਚੀਚੀ, ਵੱਖੀ, ਖੁੱਚ, ਲੱਕ, ਪੱਟ, ਜੰਘ, ਟੰਗ, ਲੱਤ, ਗੋਡਾ, ਗਿੱਟਾ, ਖੁਰੀ ਤੇ ਤਲੀ ਵਗੈਰਾ। ਇਨ੍ਹਾਂ ਵਿਚੋਂ ਬਹੁ-ਗਿਣਤੀ ਉਨ੍ਹਾਂ

ਲਫ਼ਜ਼ਾਂ ਦੀ ਹੈ ਜੋ ਸਾਰੇ ਪੰਜਾਬੀਆਂ ਦੇ ਸਾਂਝੇ ਹਨ।

ਹੁਣ ਆਪਾਂ ਆਪਣੇ ਰਿਸ਼ਤਿਆਂ ਦੀ ਸਾਰ ਲਈਏ, ਪਹਿਲਾਂ ਨਾਨਕਿਆਂ ਦੇ... ਮਾਂ, ਨਾਨਾ, ਨਾਨੀ, ਮਾਸੀ, ਮਾਸੜ, ਮਾਮਾ, ਮਾਮੀ ਤੇ ਫੇਰ ਦਾਦਕਿਆਂ ਦੇ ... ਪਿਉ, ਦਾਦਾ, ਦਾਦੀ, ਤਾਇਆ, ਤਾਈ, ਚਾਚਾ, ਚਾਚੀ, ਭੂਆ ਤੇ ਫੁੱਫੜ। ਏਸੇ ਤਰ੍ਹਾਂ, ਐਂਤਰੀ, ਮਤਰੇਈ, ਸੱਸ, ਸਹੁਰਾ, ਸਾਲਾ, ਸਾਲੀ, ਸਾਂਢੂ, ਨਨ੍ਹੇਸ, ਦਦ੍ਹੇਸ, ਫੁਫ੍ਹੇਸ, ਮਲਿਅਹੁਰਾ, ਤੇ ਖਬਰੇ ਹੋਰ ਕਿੰਨੇ ਨੇੜੇ ਤੇ ਦੂਰ ਦੇ ਰਿਸ਼ਤੇ ਹੈ ਨੇ ਜਿਨ੍ਹਾਂ ਨੂੰ ਦੁਹਾਂ ਪਾਸਿਆਂ ਦੇ ਪੰਜਾਬੀ ਇਕੋ ਜਿਹੀ ਸੌਖ ਨਾਲ ਵਰਤਦੇ ਹਨ।

ਰੁੱਖਾਂ-ਸਬਜ਼ੀਆਂ-ਭਾਜੀਆਂ, ਜ਼ਮੀਨਾਂ, ਖੇਤੀ-ਬਾੜੀ, ਮਾਲ-ਡੰਗਰ, ਕੱਪੜੇ-ਲੱਤੇ, ਹੱਟੀ ਜਾਂ ਵਪਾਰ ਨਾਲ ਸੰਬੰਧ ਰੱਖਣ ਵਾਲੇ ਸਾਂਝੇ ਲਫ਼ਜ਼ ਗਿਣਨ ਲੱਗੀਏ ਤਾਂ ਅੱਜ ਦੀ ਦਿਹਾੜੀ ਭਾਵੇਂ ਸਾਰੀ ਲਗ ਜਾਏ, ਸਾਂਝੇ ਲਫ਼ਜ਼ ਨਹੀ ਮੁੱਕਣ ਲੱਗੇ ਤੇ ਇਨ੍ਹਾਂ ਵਿਚੋਂ ਬਹੁਗਿਣਤੀ ਉਨ੍ਹਾਂ ਲਫ਼ਜ਼ਾਂ ਦੀ ਹੋਵੇਗੀ ਜੋ ਦੁਹਾਂ ਪੰਜਾਬਾਂ ਵਿਚ ਇਕਸਾਰ ਵਰਤੇ ਜਾਂਦੇ ਹਨ, ਪਰ ਹੋਰ ਕਿਸੇ ਗਵਾਂਢੀ ਸੂਬੇ ਵਿਚ ਜਾਂ ਤਾਂ ਮਿਲਦੇ ਹੀ ਨਹੀ ਤੇ ਜਾਂ ਬਦਲੇ ਹੋਏ ਭੇਸ ਵਿਚ ਮਿਲਦੇ ਹਨ।

ਵੱਖ-ਵੱਖ ਖੇਤਰਾਂ ਨਾਲ ਸੰਬੰਧ ਰੱਖਣ ਵਾਲੇ ਇਹੋ ਜਿਹੇ ਸਾਂਝੇ ਸ਼ਬਦ ਲੱਭਣ ਦੀ ਖੇਡ ਆਪਣੇ ਬੱਚਿਆਂ ਵਿਚ ਚਲਾਉਣੀ ਚਾਹੀਦੀ ਹੈ। ਵੱਡਿਆਂ ਨੂੰ ਨਿਰਾਸ ਹੋਣ ਦੀ ਲੋੜ ਨਹੀਂ। ਮੈਂ ਉਨ੍ਹਾਂ ਲਈ ਵੀ ਇਕ ਖੇਡ ਰੱਖੀ ਹੋਈ ਹੈ ਤੇ ਉਹ ਹੈ ਗਾਲ੍ਹਾਂ ਇਕੱਠੀਆਂ ਕਰਨ ਦੀ। ਜਿਹੜਾ ਵੀ ਪਾਕਿਸਤਾਨੀ ਖੋਜੀ ਇਸ ਪਾਸੇ ਪੈਣ ਦੀ ਪਹਿਲ ਕਰੇਗਾ, ਜੇ ਉਸ ਨੂੰ ਆਪਣੇ ਵਾਲੇ ਪਾਸੇ ਦੀਆਂ ਸਾਰੀਆਂ ਚੋਂਦੀਆਂ ਚੋਂਦੀਆਂ ਗਾਹਲਾਂ, ਜਿਉਂ ਦੀਆਂ ਤਿਉਂ, ਬਲਕਿ ਕੁਝ ਸਵਾਏ ਫੱਕੜਾਂ ਸਮੇਤ, ਭਾਰਤੀ ਪੰਜਾਬ ਦੀਆਂ ਗਲੀਆਂ ਵਿਚ ਰੁਲਦੀਆਂ ਮਿਲ ਜਾਣ ਤਾਂ ਉਸ ਨੂੰ ਹੈਰਾਨ ਨਹੀ ਹੋਣਾ ਚਾਹੀਦਾ। ਇਹ ਹਰ ਤਰ੍ਹਾਂ ਦੇ ਨਿਸ਼ੇਧਾਂ ਨੂੰ ਤੋੜਨ ਵਾਲੀਆਂ, ਨਵੇਂ ਤੋਂ ਨਵੇਂ ਨਜ਼ਾਇਜ਼ ਰਿਸ਼ਤੇ ਲੱਭਣ ਵਾਲੀਆਂ, ਮੌਲਿਕਤਾ ਤੇ ਸਿਰਜਨਾ ਦੇ ਅਦਭੁਤ ਨਮੂਨੇ ਉਪਜਾਉਂਦੀਆਂ ਇਹ ਲੱਛੇਦਾਰ ਨਿਆਮਤਾਂ, ਏਨੀ ਭਰਪੂਰਤਾ ਵਿਚ, ਭਲਾ ਹੋਰ ਕਿਸੇ ਪਾਕਿਸਤਾਨੀ ਜਾਂ ਹਿੰਦੁਸਤਾਨੀ ਸੂਬੇ ਵਿਚ ਕਿਵੇਂ ਮਿਲ ਸਕਦੀਆਂ ਹਨ।

ਮੁੱਕਦੀ ਗੱਲ ਇਹ ਕਿ ਆਮ ਲੋਕਾਂ ਦੀ ਪੱਧਰ ਉਤੇ ਸਾਡੇ ਵਿਰਸੇ ਦੇ ਅਣਗਿਣਤ ਸਬੂਤ ਕਿਸੇ ਵੀ ਸੁਜਾਖੇ ਘੋਖੀ ਨੂੰ ਆਪਣੇ ਸਾਹਮਣੇ ਖਿਲਰੇ ਪਏ ਮਿਲ ਸਕਦੇ ਹਨ। ਇਸੇ ਲਈ ਮੈਂ ਪੰਜਾਬੀਆਂ ਦੀਆਂ ਮਨ-ਪਸੰਦ ਲੋਕ-ਕਹਾਣੀਆਂ, ਟੋਟਕਿਆਂ, ਲਤੀਫਿਆਂ ਕਹਾਵਤਾਂ, ਤੇ ਮੇਲਿਆਂ-ਮੁਸਾਹਬਿਆਂ ਅਖਾਣਾਂ, ਮੁਹਾਵਰਿਆਂ, ਆਦਿ ਦੀ ਸਾਂਝ ਵਾਲੀ ਕਹਾਣੀ ਛੋਹ ਕੇ ਗੱਲ ਦੀ ਗਲੌੜ ਬਣਾਉਣ ਤੋਂ ਸੰਕੋਚ ਕੀਤਾ ਹੈ। ਜੇ ਕੋਈ ਪਹਿਲਾਂ ਹੀ 'ਮੈਂ ਨਾ ਮਾਨੂੰ' ਦੀ ਕਸਮ ਖਾ ਕੇ ਨਾ ਬੈਠਾ ਹੋਵੇ ਤਾਂ ਮੁਲਕਾਂ ਤੇ ਮਜ਼ਹਬਾਂ ਦੇ ਥੱਲੇ, ਧੁਰ ਬੁਨਿਆਦੀ ਧਰਾਤਲ ਉਤੇ ਪਸਰੀ ਪੰਜਾਬੀ ਸਭਿਆਚਾਰਕ ਤੇ ਭਾਈਚਾਰਕ ਸਾਂਝ ਲੁਕਾਇਆਂ ਵੀ ਨਹੀਂ ਲੁਕਦੀ।

ਰਹੀ, ਮਜ਼ਹਬੀ ਤੇ ਸਿਆਸੀ ਆਗੂਆਂ ਦੀ ਫਰਕ-ਪਾਊ ਭੂਮਿਕਾ ਦੀ ਗੱਲ। ਇਸ ਬਾਰੇ ਮੇਰਾ ਜਵਾਬ ਇਕੋ ਹੈ ਕਿ ਸਭਿਆਚਾਰਕ ਸਾਂਝ ਵਾਲੀ ਧਿਰ ਜਿੰਨੀ ਦ੍ਰਿੜ੍ਹ ਤੇ ਤਗੜੀ ਹੋਵੇਗੀ, ਓਨੀਆਂ ਹੀ ਦੁਫੇੜੀ ਧਿਰਾਂ ਲਿੱਸੀਆਂ ਹੁੰਦੀਆਂ ਜਾਣਗੀਆਂ। ਮਜ਼ਹਬ ਨੂੰ ਕੌਮਾਂਤਰੀ ਪੱਧਰ ਉੱਤੇ ਵਰਤਣ ਲਈ ਬੇਹਦ ਚੌਕਸੀ ਵਰਤਣ ਦੀ ਲੋੜ ਹੈ।

...ਪੰਜਾਬ, ਪੰਜਾਬੀ ਤੇ ਪੰਜਾਬੀਅਤ ਬਾਰੇ ਵਿਸ਼ਵ ਪੰਜਾਬੀ ਕਾਨਫਰੰਸ ਨੂੰ ਆਪ ਸਪਸ਼ਟ ਹੋਣ ਤੇ ਦੂਜਿਆਂ ਨੂੰ ਸਪਸ਼ਟ ਕਰਨ ਲਈ ਮੈਂ ਇਹ ਮੌਕਾ ਕਿਉਂ ਚੁਣਿਆ ਹੈ, ਆਸ ਹੈ, ਮੇਰੇ ਕਥਨਾਂ ਦੇ ਚਾਨਣ ਵਿਚ, ਮੈਨੂੰ ਇਸ ਸਵਾਲ ਦਾ ਜਵਾਬ ਦੇਣ ਦੀ ਲੋੜ ਨਹੀਂ ਪਵੇਗੀ।

ਮੈਨੂੰ ਇਹ ਤਾਂ ਪਤਾ ਨਹੀਂ ਕਿ ਪੰਜਾਬ, ਪੰਜਾਬੀ ਤੇ ਪੰਜਾਬੀਅਤ ਬਾਰੇ ਮੈਂ 'ਵਿਸ਼ਵ ਪੰਜਾਬੀ ਕਾਨਫਰੰਸ' ਨੂੰ ਆਪਣਾ ਹਮ-ਖ਼ਿਆਲ ਬਣਾਉਣ ਵਿਚ ਸਫਲ ਹੋ ਸਕਿਆ ਹਾਂ ਕਿ ਨਹੀਂ, ਪਰ ਫ਼ਰਜ਼ ਕਰੋ ਇਹ ਕਾਨਫਰੰਸ ਮੇਰੇ ਵਿਚਾਰਾਂ ਦੀ ਪ੍ਰੋੜ੍ਹਤਾ ਕਰ ਹੀ ਦੇਵੇ ਤਾਂ ਅਸੀਂ ਇਸ ਤੋਂ ਕਿਸ ਤਰ੍ਹਾਂ ਦੇ ਨਤੀਜਿਆਂ ਦੀ ਆਸ ਲਾਈ ਬੈਠੇ ਹਾਂ? ਸ਼ਾਇਦ, ਕੁਝ ਪੱਧਰਾਂ ਉਤੇ ਪੰਜਾਬੀਆਂ ਦਾ ਆਪੋ-ਵਿਚੀ ਨੇੜ ਜਾਂ ਮੇਲ-ਜੋਲ ਵਧ ਜਾਵੇਗਾ; ਸ਼ਾਇਦ, ਇਕ ਦੂਜੇ ਦੇ ਵਿਚਕਾਰ ਪਏ ਪਾਟਕ ਕੁਝ ਘਟ ਜਾਣਗੇ ਤੇ ਜਿਹੜੀ ਕੁਦਰਤੀ ਸਾਂਝ ਬਣਨੀ ਚਾਹੀਦੀ ਸੀ, ਉਸ ਵੱਲ ਦਾ ਰਸਤਾ ਵਧੇਰੇ ਪੱਧਰਾ ਹੋ ਜਾਏਗਾ। ਮੈਂ ਭੁੱਲਿਆ ਹੋਇਆ ਨਹੀਂ ਕਿ ਇਹੋ ਜਿਹੀਆਂ ਸਭਿਆਚਾਰਕ ਸਾਂਝਾਂ ਲਈ ਤਅੱਸੁਬੀ ਸਮਾਜ ਵਿਚ ਸਾਕਾਰ ਹੋ ਕੇ ਸਾਹਮਣੇ ਆਉਣਾ ਸੌਖਾ ਨਹੀਂ ਹੁੰਦਾ ਪਰ ਕੌਣ ਹੈ ਜੋ ਇਸ ਵਿੱਥਾਂ ਤੇ ਵਿਰੋਧਾਂ, ਸਾੜਿਆਂ ਤੇ ਸੰਕੀਰਣਤਾਵਾਂ, ਅਰਮਾਨਾਂ ਤੇ ਹੇਰਵਿਆਂ ਨਾਲ ਭਰੀ ਹੋਈ ਦੁਨੀਆਂ ਵਿਚ ਕਿਸੇ 'ਬੇਗਮਪੁਰੇ' ਦਾ ਖ਼ਾਕਾ ਆਪਣੇ ਮਨ ਵਿਚ ਨਹੀਂ ਉਲੀਕਦਾ? ਮੇਰਾ ਵੀ ਇਕ ਸੁਫ਼ਨਾ ਹੈ ਕਿ ਪੰਜਾਬੀ ਲੋਕ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਆਧਾਰ ਉੱਤੇ ਇਕਮੁੱਠ ਹੋਣਗੇ ਅਤੇ ਮੈਨੂੰ ਇਹ ਵੀ ਲਗਦਾ ਹੈ ਕਿ ਇਹ ਸੁਫ਼ਨਾ ਸਾਰੇ ਪੰਜਾਬੀਆਂ ਦਾ ਹੋਣਾ ਚਾਹੀਦਾ ਹੈ।

●○●○●


ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ਼੍ਰੀਦਣਾ ਹੋਵੇ ਹਮੇਸ਼ਾਂ ਸਾਡੇ ਸਟੋਰ ਤੇ ਦਰਸ਼ਨ ਦਿਉ। ਅਸੀਂ ਤੁਹਾਨੂੰ ਚੰਗੀ ਡੀਲ ਦਾ ਭਰੋਸਾ ਦਿਵਾਉਂਦੇ ਹਾਂ।

* ਜੇ ਕਰ ਪੁਰਾਣਾ ਫਰਨੀਚਰ ਟ੍ਰੇਡ ਕਰਨਾ ਹੋਵੇ ਤਾਂ ਵੀ ਸਾਡੀਆਂ ਸੇਵਾਵਾਂ ਪ੍ਰਾਪਤ ਕਰੋ।

ਟੌਪ ਕੁਆਲਟੀ ਅਤੇ ਵਾਜਬ ਕੀਮਤਾਂ

*ਲਿਵਿੰਗ ਰੂਮ *ਡਾਇਨਿੰਗ ਰੂਮ * ਬੈਡ ਰੂਮ ਗੱਲ ਕੀ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼੍ਰੀਦੋ।

***New *Usaed * Trad-Ins** **Lowest Prices Guaranteed in B.C.**

ਫਰਨੀਚਰ ਦੀ ਦੁਨੀਆਂ 'ਚ 42 ਸਾਲ ਪੁਰਾਣਾ ਸਟੋਰ।

VISA **Royal Furniture Ltd.** MasterCard

**2607 Main St. (at 10 th. ave.), Vancouver, B.C.** **Tel. 874-9525**

**visa and master card accepted**

**LOWEST PRICES GURANTEED IN B.C.**

# ਯਾਦਾਂ ਦੇ ਪਰਛਾਵੇਂ – ਮੁਹੰਮਦ ਰਫ਼ੀ

## ਹਰਜਾਪ ਸਿੰਘ

ਕੁੰਦਨ ਲਾਲ ਸਹਿਗਲ, ਜੀ. ਐਮ. ਦੁਰਾਨੀ ਅਤੇ ਸੁਰਿੰਦਰ ਨਾਥ ਪੰਜਾਬੀ ਗਾਇਕ ਸਨ ਪਰ ਉਹਨਾਂ ਪੰਜਾਬੀ ਗੀਤ ਬਹੁਤ ਘੱਟ ਗਾਏ। ਕੁੰਦਨ ਲਾਲ ਸਹਿਗਲ ਦੇ ਗਾਏ ਹੋਏ ਦੋ ਹੀ ਪੰਜਾਬੀ ਗੀਤ ਮਸ਼ਹੂਰ ਹੋਏ ਹਨ। ਜੀ ਐਮ ਦੁਰਾਨੀ ਦੇ ਗਾਏ ਹੋਏ ਵੀ ਬੜੇ ਹੀ ਘੱਟ ਪਜੰਾਬੀ ਗੀਤ ਮਸ਼ਹੂਰ ਹੋਏ। ਸੁਰਿੰਦਰ ਨਾਥ ਨੇ ਪੰਜਾਬੀ ਹੁੰਦੇ ਹੋਏ ਵੀ ਪੰਜਾਬੀ ਗੀਤ ਨਹੀਂ ਗਾਏ। ਇਸਦੇ ਉਲਟ ਮੁਹੰਮਦ ਰਫ਼ੀ ਨੇ ਪੰਜਾਬੀ ਬੋਲੀ ਨੂੰ ਅਲਮੀ ਸਤਹ ਤੱਕ ਲੋਕ ਪ੍ਰੀਅ ਕਰ ਦਿੱਤਾ। ਰਫ਼ੀ ਦਿਲੋਂ ਪੰਜਾਬੀ ਸੀ ਤੇ ਪੰਜਾਬੀ ਬੋਲੀ ਤੇ ਉਸ ਨੂੰ ਫ਼ਖ਼ਰ ਸੀ।

ਮੁਹੰਮਦ ਰਫ਼ੀ ਦਾ ਜਨਮ 1924 ਵਿਚ ਸੁਲਤਾਨ ਵਿੰਡ, ਅਮ੍ਰਿਤਸਰ ਵਿਚ ਹੋਇਆ। ਬਚਪਨ ਤੋਂ ਹੀ ਉਨ੍ਹਾਂ ਨੂੰ ਗਾਉਣ ਦਾ ਸ਼ੌਕ ਸੀ ਅਤੇ ਉਹਨਾਂ ਦੀ ਆਵਾਜ਼ ਤਿੱਖੀ ਸੀ। ਚੰਗੇ ਉਸਤਾਦ ਗਵਈਆਂ ਨੂੰ ਸੁਣਨ ਦਾ ਅਤੇ ਉਨ੍ਹਾਂ ਤੋਂ ਵਿਦਿਆ ਗ੍ਰਹਿਣ ਕਰਨ ਦਾ ਸ਼ੌਕ ਮੁਹੰਮਦ ਰਫ਼ੀ ਨੂੰ ਦੀਵਾਨਾ ਬਣਾ ਦੇਂਦਾ ਸੀ। ਸ਼ੁਰੂ ਸ਼ੁਰੂ ਵਿਚ ਉਹ ਵਾਰਿਸਸ਼ਾਹ ਦੀ ਹੀਰ ਗੁਣਗੁਣਾਉਂਦੇ ਰਹਿੰਦੇ ਸਨ। ਮਿਰਜ਼ਾ, ਸੱਸੀ ਪੁੰਨੂੰ, ਬਾਲੋ ਮਾਹੀਆ, ਸੋਹਣੀ ਮਹੀਵਾਲ ਆਦਿ ਲੋਕ ਗਾਥਾਵਾਂ ਉਹ ਸੁਣਦੇ ਅਤੇ ਗਾਉਂਦੇ ਰਹਿੰਦੇ ਸਨ।

ਤਕਰੀਬਨ 1943 ਵਿਚ ਮੁਹੰਮਦ ਰਫ਼ੀ ਰੇਡੀਓ ਆਰਟਿਸਟ ਬਣੇ। ਜੀਵਨ ਲਾਲਾ ਮੱਟੂ, ਜੋ ਉਨ੍ਹਾਂ ਦਿਨਾਂ ਵਿਚ ਲਾਹੌਰ ਰੇਡੀਓ ਸਟੇਸ਼ਨ ਦੇ ਸੰਗੀਤ ਦੇ ਸ਼ੋਬੇ ਨਾਲ ਸੰਬੰਧਤ ਸਨ, ਨੂੰ ਰਫ਼ੀ ਦੀ ਆਵਾਜ਼ ਬਹੁਤ ਪਸੰਦ ਸੀ। ਮੁਹੰਮਦ ਰਫ਼ੀ ਵੀ ਉਨ੍ਹਾਂ ਦੇ ਪੱਕੇ ਚੇਲੇ ਬਣ ਗਏ। ਮੱਟੂ ਜੀ ਨੇ ਮਹੁੰਮਦ ਰਫ਼ੀ ਨੂੰ ਮਸ਼ਵਰਾ ਦਿੱਤਾ ਕਿ ਉਹ ਕਿਸੇ ਨਾਮੀ ਕਲਾਸੀਕਲ ਸੰਗੀਤ ਦੇ ਉਸਤਾਦ ਕੋਲੋਂ ਬਾਕਾਇਦਗੀ ਨਾਲ ਕਲਾਸੀਕਲ ਸੰਗੀਤ ਦਾ ਗਿਆਨ ਪ੍ਰਾਪਤ ਕਰਨ। ਉਨ੍ਹਾਂ ਦੇ ਮਸ਼ਵਰੇ ਅਨੁਸਾਰ ਹੀ ਰਫ਼ੀ ਨੇ ਕਲਾਸੀਕਲ ਸੰਗੀਤ ਦਾ ਗਾਇਨ ਗੰਭੀਰਤਾ ਨਾਲ ਸਿੱਖਣਾ ਸ਼ੁਰੂ ਕਰ ਦਿੱਤਾ। ਉਹ ਬੜੇ ਗੁਲਾਮ ਅਲੀ ਖ਼ਾਂ ਸਾਹਿਬ ਦੇ ਵੀ ਬੜੇ ਭਗਤ ਸਨ। ਉਨ੍ਹਾਂ ਦੀ ਸ਼ੈਲੀ ਯਾਨੀ ਪਟਿਆਲਾ ਘਰਾਣਾ ਦੀ ਗਾਇਕੀ ਹੀ ਮੁਹੰਮਦ ਰਫ਼ੀ ਨੇ ਅਪਨਾਈ। ਲਹੌਰ ਰੇਡੀਓ ਸਟੇਸ਼ਨ ਤੋਂ ਮੁਹੰਮਦ ਰਫ਼ੀ ਨੇ ਕਈ ਵਾਰੀ ਪੰਜਾਬੀ ਲੋਕ ਗੀਤ ਗਾਏ ਜੋ ਲੋਕਾਂ ਵਿਚ ਬੜੇ ਸਰਾਹੇ ਗਏ। ਪਰ ਉਨ੍ਹਾਂ ਦਿਨਾਂ ਵਿਚ ਰੇਡੀਓ ਤੇ ਰਿਕਾਰਡਿੰਗ ਨਹੀਂ ਸੀ ਕੀਤੀ ਜਾਂਦੀ। ਇਸ ਤਰ੍ਹਾਂ ਰਫ਼ੀ ਦੇ ਗਾਏ ਪਹਿਲੇ ਪਹਿਲੇ ਗੀਤ ਸਾਂਭੇ ਨਹੀਂ ਜਾ ਸਕੇ। ਉਹ ਲਾਈਵ ਪ੍ਰੋਗਰਾਮ ਹੁਣ ਯਾਦਾਂ ਹੀ ਰਹਿ ਗਏ ਹਨ।

ਲਾਹੌਰ ਦੇ ਹੀ ਸੰਗੀਤ ਨਿਰਦੇਸ਼ਕ ਫ਼ੀਰੋਜ਼ ਨਿਜ਼ਾਮੀ ਉਨ੍ਹਾਂ ਦਿਨਾਂ ਵਿਚ ਬੜਾ ਹੀ ਸੁੰਦਰ ਸੰਗੀਤ ਤਿਆਰ ਕਰਦੇ ਸਨ। ਫ਼ੀਰੋਜ਼ ਨਿਜ਼ਾਮੀ ਕਲਾਸੀਕਲ ਸੰਗੀਤ ਨੂੰ ਇਸ ਕਦਰ ਸਰਲ ਬਣਾ ਦੇਂਦੇ ਅਤੇ ਉਸਦੀ ਜਜ਼ਬਾਤ ਵਿਚ ਭਿੱਜੀ ਹੋਈ ਤਰਜ਼ ਤਰਤੀਬ ਦੇਂਦੇ ਕਿ ਕਾਵਿ ਰਚਨਾਂ ਦੇ ਭਾਵ ਨਾਲ ਤਰਜ਼ ਦਾ ਸੁਮੇਲ ਹੋ ਜਾਂਦਾ ਸੀ। 1945 ਵਿਚ ਉਹ ਆਪਣੀ ਸੰਗੀਤਕ ਪ੍ਰਤਿਭਾ ਦਾ ਪੂਰਾ ਉਪਯੋਗ ਕਰਨ ਲਈ ਲਾਹੌਰ ਛੱਡਕੇ ਬੰਬਈ ਚਲੇ ਗਏ। ਬੰਬਈ ਵਿਚ ਉਨ੍ਹਾਂ ਨੇ ਜੁਗਨੂੰ ਫ਼ਿਲਮ ਦਾ ਸੰਗੀਤ ਦਿੱਤਾ। ਇਸ ਫ਼ਿਲਮ ਵਿਚ ਦਲੀਪ ਕੁਮਾਰ ਦੇ ਸਾਹਮਣੇ ਨੂਰਜਹਾਂ ਦਾ ਰੋਲ ਸੀ। ਨੂਰਜਹਾਂ ਆਪਣੇ ਗੀਤ ਖ਼ੁਦ ਗਾਉਂਦੀ ਸੀ ਪਰ ਦਲੀਪ ਜੀ ਵਾਸਤੇ ਪਾਰਸ਼ ਗਾਇਕ ਦੀ ਲੋੜ ਸੀ। ਫ਼ੀਰੋਜ਼ ਨਿਜ਼ਾਮੀ ਨੇ ਦਲੀਪ ਕੁਮਾਰ ਅਤੇ ਨੂਰਜਹਾਂ ਵਾਸਤੇ ਇਕ ਪੁਰਅਸਰ *ਗੀਤ ਰਚਿਆ ਬੋਲ ਸਨ:

ਯਹਾਂ ਬਦਲਾ ਵਫ਼ਾ ਕਾ ਬੇਵਫ਼ਾਈ ਕੇ ਸਿਵਾ ਕਿਆ ਹੈ
ਯੂੰਹੀ ਦੁਨੀਆਂ ਬਦਲਤੀ ਹੈ ਇਸੀ ਕਾ ਨਾਮ ਦੁਨੀਆ ਹੈ।

ਫ਼ੀਰੋਜ਼ ਨਿਜ਼ਾਮੀ ਨੇ ਰਫ਼ੀ ਨੂੰ ਸੁਣਿਆ ਸੀ ਅਤੇ ਉਹ ਰਫ਼ੀ ਤੋਂ ਮੁਤਅਸਰ ਸਨ। ਉਹਨਾਂ ਨੂੰ ਸੁੱਝੀ ਕਿ ਕਿਉਂ ਨਾ ਲਾਹੌਰੋਂ ਮੁਹੰਮਦ ਰਫ਼ੀ ਨੂੰ ਬੁਲਾ ਲਿਆ ਜਾਵੇ।

ਲਾਹੌਰੋਂ ਗੱਡੀ ਵਿਚ ਚੜ੍ਹ ਕੇ ਰਫ਼ੀ ਸਾਹਿਬ ਬੰਬਈ ਆਏ। ਪਾਠਕ ਯਕੀਨ ਨਹੀਂ ਕਰ ਸਕਣਗੇ ਕਿ ਮੁਹੰਮਦ ਰਫ਼ੀ ਕੋਲ ਬੰਬਈ ਜਾਣ ਵਾਸਤੇ ਨਾ ਤਾਂ ਕਪੜੇ ਹੀ ਸਨ ਅਤੇ ਨਾ ਹੀ ਟਿਕਟ ਜੋਗੇ ਪੈਸੇ। ਪਰ ਰਫ਼ੀ ਸਾਹਿਬ ਸੁਭਾਓ ਦੇ ਬੜੇ ਹੀ ਮਿੱਠੇ ਸਨ। ਕਿਸੇ ਨਾਲ ਵਿਗਾੜੀ ਤਾਂ ਉਨ੍ਹਾਂ ਨੇ ਕੱਦੀ ਨਹੀ ਸੀ। ਦੋਸਤਾਂ ਅਤੇ ਮਿੱਤਰਾਂ ਨੇ ਉਨ੍ਹਾਂ ਵਾਸਤੇ ਟਿਕਟ ਖਰੀਦਣ ਵਿਚ ਵੀ ਮਦਦ ਕੀਤੀ। ਦੋ ਦਿਨ ਅਤੇ ਦੋ ਰਾਤਾਂ ਦੇ ਸਫ਼ਰ ਤੋਂ ਬਾਅਦ ਰਫ਼ੀ ਸਾਹਿਬ ਬੰਬਈ ਪੁੱਜੇ। ਉਨ੍ਹਾਂ ਦੀ ਲੋਕ ਪ੍ਰੀਅਤਾ ਏਨੀ ਸੀ ਕਿ ਦਰਜਨਾਂ ਲੋਕ ਉਨ੍ਹਾਂ ਨੂੰ ਲਾਹੌਰ ਦੇ ਸਟੇਸ਼ਨ ਤੇ ਗੱਡੀ ਚੜਾਉਣ ਵਾਸਤੇ ਆਏ। ਵਤਨ ਛੱਡਦੇ ਸਮੇਂ ਰਫ਼ੀ ਏਨੇ ਉਦਾਸ ਸਨ ਜਿਵੇਂ ਸਦਾ ਵਾਸਤੇ ਹੀ ਦੇਸ ਨਿਕਾਲਾ ਲੈ ਰਹੇ ਹੋਣ। ਉਨ੍ਹਾਂ ਦਾ ਇਹ ਖ਼ਦਸ਼ਾ ਠੀਕ ਹੀ ਸਿੱਧ ਹੋਇਆ। ਉਹ ਅਜਿਹੇ ਬੰਬਈ ਗਏ ਕਿ ਮੁੜਕੇ ਲਾਹੌਰ ਪਰਤਣਾ ਨਸੀਬ ਨਾ ਹੋਇਆ। ਅਮ੍ਰਿਤਸਰ ਦੇ ਗੇੜੇ ਉਨ੍ਹਾਂ ਨੇ ਬੇਸ਼ੁਮਾਰ ਮਾਰੇ ਸਨ ਅਤੇ ਇਸ ਸ਼ਹਿਰ ਨੂੰ ਉਹ ਆਪਣੀ ਜਨਮ ਭੂਮੀ ਕਹਿ ਕੇ ਸਤਿਕਾਰਦੇ ਸਨ। ਪਰ ਲਾਹੌਰ ਜਾਣਾ ਉਨ੍ਹਾਂ ਨੂੰ ਮੁੜ ਨਸੀਬ ਨਾ ਹੋਇਆ।

ਬੰਬਈ ਆ ਕੇ ਮੁਹੰਮਦ ਰਫ਼ੀ ਆਪਣੇ ਪਹਿਲੇ ਫ਼ਿਲਮੀ ਗੀਤ ਵਾਸਤੇ ਮਸ਼ਕ ਵਿਚ ਰੁਝ ਗਏ। ਇਹ ਘਟਨਾ 1946 ਦੀ ਹੈ। ਨੂਰਜਹਾਂ ਉਦੋਂ ਮੰਝੀ ਹੋਈ ਕਲਾਕਾਰਾ ਸੀ। ਉਹ ਹਰ ਕਿਸੇ ਨੂੰ ਮਖ਼ੌਲ ਕਰਨੋਂ ਨਹੀਂ ਸੀ ਝਿਜਕਦੀ। ਮੁੰਹਮਦ ਰਫ਼ੀ ਨੂਰਜਹਾਂ ਦਾ ਬਤੌਰ ਵੱਡੀ ਭੈਣ ਸਤਿਕਾਰ ਕਰਦੇ ਸਨ। ਪਰ ਨੂਰਜਹਾਂ ਬੜੀ ਹੀ ਚੰਚਲ ਸੀ। ਟਿੱਚਰਾਂ ਕਰਨ ਲੱਗੀ ਉਹ ਕਿਸੇ ਨੂੰ ਨਹੀਂ ਸੀ ਬਖ਼ਸ਼ਦੀ। ਰਫ਼ੀ ਸਾਹਿਬ ਕੱਦ ਦੇ ਗੀਢੇ ਸਨ। ਗੱਟੂ ਜਹੇ ਰਫ਼ੀ ਨੂੰ ਵੇਖ ਕੇ ਉਹ ਖਿੜਖਿੜਾ ਕੇ ਹੱਸ ਪੈਂਦੀ। ਉਹਦੇ ਨਾਲ ਰੀਹਰਸਲ ਕਰਨੀ ਵੀ ਖ਼ਾਲਾ ਜੀ ਦਾ ਵਾੜਾ ਨਹੀਂ ਸੀ। ਖ਼ੈਰ ਮਹੀਨੇ ਭਰ ਦੀ ਰੀਹਰਸਲ ਤੋਂ ਬਾਅਦ 'ਯਹਾਂ ਬਦਲਾ ਵਫ਼ਾ ਦਾ' ਰਿਕਾਰਡ ਕਰ ਲਿਆ ਗਿਆ। ਰਿਕਾਰਡਿੰਗ ਸਮੇਂ ਰਫ਼ੀ ਦੀਆਂ ਲੱਤਾਂ ਕੰਬ ਰਹੀਆਂ ਸਨ। ਪਰ ਜਦੋਂ ਰਿਕਾਰਡਿੰਗ ਵਾਰ ਵਾਰ ਸੁਣੀ ਗਈ ਤਾਂ ਪਤਾ ਲੱਗਾ ਕਿ ਰਫ਼ੀ ਸਾਹਿਬ ਤਾਂ ਨੂਰਜਹਾਂ ਤੋਂ ਵੀ ਵਧੀਆ ਗਾ ਗਏ ਸਨ। ਬਸ ਇਹ ਜੁਗਲ ਗਾਨ ਰਫ਼ੀ ਦੇ ਫ਼ਿਲਮੀ ਜੀਵਨ ਦਾ ਆਗ਼ਾਜ਼ ਸੀ।

ਪਹਿਲੇ ਪਹਿਲੇ ਰਫ਼ੀ ਦੀ ਆਵਾਜ਼ ਨੂੰ ਪੰਜਾਬੀ ਸੰਗੀਤ ਨਿਰਦੇਸ਼ਕਾਂ ਨੇ ਹੀ ਲਿਆ। ਅਜੇ ਰਫ਼ੀ ਸਾਹਿਬ ਨੂੰ ਉਰਦੂ ਅਤੇ ਹਿੰਦੀ ਵਾਸਤੇ ਤਲੱਫ਼ਜ਼ ਸੁਧਾਰਨ ਦੀ ਬੜੀ ਲੋੜ ਸੀ। ਇਸ ਸੇਧ ਵਾਸਤੇ ਰਫ਼ੀ ਨੂੰ ਨੌਸ਼ਾਦ ਅਤੇ ਗੁਲਾਮ ਮੁਹੰਮਦ ਨੇ ਬੜੀ ਮਦਦ ਦਿੱਤੀ।

1948 ਦਾ ਸਾਲ ਮੁਹਮੰਦ ਰਫ਼ੀ ਵਾਸਤੇ ਬੜਾ ਅਹਿਮ ਸਾਲ ਸੀ। ਉਸ ਸਾਲ ਹਰ ਸੰਗੀਤ ਨਿਰਦੇਸ਼ਕ ਨੇ ਉਨ੍ਹਾਂ ਦੀ ਅਵਾਜ਼ ਨੂੰ ਇਸਤੇਮਾਲ ਕੀਤਾ। ਪੰਜਾਬੀ ਦੀ ਫ਼ਿਲਮ 'ਮੰਗਤੀ' ਦੀ ਬੇਪਨਾਹ ਕਾਮਯਾਬੀ ਤੋਂ ਬਾਅਦ ਬਟਵਾਰੇ ਸਮੇਂ ਸੰਗੀਤ ਨਿਰਦੇਸ਼ਨ ਪੰਡਿਤ ਗੋਬਿੰਦਰਾਮ ਬੰਬਈ ਆ ਗਏ। ਪੰਡਿਤ ਜੀ ਨੂੰ 'ਘਰ ਕੀ ਇੱਜ਼ਤ' ਫ਼ਿਲਮ ਦਾ ਸੰਗੀਤ ਨਿਰਦੇਸ਼ਨ ਕਰਨ ਦਾ ਠੇਕਾ ਮਿਲਿਆ। ਉਸ ਫ਼ਿਲਮ ਦਾ ਇਕ ਗੀਤ ਉਨ੍ਹਾਂ ਨੇ ਰਫ਼ੀ ਸਾਹਿਬ ਤੋਂ ਗਵਾਇਆ। ਬੋਲ ਹੇਠ ਲਿਖੇ ਅਨੁਸਾਰ ਹਨ:

ਵਾਹ ਰੇ ਜ਼ਮਾਨੇ ਕਿਆ ਰੰਗ ਦਿਖਾਏ
ਪਲ ਮੇਂ ਹੰਸਾਏ ਪਲਮੇਂ ਰੁਲਾਏ

ਮੁਕੇਸ਼ ਨੇ ਰਫ਼ੀ ਤੋਂ ਕੁੱਝ ਸਮਾਂ ਪਹਿਲਾਂ ਗਾਉਣਾ ਸ਼ੁਰੂ ਕੀਤਾ ਸੀ। ਉਹ ਕੇ. ਐਲ. ਸਹਿਗਲ ਦੀ ਆਵਾਜ਼ ਤੋਂ ਬਹੁਤ ਪ੍ਰਭਾਵਿਤ ਸਨ। 1948 ਵਿਚ ਮੁਕੇਸ਼ ਤੋਂ ਬਿਨਾਂ ਫਿਲਮ ਮੰਚ ਤੇ ਲਖਨਊ ਦੇ ਤਲਤ ਮਹਿਮੂਦ ਭੀ ਆਣ ਟਪਕੇ ਸਨ। ਤਲਤ ਦੀ ਆਵਾਜ਼ ਬੜੀ ਹੀ ਨਾਜ਼ੁਕ ਸੀ, ਉਹਨਾਂ ਦਾ ਉਰਦੂ ਦਾ ਤਲੱਫਜ਼ ਖ਼ਾਲਿਸ ਸੀ ਅਤੇ ਉਹਨਾਂ ਦੀ ਬੋਲਾਂ ਦੀ ਅਦਾਇਗੀ ਲਾਜ਼ਵਾਬ ਸੀ। ਚੰਗੇ ਸੰਗੀਤ ਨਿਰਦੇਸ਼ਕ ਜਦੋਂ ਵੀ ਕੋਈ ਸੰਜ਼ੀਦਾ ਰੋਮਾਂਟਿਕ ਗੀਤ ਰਿਕਾਰਡ ਕਰਵਾਉਂਦੇ ਸਨ ਤਾਂ ਉਹ ਤਲਤ ਮਹਿਮੂਦ ਦੀ ਹੀ ਫਰਮਾਇਸ਼ ਕਰਦੇ ਸਨ। ਰਫ਼ੀ ਦੇ ਤਲੱਫਜ਼ ਵਿਚ ਅਜੇ ਪੰਜਾਬੀ ਪਰਭਾਵ ਬਹੁਤ ਸੀ ਜੋ ਉਰਦੂ ਦੇ ਆਸ਼ਿਕ ਪਸੰਦ ਨਹੀਂ ਸਨ ਕਰਦੇ। ਪਰ ਨੌਸ਼ਾਦ, ਸੱਜਾਦ, ਗੁਲਾਮ ਮੁਹੰਮਦ, ਮੁਹੰਮਦ ਸ਼ਫ਼ੀ, ਹਫੀਜ਼ ਖਾਂ ਅਤੇ ਐਸ ਸੁਰਿੰਦਰ ਨੇ ਰਫ਼ੀ ਦਾ ਉਰਦੂ ਦਾ ਲਹਿਜਾ ਬੜਾ ਹੀ ਸੁਧਾਰ ਦਿੱਤਾ। ਰਫ਼ੀ ਵਿਚ ਇਕ ਵਾਧਾ ਸੀ ਜੋ ਤਲਤ ਵਿਚ ਨਹੀਂ ਸੀ। ਰਫ਼ੀ ਦੀ ਕਲਾਸੀਕਲ ਸੰਗੀਤ ਵਿਚ ਤਰਬੀਅਤ ਬਹੁਤ ਪੁਖ਼ਤਾ ਸੀ ਅਤੇ ਰਾਗਾਂ ਦੇ ਵਿਆਕਰਣ ਨੂੰ ਖ਼ੂਬ ਸਮਝਦੇ ਸਨ। ਉਹਨਾਂ ਦੀ ਆਵਾਜ਼ ਦਾ ਘੇਰਾ ਏਨਾ ਵਸੀਹ ਸੀ ਕਿ ਉੱਚੀਆਂ ਤੋਂ ਉੱਚੀਆਂ ਤੋਂ ਲੈਕੇ ਨੀਵੀਆਂ ਤੋਂ ਨੀਵੀਆਂ ਤੋਂ ਨੀਵੀਆਂ ਸੁਰਾਂ ਤੇ ਉਹ ਆਸਾਨੀ ਨਾਲ ਗਾ ਲੈਂਦੇ ਸਨ। ਤਲਤ ਮੱਧਮ ਸੁਰਾਂ ਦਾ ਬਾਦਸ਼ਾਹ ਹੈ।

ਰਫ਼ੀ ਦੀ ਆਵਾਜ਼ ਦਾ ਘੇਰਾ ਵਧੇਰੇ ਹੋਣ ਕਰਕੇ ਲਤਾ ਦੇ ਸਾਹਮਣੇ ਰਫ਼ੀ ਸਾਹਿਬ ਹੀ ਪੂਰੀ ਤਰ੍ਹਾਂ ਖੁੱਲ੍ਹ ਕੇ ਗਾ ਸਕਦੇ ਸਨ। ਹੋਰ ਸਾਰੇ ਹੀ ਮਰਦ ਗਾਇਕ ਲਤਾ ਦੇ ਸਾਹਮਣੇ ਫਿੱਕੇ ਪੈ ਜਾਂਦੇ ਸਨ। ਰਫ਼ੀ ਸਾਹਿਬ ਉਹਨਾਂ ਬੁਲੰਦੀਆਂ ਤੇ ਪਹੁੰਚਦੇ ਸਨ ਜਿਹਨਾਂ ਤੱਕ ਲਤਾ ਅਤੇ ਆਸ਼ਾ ਭੌਸਲੇ ਗਾਉਂਦੀਆਂ ਸਨ। ਰਫ਼ੀ ਸਾਹਿਬ ਦੇ ਗੁਜ਼ਰ ਜਾਣ ਤੋਂ ਬਾਅਦ ਆਸ਼ਾ ਭੌਸਲੇ ਨੇ ਇੰਝ ਫਰਮਾਇਆ, "ਜਦੋਂ ਰਫ਼ੀ ਸਾਹਿਬ ਗੁਜ਼ਰੇ, ਅਸੀ ਅਨੁਭਵ ਨਹੀਂ ਕਰ ਸਕੇ ਕਿ ਅਸਾਂ ਕੀ ਗਵਾ ਲਿਆ ਹੈ, ਪਰ ਹੁਣ ਜਦੋਂ ਅਸੀ ਮਰਦ ਗਾਇਕਾਂ ਵਿਚ ਪ੍ਰਤਿਭਾ ਦਾ ਅਭਾਵ ਵੇਖਦੇ ਹਾਂ ਸਮਝ ਪੈਂਦੀ ਹੈ ਕਿ ਅਸੀ ਕੀ ਗਵਾ ਲਿਆ ਹੈ।" ਇਸਤੋਂ ਵੱਡਾ ਖ਼ਿਰਾਜ-ਏ-ਅਕੀਦਤ ਇਕ ਗਾਇਕ ਦੂਜੇ ਗਾਇਕ ਨੂੰ ਕੀ ਪੇਸ਼ ਕਰ ਸਕਦਾ ਹੈ।

ਪੰਜਾਬੀ ਫਿਲਮਾਂ ਦੇ ਮੁਹਰਲੀ ਪੰਗਤੀ ਦੇ ਸੰਗੀਤ ਨਿਰਦੇਸ਼ਕ ਮਾਸਟਰ ਹੰਸ ਰਾਜ ਬਹਿਲ ਨੇ 1948 ਤੋਂ ਹੀ ਮੁਹੰਮਦ ਰਫ਼ੀ ਨੂੰ ਪੰਜਾਬੀ ਫਿਲਮਾਂ ਵਾਸਤੇ ਬਤੌਰ ਪਾਰਸ਼ ਗਾਇਕ ਇਸਤੇਮਾਲ ਕੀਤਾ ਹੈ। ਪੰਜਾਬੀ ਫਿਲਮਾਂ ਵਾਸਤੇ ਮੁਹੰਮਦ ਰਫ਼ੀ ਨੇ ਸੈਂਕੜੇ ਹੀ ਗੀਤ ਗਾਏ ਹਨ। ਏਨੇ ਪੰਜਾਬੀ ਗੀਤ ਕਿਸੇ ਪਾਕਿਸਤਾਨੀ ਫਨਕਾਰ ਨੇ ਵੀ ਨਹੀਂ ਗਾਏ।

ਮਾਸਟਰ ਹੰਸ ਰਾਜ ਬਹਿਲ ਨੇ ਪੰਜਾਬੀ ਦੀ ਕਲਾਸਿਕ ਫਿਲਮ "ਲੱਛੀ" ਵਾਸਤੇ ਮੁਹੰਮਦ ਰਫ਼ੀ ਤੋਂ ਇਕ ਬੜਾ ਹੀ ਪੁਰਅਸਰ ਗੀਤ ਗਵਾਇਆ ਸੀ, ਜਿਸਦੇ ਬੋਲ ਸਨ:

ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ  
ਹੱਸਦਿਆਂ ਰਾਤ ਲੰਘੇ ਪਤਾ ਨਹੀਂ ਸਵੇਰ ਦਾ।

ਇਹ ਗੀਤ ਆਪਣੇ ਸਮੇਂ ਬੱਚੇ ਬੱਚੇ ਦੀ ਜ਼ਬਾਨ ਤੇ ਸੀ। ਪੜੋਸੀ ਦੇਸ ਪਾਕਿਸਤਾਨ ਵਿਚ ਵੀ ਇਸ ਗੀਤ ਨੇ ਧੁੰਮਾਂ ਪਾ ਦਿੱਤੀਆਂ ਸਨ। ...

ਸੰਗੀਤ ਨਿਰਦੇਸ਼ਕ ਸਰਦੂਲ ਸਿੰਘ ਕਵਾਤੜਾ ਆਖਦੇ ਹਨ ਕਿ ਉਹਨਾਂ ਦੀ ਪਹਿਲੀ ਫਿਲਮ "ਪੋਸਤੀ" ਵਾਸਤੇ ਮੁਹੰਮਦ ਰਫ਼ੀ ਦੀ ਆਵਾਜ਼ ਅਤਿਅੰਤ ਪਰਭਾਵਸ਼ਾਲੀ ਸਿੱਧ ਹੋਈ। "ਪੋਸਤੀ" ਦਾ ਸੰਗੀਤ 1949 ਵਿਚ ਰਿਕਾਰਡ ਕਰਨਾ ਸ਼ੁਰੂ ਕੀਤਾ ਗਿਆ। ਫਿਲਮ 1950 ਵਿਚ ਰੀਲੀਜ਼ ਹੋਈ ਸੀ। ਇਸ ਫਿਲਮ ਦਾ ਇਕ ਮਜ਼ਾਹਿਆ ਗੀਤ ਸਰਦੂਲ ਨੂੰ ਬੜਾ ਪਸੰਦ ਹੈ, ਬੋਲ ਹਨ:

ਤੂੰ ਪੀਂਘ ਤੇ ਮੈਂ ਪਰਛਾਵਾਂ  
ਤੇਰੇ ਨਾਲ ਹੁਲਾਰੇ ਖਾਵਾਂ  
ਲਾ ਲੈ ਦੋਸਤੀ।  
ਤੇਰੇ ਨਾਲ ਕਿਉਂ ਨੈਨ ਮਿਲਾਵਾਂ  
ਪਿੱਛੋਂ ਰੋ ਰੋ ਕੇ ਪਛਤਾਵਾਂ  
ਭੈੜਾ ਪੋਸਤੀ।

ਗੀਤ ਦੇ ਬੋਲ ਮਨੋਹਰ ਸਿੰਘ ਸਹਿਰਾਈ ਨੇ ਲਿਖੇ ਹਨ। ਇਹ ਗੀਤ "ਪੋਸਤੀ" ਫਿਲਮ ਦਾ ਥੀਮ ਗੀਤ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਦਾ ਇਕ ਹੋਰ ਗੀਤ ਵੀ ਬੜਾ ਪਸੰਦ ਕੀਤਾ ਗਿਆ, ਬੋਲ ਸਨ, "ਗੋਰੀਏ ਗੰਨੇ ਦੀਏ ਪੋਰੀਏ ਨੀ"।

ਇਨ੍ਹਾਂ ਦੋਹਾਂ ਹੀ ਗੀਤਾਂ ਦੀ ਸ਼ਾਇਰੀ ਕੋਈ ਵਜ਼ਨੀ ਨਹੀਂ ਹੈ ਪਰ ਮੁਹੰਮਦ ਰਫ਼ੀ ਦੀ ਆਵਾਜ ਦੇ ਪਰਾਂ ਤੇ ਇਹ ਗੀਤ ਉੱਡਦੇ ਰਹੇ ਹਨ। ਚੰਗੇ ਗਾਉਣ ਵਾਲੇ ਦੀ ਇਹੋ ਹੀ ਖਾਸੀਅਤ ਹੁੰਦੀ ਹੈ। ਰਫ਼ੀ ਸਾਹਿਬ ਨੇ ਤਾਨਪੂਰਾ ਸੁਰ ਕਰਕੇ ਘੰਟਿਆਂ ਬੱਧੀ ਰਿਆਜ਼ ਕਰਨਾਂ ਸ਼ੁਰੂ ਕਰ ਦਿੱਤਾ ਸੀ। ਤੜਕੇ ਚਾਰ ਵਜੇ ਉਠਕੇ ਰਫ਼ੀ ਸਾਹਿਬ ਰਾਗ ਅਲਾਪਦੇ ਸਨ। ਇਸ ਨਾਲ ਉਨ੍ਹਾਂ ਦੀ ਆਵਾਜ਼ ਵਿਚ ਨਿਖਾਰ ਆ ਗਿਆ ਜੋ ਗਾਇਕੀ ਵਿਚ ਉਨ੍ਹਾਂ ਦੇ ਬਹੁਤ ਕੰਮ ਆਇਆ।

ਸਰਦੂਲ ਕਵਾਤੜਾ ਨੇ ਹੀ ਇਕ ਉਰਦੂ ਫਿਲਮ 'ਮਿਰਜ਼ਾ ਸਾਹਿਬਾਂ' 1953 ਵਿਚ ਬਣਾਈ। ਇਸ ਫਿਲਮ ਦੇ ਗੀਤ ਕੁਦਰਤੀ ਤੌਰ ਤੇ ਉਰਦੂ ਵਿਚ ਹੀ ਸਨ ਪਰ ਫਿਲਮ ਦਾ ਟਾਈਟਲ ਗੀਤ ਪੰਜਾਬੀ ਵਿਚ ਸੀ, ਬੋਲ ਸਨ:

ਨਹੀਂ ਰੀਸ ਪੰਜਾਬ ਦੀ  
ਪਈ ਕਹਿੰਦੀ ਏ ਲਹਿਰ ਚਨਾਬ ਦੀ  
ਨਾਲ ਮੋਤੀਆ ਜੜੀ  
ਇਹ ਧਰਤੀ ਸੱਜਰੀ ਅਤੇ ਗੁਲਾਬ ਦੀ  
ਨਹੀਂ ਰੀਸ ਪੰਜਾਬ ਦੀ।

ਇਸ ਗੀਤ ਨੂੰ ਸਵਰ ਮੁਹੰਮਦ ਰਫ਼ੀ ਨੇ ਹੀ ਦਿੱਤੇ ਸਨ। ਗੀਤ ਬੜਾ ਹੀ ਹਰਮਨ ਪਿਆਰਾ ਰਿਹਾ।

ਬੰਬਈ ਵਿਚ ਪਰਵੇਸ਼ ਕਰਦਿਆਂ ਹੀ ਪੰਡਿਤ ਹੁਸਨ ਲਾਲ ਅਤੇ ਪੰਡਤ ਭਗਤਰਾਮ ਦੀ ਜੋੜੀ ਅਗਰੀਮ ਪੰਗਤੀ ਦੇ ਸੰਗੀਤ ਨਿਰਦੇਸ਼ਕਾਂ ਵਿਚ ਜਾਣੀ ਜਾਣ ਲੱਗੀ। ਦੋ ਭਰਾਵਾਂ ਦੀ ਇਹ ਜੋੜੀ ਸਹੀ ਅਰਥਾਂ ਵਿਚ ਪੰਜਾਬੀ ਸੰਗੀਤ ਦੀ ਆਲੰਬਰਦਾਰ ਸੀ। ਪਰ ਮੰਦੇ ਭਾਗਾਂ ਦੀ ਗੱਲ ਇਹ ਹੈ ਕਿ ਇਸ ਜੋੜੀ ਨੇ ਕੇਵਲ ਇਕ ਦੋ ਹੀ ਪੰਜਾਬੀ ਫਿਲਮਾਂ ਵਿਚ ਸੰਗੀਤ ਦਿੱਤਾ। ਕਾਰਨ ਸਾਫ਼ ਹੈ, ਭਾਰਤੀ ਪੰਜਾਬ ਸੰਯੁਕਤ ਪੰਜਾਬ ਨਾਲੋਂ ਅੱਧੇ ਤੇ ਵੀ ਛੋਟਾ ਸੀ। ਪੰਜਾਬ ਦੀ ਕੁਲ ਵਸੋਂ ਭਾਰਤ ਦੀ ਆਬਾਦੀ ਦਾ 3 ਫੀਸਦੀ ਸੀ। ਮੁਕਾਬਲੇ ਵਿਚ ਹਿੰਦੀ ਫਿਲਮਾਂ ਸਾਰੀ ਹੀ ਭਾਰਤ ਵਿਚ ਵੇਖੀਆਂ ਜਾਂਦੀਆਂ ਸਨ। ਪਰ ਹੁਸਨ ਲਾਲ ਭਗਤ ਰਾਮ ਦਵਾਰਾ ਰਚਿਤ ਹਿੰਦੀ ਫਿਲਮਾਂ ਦੀਆਂ ਧੁਨਾਂ ਵੀ ਪੰਜਾਬੀ ਸੰਗੀਤ ਵਿਚ ਰੰਗੀਆਂ ਪਈਆਂ ਸਨ। ਪੰਜਾਬ ਦੇ ਲੋਕ ਸੰਗੀਤ ਨੂੰ ਸਰਬ ਹਿੰਦ ਮੰਚ ਤੇ ਹੁਸਨ ਨਾਲ ਨੇ ਹੀ ਲਿਆਂਦਾ।

ਹੁਸਨ ਲਾਲ ਭਗਤ ਰਾਮ ਦੇ ਸੰਗੀਤ ਵਿਚ ਮਹਾਤਮਾ ਗਾਂਧੀ ਦੀ ਯਾਦ ਵਿਚ ਰਫ਼ੀ ਦਾ ਗਾਇਆ ਇਕ ਗੀਤ 'ਸੁਨੋ ਸੁਨੋ ਐ ਦੁਨੀਆਂ ਵਾਲੋ, ਬਾਪੂ ਕੀ ਯੇਹ ਅਮਰ ਕਹਾਨੀ' ਅਜੇ ਤਾਈਂ ਸਦਾ ਬਹਾਰ ਗੀਤ ਹੈ। ਫਿਲਮ ਪਿਆਰ ਕੀ ਜੀਤ ਵਾਸਤੇ ਮੁਹੰਮਦ ਰਫ਼ੀ ਦਵਾਰਾ ਗਾਇਆ ਹੁਸਨ ਲਾਲ ਭਗਤ ਰਾਮ ਦਾ ਸੰਗੀਤ ਬੱਧ ਕੀਤਾ ਗੀਤ 'ਇਸ ਦਿਲਕੇ ਟੁਕੜੇ ਹਜ਼ਾਰ ਹੁਏ, ਕੋਈ ਯਹਾਂ ਗਿਰਾ ਕੋਈ ਵਹਾਂ ਗਿਰਾ' ਰਫ਼ੀ ਦੇ ਹਮੇਸ਼ਾਂ ਜਵਾਨ ਗੀਤਾਂ ਵਿਚੋਂ ਇਕ ਹੈ।

ਹੁਸਨ ਲਾਲ ਭਗਤ ਰਾਮ ਦੇ ਸੰਗੀਤ ਵਿਚ ਹੀ ਫਿਲਮ 'ਮੀਨਾ ਬਾਜ਼ਾਰ' ਦਾ ਇਕ ਜੁਗਲਗੀਤ 'ਪਾਸ ਆਕੇ ਹੁਏ ਹਮ ਦੂਰ, ਯੇਹੀ ਹੈ ਕਿਸਮਤ ਕੋ

ਮਨਜ਼ੂਰ' ਜਜ਼ਬਾਤ ਦੇ ਹੰਝੂਆਂ ਵਿਚ ਚੂਰ ਗੀਤ ਹੈ। ਇਸ ਵਿਚ ਰਫ਼ੀ ਦਾ ਸਾਥ ਲਤਾ ਮੰਗੇਸ਼ਕਰ ਨੇ ਨਹਾਇਤ ਪੁਰਅਸਰ ਢੰਗ ਨਾਲ ਦਿੱਤਾ।

1949 ਤੋਂ ਬਾਅਦ ਫਿਲਮ ਨਿਰਮਾਤਾ ਮਹਿਬੂਨ* ਨੇ ਫੈਸਲਾ ਹੀ ਕਰ ਲਿਆ ਸੀ ਕਿ ਉਹ ਸੰਗੀਤ ਨਿਰਦੇਸ਼ਨ ਵਾਸਤੇ ਨੌਸ਼ਾਦ ਨੂੰ ਅਤੇ ਗਾਇਕ ਦੇ ਤੌਰ ਤੇ ਰਫ਼ੀ ਨੂੰ ਹੀ ਲੈਣਗੇ। ਬਹੁਤ ਹੱਦ ਤੱਕ ਅਜਿਹਾ ਕਹਿ ਸਕਣਾ ਸੱਚ ਹੀ ਹੈ। ਸੁਪ੍ਰਸਿੱਧ ਅਭਿਨੇਤਾ ਦਲੀਪ ਕੁਮਾਰ ਨੇ ਵੀ ਰਫ਼ੀ ਦੀ ਹੀ ਆਵਾਜ਼ ਨੂੰ ਆਪਣੀ ਬੈਕਗਰਾਉਂਡ ਆਵਾਜ਼ ਦੇ ਤੌਰ ਤੇ ਇਸਤੇਮਾਲ ਕੀਤਾ। ਫਿਲਮ 'ਬੈਜੂ ਬਾਵਰਾ' ਦਾ ਗੀਤ 'ਉਹ ਦੁਨੀਆ ਕੇ ਰਖਵਾਲੇ, ਸੁਣ ਦਰਦ ਭਰੇ ਮੇਰੇ ਨਾਲੇ' ਅਤੇ 'ਅਮਰ' ਫਿਲਮ ਦਾ ਗੀਤ 'ਇਨਸਾਫ਼ ਕਾ ਮੰਦਿਰ ਹੈ ਯੇਹ, ਭਗਵਾਨ ਕਾ ਘਰ ਹੈ' ਮੁਹੰਮਦ ਰਫ਼ੀ ਦੇ ਗਾਏ ਨੌਸ਼ਾਦ ਦਵਾਰਾ ਸੰਗੀਤਬੱਧ ਗੀਤਾਂ ਵਿਚੋਂ ਮੀਲ ਪੱਥਰ ਗੀਤ ਹਨ। ਇਹ ਦੋਵੇਂ ਹੀ ਗੀਤ ਭਾਵਨਾਵਾਂ ਵਿਚ ਡੁੱਬ ਕੇ ਗਾਏ ਗਏ ਸਨ।

ਸ਼ੰਕਰ ਜੈ ਕਿਸ਼ਨ ਨੇ ਵੀ ਆਪਣੀ ਪਹਿਲੀ ਫਿਲਮ 'ਬਰਸਾਤ' ਵਿਚ ਇਕ ਗੀਤ ਰਫ਼ੀ ਸਾਹਿਬ ਕੋਲੋਂ ਗਵਾਇਆ। ਗੀਤ ਦੇ ਬੋਲ ਸਨ, 'ਮੈਂ ਜ਼ਿੰਦਗੀ ਮੇਂ ਹਰ ਦਮ ਰੋਤਾ ਹੀ ਰਹਾਂ ਹੂੰ'। ਇਹ ਗੀਤ 1949 ਵਿਚ ਰਿਕਾਰਡ ਕਰਵਾਇਆ। ਬਾਅਦ ਵਿਚ ਫਿਲਮ 'ਸੀਮਾਂ' ਵਿਚ ਵੀ ਸ਼ੰਕਰ ਜੈ ਕਿਸ਼ਨ ਨੇ ਇਹ ਗੀਤ, 'ਕਹਾਂ ਜਾ ਰਹਾ ਹੈ ਤੂੰ ਐ ਜਾਨੇ ਵਾਲੇ' ਰਫ਼ੀ ਦੀ ਪਰਭਾਵਸ਼ਾਲੀ ਆਵਾਜ਼ ਵਿਚ ਗਵਾਇਆ। ਫਿਲਮ 'ਬੂਟ ਪਾਲਿਸ਼' ਵਿਚ 'ਨੰਨੇ, ਮੁੰਨੇ ਬੱਚੇ, ਤੇਰੀ ਮੁੱਠੀ ਮੇ ਕਿਆ ਹੈ' ਵੀ ਇਕ ਲਾਜਵਾਬ ਗੀਤ ਹੈ।

ਫਿਲਮਾਂ ਦੇ ਮੇਧਾਵੀ ਸੰਗੀਤ ਨਿਰਦੇਸ਼ਕ ਮਦਨ ਮੋਹਨ ਨੇ ਵੀ 'ਭਾਈ ਭਾਈ' ਜੇਹੀਆਂ ਫਿਲਮਾਂ ਵਿਚ ਰਫ਼ੀ ਤੋਂ ਯਾਦਗਾਰੀ ਗੀਤ ਗਵਾਏ।

1946 ਵਿਚ ਜਦੋਂ ਰਫ਼ੀ ਨੇ ਫਿਲਮਾਂ ਵਾਸਤੇ ਗਾਉਣਾ ਅਰੰਭ ਕੀਤਾ ਉਸ ਸਮੇਂ ਕੇ ਐਲ ਸਹਿਗਲ ਆਪਣੀ ਕਲਾ ਦੇ ਅਰੂਜ ਤੇ ਸਨ। ਸੁਰਿੰਦਰ ਨਾਥ ਅਤੇ ਜੀ. ਐਮ. ਦੁਰਾਨੀ ਵੀ ਫਿਲਮੀ ਗਾਇਕ ਸਨ। ਪਰ ਜਲਦੀ ਹੀ 1947 ਵਿਚ ਕੇ ਐਲ ਸਹਿਗਲ ਇੰਤਕਾਲ ਕਰ ਗਏ। ਭਾਰਤ ਦੇ ਚੋਟੀ ਦੇ ਗਾਇਕ ਜੋ ਮੈਦਾਨ ਵਿਚ 1948 ਵਿਚ ਆਏ, ਉਹ ਸਨ ਰਫ਼ੀ, ਮੁਕੇਸ਼ ਅਤੇ ਤਲਤ।

1948 ਵਿਚ ਹੀ ਤਲਤ ਮਹਿਮੂਦ ਅਤੇ ਰਫ਼ੀ ਪ੍ਰਿਥਮ ਸ਼ਰੇਣੀ ਦੇ ਪਾਰਸ ਗਾਇਕ ਬਣ ਗਏ। ਇਸਤੋਂ ਅਗਲੇ ਦਸਾਂ ਸਾਲਾਂ ਵਿਚ ਯਾਨੀ 1958 ਤੱਕ ਤਲਤ ਮਹਿਮੂਦ ਅਤੇ ਮੁਹੰਮਦ ਰਫ਼ੀ ਬਰਾਬਰ ਦੇ ਗਾਇਕ ਤਸੱਵਰ ਕੀਤੇ ਜਾਣ ਲੱਗੇ। ਪਹਿਲੇ ਪੰਜ ਸਾਲ ਤਲਤ ਦਾ ਬੋਲਬਾਲਾ ਰਿਹਾ ਪਰ ਮਗਰਲੇ ਪੰਜ ਸਾਲ ਰਫ਼ੀ ਤਲਤ ਤੇ *ਸ਼ਫ਼ਕਤ ਲੈ ਗਏ ਸਨ।

1958 ਤੋਂ 1963 ਤੱਕ ਤਲੱਤ ਪਛੜਨੇ ਸ਼ੁਰੂ ਹੋ ਗਏ ਪਰ ਮੁਕੇਸ਼ ਕੁੱਝ ਅੱਗੇ ਆਏ। ਪਰ ਮੁਕੇਸ਼ ਦੀ ਮਕਬੂਲੀਅਤ ਕਦੀ ਵੀ ਰਫ਼ੀ ਦੇ ਬਰਾਬਰ ਦੀ ਨਹੀਂ ਸੀ ਰਹੀ। ਦੋ ਬੰਗਾਲੀ ਗਾਇਕ ਮੱਨਾਡੇ ਅਤੇ ਹੇਮੰਤ ਕੁਮਾਰ ਵੀ 1955 ਤੋਂ 1965 ਤੱਕ ਬੜੇ ਪਸੰਦ ਕੀਤੇ ਜਾਣ ਲੱਗੇ। ਪਰ 1965 ਤੋਂ ਬਾਅਦ ਇਹ ਦੋਵੇਂ ਗਾਇਕ ਵੀ ਪਛੜ ਗਏ। ਪਰ ਰਫ਼ੀ ਦਾ ਅਸਥਾਨ ਬਰਕਰਾਰ ਰਿਹਾ।

1963 ਤੋਂ 1973 ਤੱਕ ਮੁਹੰਮਦ ਰਫ਼ੀ ਅਤੇ ਕਿਸ਼ੋਰ ਕੁਮਾਰ ਗੰਗੂਲੀ ਫ਼ਿਲਮ ਜਗਤ ਦੇ ਪ੍ਰਿਥਮ ਸ਼੍ਰੇਣੀ ਦੇ ਪਾਰਸ਼ ਗਾਇਕ ਬਣੇ। ਪਰ 1973 ਤੋਂ 1980 ਵਿਚ ਮੁਹੰਮਦ ਰਫ਼ੀ ਦੇ ਇੰਤਕਾਲ ਫਰਮਾ ਜਾਣ ਤੱਕ ਕਿਸ਼ੋਰ ਕੁਮਾਰ ਮੁਹੰਮਦ ਰਫ਼ੀ ਤੋਂ ਜ਼ਰਾ ਕੁ ਅੱਗੇ ਅਸਥਾਨ ਬਣਾਈ ਬੈਠੇ ਰਹੇ।

ਐਸ ਮੁਹਿੰਦਰ ਦਸਦੇ ਹਨ ਕਿ ਉਨ੍ਹਾਂ ਦਵਾਰਾ ਸੰਗੀਤ ਬੱਧ ਕੀਤੀ ਫ਼ਿਲਮ 'ਪਾਪੀ' ਵਿਚ ਮੁਹੰਮਦ ਰਫ਼ੀ ਦਾ ਗਾਇਆ ਗੀਤ, 'ਤੇਰਾ ਨਾਮ ਹੈ ਜਲਨਾਂ ਪਰਵਾਨੇ, ਚਾਹੇ ਸ਼ਮਾ ਜਲੇ ਯਾ ਨਾ ਜਲੇ'
ਉਨ੍ਹਾਂ ਦੇ ਸਭ ਤੋਂ ਮਸ਼ਹੂਰ ਗੀਤਾਂ ਵਿਚੋਂ ਇਕ ਹੈ। ਬਿਨਾਕਾ ਗੀਤ ਮਾਲਾ ਵਿਚ ਇਹ ਗੀਤ ਕਾਫ਼ੀ ਦੇਰ ਤਾਈਂ ਸੁਣਾਈ ਦੇਂਦਾ ਰਿਹਾ।

ਐਸ ਮੁਹਿੰਦਰ ਦੇ ਕਥਨ ਅਨੁਸਾਰ ਉਨ੍ਹਾਂ ਦਾ ਸੱਭ ਤੋਂ ਮਧੁਰ ਸੰਗੀਤ ਫਿਲਮ 'ਸ਼ੀਰੀ ਫਰਹਾਦ' ਦੇ ਗੀਤਾਂ ਵਿਚ ਸੁਣਿਆਂ ਜਾ ਸਕਦਾ ਹੈ। ਮੁਹੰਮਦ ਰਫ਼ੀ ਦਾ ਗਾਇਆ ਇਸ ਫਿਲਮ ਦਾ ਟਾਈਟਲ ਗੀਤ ਬੜਾ ਹੀ ਜਜ਼ਬਾਤੀ ਹੈ। ਇਕ ਹੋਰ ਗੀਤ 'ਹਜ਼ਾਰੋਂ ਰੰਗ ਬਦਲੇਗਾ ਜ਼ਮਾਨਾ, ਨਾਂ ਬਦਲੇਗਾ ਮੁਹੱਬਤ ਦਾ ਫ਼ਸਾਨਾ' ਸਦਾ ਅਮਰ ਰਹੇਗਾ।

ਇਸ ਫਿਲਮ ਦੇ ਗੀਤ ਤਨਵੀਰ ਨਕਵੀ ਨੇ ਲਿਖੇ ਸਨ। ਰਫ਼ੀ ਦੀ ਆਵਾਜ਼ ਨੇ ਤਨਵੀਰ ਨਕਵੀ ਨੂੰ ਵੀ ਅਮਰ ਕਰ ਦਿੱਤਾ ਹੈ। ਐਸ ਮੁਹਿੰਦਰ ਨੂੰ ਫ਼ਿਲਮ 'ਨਾਨਕ ਨਾਮ ਜਹਾਜ਼ ਹੈ' ਦੇ ਸੰਗੀਤ ਨਿਰਦੇਸ਼ਨ ਵਾਸਤੇ ਸਰਬ ਭਾਰਤ ਵਿਚੋਂ ਸਰਵ ਸ਼੍ਰੇਸ਼ਟ ਸੰਗੀਤ ਦਾ ਰਾਸ਼ਟਰਪਤੀ ਦਾ ਸਨਮਾਨ ਪ੍ਰਦਾਨ ਕੀਤਾ ਗਿਆ। ਇਸ ਸਨਮਾਨ ਵਾਸਤੇ ਵੀ ਬਹੁਤ ਸਾਰਾ ਸ਼ਰੇਅ ਮੁਹੰਮਦ ਰਫ਼ੀ ਦਵਾਰਾ ਗਾਏ ਦਸ਼ਮੇਸ਼ ਪਿਤਾ ਦੇ ਸ਼ਬਦ 'ਮਿੱਤਰ ਪਿਆਰੇ ਨੂੰ, ਹਾਲ ਮੁਰੀਦਾਂ ਦਾ ਕਹਿਣਾ' ਨੂੰ ਜਾਂਦਾ ਹੈ। ਐਸ ਮੁਹਿੰਦਰ ਮੁਹੰਮਦ ਰਫ਼ੀ ਅਤੇ ਲਤਾ ਮੰਗੇਸ਼ਕਰ ਨੂੰ ਫਿਲਮ ਜਗਤ ਦੇ ਸਰਵ ਸ੍ਰੇਸ਼ਠ ਗਾਇਕ ਅਤੇ ਗਾਇਕਾ ਤਸੱਵਰ ਕਰਦੇ ਸਨ। ਉਹ ਕਹਿੰਦੇ ਹਨ ਕਿ ਨਾਂ ਅਜਿਹਾ ਗਾਉਣ ਵਾਲਾ ਪੈਦਾ ਹੋਇਆ ਹੈ ਅਤੇ ਨਾਂ ਹੀ ਪੈਦਾ ਹੋਵੇਗਾ।

ਪੰਜਾਬੀ ਫਿਲਮਾਂ ਦੀ ਲੰਬੀ ਲੜੀ ਵਿਚ ਇਕ ਨਾਮ ਖ਼ਾਸ ਤੌਰ ਤੇ ਵਰਨਣ ਯੋਗ ਹੈ। ਉਹ ਹੈ 'ਚੰਨ ਪ੍ਰਦੇਸੀ'। ਇਸਤੋਂ ਪਹਿਲਾਂ ਅਤੇ ਇਸਤੋਂ ਬਾਅਦ ਵਿਚ ਜਿੰਨੀਆਂ ਵੀ ਫਿਲਮਾਂ ਬਣੀਆਂ ਹਨ ਕਿਸੇ ਦਾ ਵੀ ਕਲਾਤਮਕ ਪੱਧਰ ਇਸਦੇ ਨੇੜੇ ਤੇੜੇ ਨਹੀਂ ਢੁੱਕਿਆ। ਆਮ ਪੰਜਾਬੀ ਫ਼ਿਲਮਾਂ ਕੇਵਲ ਠੱਠਾ ਮਖੌਲ ਹੀ ਪੇਸ਼ ਕਰਦੀਆਂ ਹਨ। ਸੰਜੀਦਾ ਅਭਿਨੇ, ਨਿਰਦੇਸ਼ਨ ਅਤੇ ਸਕਰੀਨ ਪਲੇ ਕਿਸੇ ਫਿਲਮ ਨੇ ਵੀ ਨਹੀਂ ਵਿਖਾਈ। 'ਚੰਨ ਪ੍ਰਦੇਸੀ' ਪਹਿਲੀ ਫਿਲਮ ਸੀ ਜੋ ਤਕਨੀਕੀ ਪੱਖੋਂ ਹੋਰ ਸਾਰੀਆਂ ਹੀ ਫਿਲਮਾਂ ਤੋਂ ਸਿਰ ਕੱਢਵੀਂ ਸੀ।

'ਚੰਨ ਪ੍ਰਦੇਸੀ' ਦੇ ਨਿਰਮਾਤਾਵਾਂ ਨੇ ਜਦੋਂ ਫਿਲਮ ਬਣਾਈ। ਉਸ ਵਕਤ ਉਨ੍ਹਾਂ ਦਾ ਮੰਤਵ ਵਪਾਰਕ ਪੱਧਰ ਤੇ ਕਾਮਯਾਬੀ ਪ੍ਰਾਪਤ ਕਰਨ ਦਾ ਨਹੀਂ ਸੀ। ਉਹ ਤਾਂ ਕੌਮ ਅਤੇ ਜ਼ਬਾਨ ਦੀ ਸੇਵਾ ਕਰਨੀ ਚਾਹੁੰਦੇ ਸਨ। ਰਫ਼ੀ ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਅਨੇਕਾਂ ਪੰਜਾਬੀ ਫਿਲਮਾਂ ਬਣਦੀਆਂ ਅਤੇ ਫੇਲ ਹੁੰਦੀਆਂ ਵੇਖੀਆਂ ਸਨ। ਉਨ੍ਹਾਂ ਦਾ ਅਨੁਭਵ ਬੜਾ ਹੀ ਵਸੀਹ ਸੀ। ਇਸ ਫਿਲਮ ਦੇ ਨਿਰਮਾਤਾਵਾਂ ਅਤੇ ਨਿਰਦੇਸ਼ਕ ਦਾ ਜੋਸ਼ ਵੇਖ ਕੇ ਉਹ ਬੜੇ ਹੀ ਪਰਭਾਵਤ ਹੋਏ। ਉਨ੍ਹਾਂ ਦਾ ਆਪਣਾ ਕਥਨ ਸੀ ਕਿ ਉਨ੍ਹਾਂ ਨੇ ਅੱਜ ਤਾਈਂ ਕਦੀ ਵੀ ਏਨੀ ਲਗਨ ਅਤੇ ਭਾਵਨਾ ਨਾਲ ਕਿਸੇ ਨੂੰ ਫਿਲਮ ਬਣਾਉਂਦੇ ਨਹੀਂ ਤੱਕਿਆ। ਉਨ੍ਹਾਂ ਨੂੰ ਜਾਪਦਾ ਸੀ ਕਿ ਬਾਕਸ ਆਫਿਸ ਤੇ ਇਹ ਫਿਲਮ ਪਿੱਟ ਜਾਵੇਗੀ। ਉਨ੍ਹਾਂ ਨੇ ਆਖਿਆ ਕਿ ਜਿਸ ਲਗਨ ਨਾਲ ਫਿਲਮ ਬਣਾਈ ਜਾ ਰਹੀ ਹੈ ਉਸ ਕਾਰਨ ਉਹ ਨਿਰਮਾਤਾਵਾਂ ਦੇ ਵਾਰੇ ਵਾਰੇ ਜਾਂਦੇ ਹਨ ਅਤੇ ਅੱਲਾ ਤਆਲਾ ਅੱਗੇ ਦੁਆ ਕਰਦੇ ਹਨ ਕਿ ਇਹ ਫਿਲਮ ਕਾਮਯਾਬ ਹੋਵੇ। ਇਸ ਫਿਲਮ ਨੂੰ ਵੀ ਰਫ਼ੀ ਸਾਹਿਬ ਨੇ ਆਪਣੀ ਆਵਾਜ਼ ਨਾਲ ਸ਼ਿੰਗਾਰਿਆ। ਪਰ ਰਫ਼ੀ ਸਾਹਿਬ ਦੇ ਅੰਦਾਜ਼ੇ ਗਲਤ ਸਿੱਧ ਹੋਏ। ਫਿਲਮ ਵਪਾਰੀ ਪੱਖ ਤੋਂ ਵੀ ਮਾੜੀ ਨਹੀਂ ਰਹੀ। ਇਸ ਫਿਲਮ ਤੋਂ ਥੋੜ੍ਹੀ ਦੇਰ ਬਾਅਦ ਹੀ ਰਫ਼ੀ ਸਾਹਿਬ 1980 ਦੇ ਰਮਜ਼ਾਨ ਦੇ ਮਹੀਨੇ ਵਿਚ ਅੱਲਾ ਨੂੰ ਪਿਆਰੇ ਹੋ ਗਏ। ਰਫ਼ੀ ਸਾਹਿਬ ਦਾ ਜਿਸਮ ਸਾਡੇ ਦਰਮਿਆਨ ਨਹੀਂ ਰਿਹਾ ਪਰ ਉਨ੍ਹਾਂ ਦੇ ਗੀਤ ਰਹਿੰਦੀ ਦੁਨੀਆਂ ਤੱਕ ਯਾਦ ਕੀਤੇ ਜਾਣਗੇ। ਉਹ ਇਕ ਯੁੱਗ ਪੁਰਸ਼ ਸਨ।

ਮੁਹੰਮਦ ਰਫ਼ੀ ਦਾ ਸੁਭਾਉ ਬੜਾ ਹੀ ਮਿੱਠਾ ਸੀ। ਉਹ ਦੂਜਿਆਂ ਦੀ ਮਦਦ ਵੀ ਦਿਲ ਖੋਹਲ ਕੇ ਕਰਦੇ ਸਨ। ਅਨੇਕਾ ਅਜਿਹੇ ਸੰਗੀਤ ਨਿਰਦੇਸ਼ਕਾਂ, ਜਿਨ੍ਹਾਂ ਨੂੰ ਫਿਲਮ ਜਗਤ ਨੇ ਕਦੀ ਨੇੜੇ ਵੀ ਖੰਘਣ ਨਹੀਂ ਸੀ ਦੇਣਾ, ਦੀ ਜੜ੍ਹ ਲਾਉਣ ਵਾਲੇ ਵੀ ਮੁਹੰਮਦ ਰਫ਼ੀ ਹੀ ਸਨ। ਹਰ ਨਵੇਂ ਸੰਗੀਤ ਨਿਰਦੇਸ਼ਕ ਦੇ

ਗਾਣੇ ਮੁਹੰਮਦ ਰਫ਼ੀ ਮੁਫ਼ਤ ਗਾਉਂਦੇ ਸਨ ਤਾਂ ਕਿ ਉਸਦੇ ਪੈਸੇ ਕੁਝ ਬੱਚ ਜਾਣ। ਪਰ ਜਦੋਂ ਸੰਗੀਤ ਨਿਰਦੇਸ਼ਕ ਆਪਣੇ ਵਾਸਤੇ ਯੋਗ ਅਸਥਾਨ ਬਣਾ ਲੈਂਦਾ ਸੀ ਉਸਤੋਂ ਬਾਅਦ ਰਫ਼ੀ ਸਾਹਿਬ ਉਸ ਕੋਲੋਂ ਪੈਸੇ ਲੈਣ ਲੱਗ ਪੈਂਦੇ ਸਨ। ਪਰ ਰਫ਼ੀ ਸਾਹਿਬ ਕਦੀ ਸੌਦੇ ਬਾਜ਼ੀ ਵਿਚ ਨਹੀਂ ਸਨ ਪੈਂਦੇ।

ਚੰਗੇ ਸੰਗੀਤਕਾਰ ਦੀ ਰਫ਼ੀ ਸਾਹਿਬ ਇੱਜ਼ਤ ਵੀ ਬੜੀ ਕਰਦੇ ਸਨ। ਨੌਸ਼ਾਦ, ਸੱਜਾਦ, ਸ਼੍ਰੀ ਰਾਮਚੰਦ੍ਰ, ਓ. ਪੀ. ਨਈਅਰ, ਮਦਨ ਮੋਹਨ, ਸਚਨ ਦੇਵ ਬਰਮਨ, ਹੰਸ ਰਾਜ ਬਹਿਲ, ਵਿਨੋਦ, ਸ਼ਾਮ ਸੁੰਦਰ ਅਤੇ ਲਕਸ਼ਮੀ ਕਾਂਤ-ਪਿਆਰੇ ਲਾਲ ਦੀ ਉਹ ਬੜੀ ਇੱਜ਼ਤ ਕਰਦੇ ਸਨ। ਖਾਂ ਸਾਹਿਬ ਬੜੇ ਗ਼ੁਲਾਮ ਅਲੀ ਖਾਂ ਦੇ ਨਿਵਾਸ ਤੇ ਜਾ ਕੇ ਰਫ਼ੀ ਸਾਹਿਬ ਉਨ੍ਹਾਂ ਦੀ ਕਦਮ ਬੋਸੀ ਕਰਦੇ ਸਨ। ਸਿੱਖ ਕੀਰਤਨੀਆਂ ਵਿਚੋਂ ਭਾਈ ਸੰਤਾ ਸਿੰਘ ਜੀ ਸੀਸ ਗੰਜ ਸਾਹਿਬ ਵਾਲਿਆਂ ਦਾ ਉਹ ਬੜਾ ਸਤਿਕਾਰ ਕਰਦੇ ਸਨ। ਭਾਈ ਸਮੁੰਦ ਸਿੰਘ ਹੋਰਾਂ ਤੇ ਵੀ ਉਹ ਵਾਰੇ ਵਾਰੇ ਜਾਂਦੇ ਸਨ।

ਰਫ਼ੀ ਸਾਹਿਬ ਲਾਲਚੀ ਬਿਲਕੁਲ ਨਹੀ ਸਨ। ਫਿਲਮ ਵਾਲਿਆਂ ਨੂੰ ਜੇ ਘਾਟਾ ਪੈ ਜਾਵੇ ਤਾਂ ਆਪਣੇ ਪੈਸੇ ਛੱਡ ਦੇਂਦੇ ਸਨ। ਲਤਾ ਨਾਲ ਬਾਜ਼ ਦਫ਼ਾ ਉਨ੍ਹਾਂ ਦਾ ਇਸੇ ਗੱਲੋਂ ਝਗੜਾ ਹੋ ਜਾਂਦਾ ਸੀ ਕਿ ਲਤਾ ਜੀ ਗੰਢ ਦੇ ਬੜੇ ਪੱਕੇ ਹਨ ਅਤੇ ਰਫ਼ੀ ਸਾਹਿਬ ਦਿਆਲੂ ਹਨ।

ਰਫ਼ੀ ਸਾਹਿਬ ਸ਼ਰਾਬ ਬਿਲਕੁਲ ਨਹੀਂ ਸਨ ਪੀਂਦੇ ਉਨ੍ਹਾਂ ਨੂੰ ਹੋਰ ਵੀ ਕਿਸੇ ਕਿਸਮ ਦਾ ਐਬ ਨਹੀ ਸੀ। ਦੁੱਧ ਤੇ ਲੱਸੀ ਦੇ ਬੜੇ ਹੀ ਸ਼ੌਕੀਨ ਸਨ। ਉਨ੍ਹਾਂ ਦਾ ਪੁਰਾਣੀ ਕਿਸਮ ਦਾ ਜੀਵਨ ਸੀ। ਪੜ੍ਹਾਈ ਪੱਖੋਂ ਬੱਸ ਉਰਦੂ ਹੀ ਜਾਣਦੇ ਸਨ। ਥੋੜ੍ਹੀ ਬਹੁਤੀ ਅੰਗਰੇਜ਼ੀ ਉਨ੍ਹਾਂ ਨੇ ਗੁੜ੍ਹ ਦੇ* ਸਿੱਖ ਲਈ ਸੀ। ਪਰ ਗਾਉਣ ਸਮੇਂ ਅੰਗਰੇਜ਼ੀ ਗਾਣਾ ਵੀ ਗਾ ਜਾਂਦੇ ਸਨ। ਘਰ ਵਿਚ ਪੰਜਾਬੀ ਬੋਲਦੇ ਸਨ। ਫਿਲਮ ਦੀ ਸ਼ੂਟਿੰਗ ਸਮੇਂ ਵੀ ਪੰਜਾਬੀ ਵਿਚ ਹੀ ਬੋਲ ਚਾਲ ਕਰਦੇ ਸਨ।

ਰਫ਼ੀ ਸਾਹਿਬ ਪੰਜਾਬੀਆਂ ਦੀ ਮਦਦ ਵੀ ਬੜੀ ਕਰਦੇ ਸਨ। ਗਾਏ ਬਗਾਹੇ ਲੋੜਵੰਦਾਂ ਨੂੰ ਜੇਬ ਵਿਚੋਂ ਪੈਸੇ ਵੀ ਦੇ ਦੇਂਦੇ ਸਨ। ਧਰਮ ਅਰਥ ਦੇ ਕੰਮ ਵਾਸਤੇ ਗਾਉਣ ਸਮੇਂ ਪੈਸੇ ਨਹੀ ਸਨ ਲੈਂਦੇ।

ਰਫ਼ੀ ਸਾਹਿਬ ਇਸਲਾਮ ਦੇ ਅਸੂਲਾਂ ਤੇ ਵੀ ਪਰਪੱਕ ਸਨ। ਨੇਮ ਨਾਲ ਨਮਾਜ਼ ਅਦਾ ਕਰਨੀ, ਰੋਜ਼ੇ ਰੱਖਣੇ ਅਤੇ ਧਾਰਮਿਕ ਦਾਅਵਤਾਂ ਕਰਨੀਆਂ ਉਨ੍ਹਾਂ ਦਾ ਰੋਜ਼-ਮਰਾ ਦਾ ਜੀਵਨ ਸੀ।

ਰਫ਼ੀ ਸਾਹਿਬ ਦਾਨ ਵੀ ਦਿਲ ਖੋਹਲ ਕੇ ਦੇਂਦੇ ਸਨ। ਗਰੀਬ ਗੁਰਬਿਆਂ ਦੀ ਪਰਵਰਿਸ਼ ਵੀ ਕਰਦੇ ਸਨ। ਜੀਵਨ ਬੜਾ ਸਾਦਾ ਬਤੀਤ ਕਰਦੇ ਸਨ ਅਤੇ ਧਾਰਮਿਕ ਕੱਟੜਤਾ ਤੋਂ ਵੀ ਰਹਿਤ ਸਨ।

ਰਫ਼ੀ ਸਾਹਿਬ ਨੇ ਆਪਣੇ ਸੰਗੀਤ ਦੀ ਸਾਂਭ ਵੀ ਬੜੀ ਲਗਨ ਨਾਲ ਕੀਤੀ ਹੈ। ਆਪਣੇ ਗਾਏ ਹੋਏ ਰਿਕਾਰਡ ਉਹ ਜਾਨ ਨਾਲੋਂ ਵੱਧ ਸਮਝਦੇ ਸਨ। ਹੁਣ ਪਤਾ ਨਹੀ ਉਨ੍ਹਾਂ ਦੀ ਸੰਗੀਤ ਦੀ ਲਾਇਬਰੇਰੀ ਦਾ ਕੀ ਬਣਿਆ ਹੈ ਜਦ ਕਿ ਉਹ ਇਸ ਦੁਨੀਆਂ ਵਿਚ ਨਹੀਂ ਰਹੇ।

ਤਲਤ ਮਹਿਮੂਦ ਅਤੇ ਰਫ਼ੀ ਸਾਹਿਬ ਦਾ ਵੱਡਾ ਅੰਤਰ ਇਹ ਸੀ ਕਿ ਤਲਤ ਮਹਿਮੂਦ ਗਾਉਣ ਤੋਂ ਪਹਿਲਾਂ ਗੀਤ ਦੇ ਬੋਲ ਖ਼ੁਦ ਪੜ੍ਹਦੇ ਸਨ। ਜੇ ਸ਼ਾਇਰੀ ਮਿਆਰੀ ਨਾਂ ਹੋਵੇ ਤਾਂ ਉਹ ਗਾਉਣ ਤੋਂ ਜਵਾਬ ਦੇ ਦੇਂਦੇ ਸਨ। ਪਰ ਰਫ਼ੀ ਸਾਹਿਬ ਹਰ ਤਰ੍ਹਾਂ ਦੀ ਸ਼ਾਇਰੀ ਗਾਈ ਜਾਂਦੇ ਸਨ। ਇਸ ਕਰਕੇ ਉਨ੍ਹਾਂ ਦਵਾਰਾ ਗਾਏ ਹੋਏ ਕੁਝ ਗੀਤ ਬਹੁਤ ਸਾਧਾਰਨ ਵੀ ਹਨ ਜਦ ਕਿ ਤਲਤ ਦੇ ਗਾਏ ਸਾਰੇ ਹੀ ਗੀਤ ਸੁੱਚੇ ਮੋਤੀ ਹਨ।

ਰਫ਼ੀ ਸਾਹਿਬ ਨੇ ਨੂਰਜਹਾਂ, ਸੁਰਈਆ, ਸੁਰਿੰਦਰ ਕੌਰ, ਗੀਤਾ ਰੌਏ, ਲਤਾ ਮੰਗੇਸ਼ਕਰ, ਆਸ਼ਾ ਭੋਸਲੇ, ਮੁਬਾਰਿਕ ਬੇਗਮ, ਸੁਧਾ ਮਲਹੋਤਰਾ, ਸੁਮਨ ਕਲਿਆਣਪੁਰ ਨਾਲ ਗੀਤ ਗਾਏ ਹਨ। ਇਹਨਾਂ ਦੇ ਨਾਲ ਨਾਲ ਉਨ੍ਹਾਂ ਨੇ ਮੰਨਾਡੇ, ਮੁਕੇਸ਼ ਅਤੇ ਤਲਤ ਮਹਿਮੂਦ ਨਾਲ ਵੀ ਜੁਗਲ ਗੀਤ ਗਾਏ ਹਨ।

ਪਾਕਿਸਤਾਨ ਅਤੇ ਭਾਰਤ ਦੋਹਾਂ ਵਿਚ ਹੀ ਮਰਦ ਪਾਰਸ਼ ਗਾਇਕਾਂ ਵਿਚੋਂ ਸੱਭ ਤੋਂ ਵੱਧ ਪੰਜਾਬੀ ਦੇ ਗੀਤ ਰਫ਼ੀ ਸਾਹਿਬ ਨੇ ਹੀ ਗਾਏ ਹਨ। ਪਰ ਜੇ ਹਿੰਦੀ ਅਤੇ ਉਰਦੂ ਦੇ ਵੀ ਗੀਤ ਸ਼ਾਮਿਲ ਕਰ ਲਈਏ ਤਾਂ ਮਰਦ ਕਲਾਕਾਰਾਂ ਵਿਚੋਂ ਸਭ ਤੋਂ ਵੱਧ ਗੀਤ ਰਫ਼ੀ ਸਾਹਿਬ ਦੇ ਰਿਕਾਰਡ ਹੋਏ ਹਨ। ਇਕ ਅਨੁਮਾਨ ਅਨੁਸਾਰ ਉਨ੍ਹਾਂ ਨੇ ਭਾਰਤ ਦੀਆਂ ਸਾਰੀਆਂ ਬੋਲੀਆਂ ਵਿਚ ਕੁੱਲ 34,000 ਗੀਤ ਗਾਏ ਹਨ।

ਸਾਨੂੰ ਸਾਰੇ ਹੀ ਪੰਜਾਬੀਆਂ ਨੂੰ ਮੁਹੰਮਦ ਰਫ਼ੀ ਤੇ ਮਾਣ ਹੈ। ਪੰਜਾਬ ਦੇ ਉਹ ਇਕ ਮਹਾਨ ਸਪੂਤ ਸਨ।

(ਇਸ ਲੇਖ ਵਾਸਤੇ ਸਮੱਗਰੀ ਸੰਗੀਤ ਨਿਰਦੇਸ਼ਕ ਐਸ ਮੁਹਿੰਦਰ, ਸਰਦੂਲ ਕਵਾਤੜਾ ਅਤੇ ਜੈ ਕਿਸ਼ਨ ਪੰਚਾਲ ਨੇ ਭੇਂਟ ਵਾਰਤਾਵਾਂ ਰਾਹੀ ਉਪਲੱਬਧ ਕਰਵਾਈ। ਖ਼ੁਦ ਮੁਹੰਮਦ ਰਫ਼ੀ ਨਾਲ 1969 ਵਿਚ ਬੰਬਈ ਵਿਚ ਮੁਲਾਕਾਤ ਕੀਤੀ ਗਈ ਸੀ। ਕੁਝ ਤੱਥ ਅੱਲਾ ਰੱਖਾ ਕੁਰੈਸ਼ੀ ਤੋਂ ਪ੍ਰਾਪਤ ਕੀਤੇ ਹਨ। ਕੁੱਝ ਤੱਥ ਸੁਰਿੰਦਰ ਕੌਰ ਜੀ ਤੋਂ ਪ੍ਰਾਪਤ ਕੀਤੇ ਗਏ ਹਨ। ਕੁਝ ਸਮੱਗਰੀ ਖ਼ੁਦ ਵੀ ਖੋਜ ਕਰਕੇ ਇਕੱਤਰ ਕੀਤੀ ਗਈ ਹੈ।)

●○●○●○


# ਸਤਲੁੱਜ ਫੈਸ਼ਨਜ਼

9332 – 120 ਸਟਰੀਟ, ਸਰੀ ਬੀ. ਸੀ.

**ਫੋਨ: 589-6161**

ਹਰ ਮੌਕੇ ਲਈ ਹਰ ਤਰ੍ਹਾਂ ਦਾ ਕਪੜਾ ਮਿਲ ਸਕਦਾ ਹੈ। ਵਾਜਬ ਕੀਮਤਾਂ। ਅੱਜ ਹੀ ਆ ਕੇ ਦਰਸ਼ਨ ਦਿਓ।

## ਮਾਊਂਟ ਐਵਰੈਸਟ ਗੈਸ ਐਂਡ ਪਲੰਬਿੰਗ ਲਿਮ.

ਅਸੀਂ ਘਰਾਂ ਅਤੇ ਵਪਾਰਕ ਬਿਲਡਿੰਗਾਂ ਦੀ ਹੀਟਿੰਗ ਅਤੇ ਪਲੰਬਿੰਗ ਦਾ ਕੰਮ ਬਹੁਤ ਹੀ ਤਸੱਲੀਬਖਸ਼ ਅਤੇ ਵਾਜ਼ਬ ਕੀਮਤ ਤੇ ਕਰਦੇ ਹਾਂ।

*Our motto is your satisfaction*

**ਹੋਰ ਜਾਣਕਾਰੀ ਲਈ ਅਤੇ ਫਰੀ ਐਸਟੀਮੇਟ ਲਈ ਅੱਜ ਹੀ ਫੋਨ ਕਰੋ:**

**ਸੁਰਜੀਤ ਸਿੰਘ ਮਾਹਲ ਨੂੰ**

**Ph: (604) 572-1277**

**Pager: 680-6941**

# ਨਜ਼ੀਰ ਕਹੂਟ ਦੀ ਕਿਤਾਬ
# ਆਓ! ਪੰਜਾਬੀ ਨੂੰ ਕਤਲ ਕਰੀਏ
## ਬਾਰੇ ਇਕ ਲੇਖ

## ਸਈਦ ਫ਼ਾਰਾਨੀ

ਪਾਕਿਸਤਾਨ ਵਿਚ ਜਿਹੜੀ ਪੰਜਾਬੀ ਲਹਿਰ ਮਾੜੇ ਮਾੜੇ ਪੈਰ ਪੁੱਟ ਰਹੀ ਹੈ, ਇਹਦਾ ਸਿਰਾ ਤੇ ਪਾਕਿਸਤਾਨ ਦੇ ਤਰੱਕੀ-ਪਸੰਦਾਂ ਦੀ ਪੰਜਾਬੀ ਜ਼ਬਾਨ ਬਾਰੇ ਤਹਿਰੀਕ ਨਾਲ ਜਾ ਰਲਦਾ ਹੈ। ਪਰ ਪਿਛਲੇ ਕੁਝ ਸਾਲਾਂ ਵਿਚ ਜਿਹੜੀ ਕੌਮੀਅਤਾਂ ਦੀ ਲਹਿਰ ਸ਼ੁਰੂ ਹੋਈ ਹੈ, ਉਸ ਵਿਚ ਤੇਜ਼ੀ ਉਸ ਵੇਲੇ ਵੱਧ ਆਈ ਜਿਸ ਵੇਲੇ, ਖਾਸ ਕਰ ਕਰਾਚੀ ਤੇ ਹੈਦਰਾਬਾਦ (ਸਿੰਧ) ਵਿਚ, ਹਿੰਦੁਸਤਾਨ ਦੇ ਯੂ. ਪੀ. ਤੇ ਸੀ. ਪੀ. ਜਿਹੇ ਇਲਾਕਿਆਂ ਚੋਂ ਆਏ (ਉਰਦੂ ਬੋਲਣ ਵਾਲੇ) ਮੁਸਲਮਾਨਾਂ ਨੇ ਪਾਕਿਸਤਾਨ ਦੀਆਂ ਚਾਰ ਕੌਮੀਅਤਾਂ ਤੋਂ ਵੱਖ ਆਪਣੀ ਨਵੀ, ਪੰਜਵੀਂ ਕੌਮੀਅਤ ਦਾ ਐਲਾਨ ਕੀਤਾ। ਉਹਨਾਂ ਦੇ ਰੱਦੇਅਮਲ (ਪ੍ਰਤੀਕਰਮ) ਵਿਚ ਬਹੁਤ ਸਾਰੇ ਪੰਜਾਬੀ ਜਵਾਨ ਆਪਣੀ ਬੋਲੀ ਤੇ ਆਪਣੀ ਹੋਂਦ (ਆਈਡੈਂਟਟੀ) ਵਲ ਪਰਤੇ। ਨਜ਼ੀਰ ਕਹੂਟ ਉਹਨਾਂ ਹੀ ਜਵਾਨਾਂ ਵਿਚੋਂ ਇੱਕ ਹੈ, ਜਿਹੜਾ ਪੰਜਾਬ ਤੇ ਪੰਜਾਬੀ ਦੇ ਮਸਲੇ ਬਾਰੇ ਬਹੁਤ ਹੀ ਜਜ਼ਬਾਤੀ ਅੰਦਾਜ਼ ਵਿਚ ਅੱਗੇ ਵਧ ਰਿਹਾ ਹੈ। ਮੈਂ ਉਸਦੀ ਕਿਤਾਬ 'ਆਓ! ਪੰਜਾਬੀ ਨੂੰ ਕਤਲ ਕਰੀਏ' ਨੂੰ ਬਹੁਤ ਗਹੁ ਨਾਲ ਪੜ੍ਹਿਆ ਹੈ ਤੇ ਮੈਨੂੰ ਉਹ ਕਈ ਥਾਂਵਾਂ ਤੇ ਆਪਣੇ ਨਾਲੋਂ ਵੀ ਕਿੰਨਾ ਹੀ ਵੱਧ ਜਜ਼ਬਾਤੀ ਜਾਪਿਆ ਹੈ। ਮੈਂ ਆਪਣੇ ਆਪ ਉੱਤੇ ਤਨਕੀਦ (ਪਰਖ) ਕੀਤੀ ਤੇ ਮੈਨੂੰ ਵੀ ਆਪਣੇ ਲਿਖੇ ਹੋਏ ਲੇਖਾਂ ਦੇ ਹੱਦੋਂ ਵੱਧ ਜਜ਼ਬਾਤੀ ਤੇ ਗਰਮ ਹੋਵਣ ਦਾ ਅਹਿਸਾਸ ਹੋਇਆ। ਨਜ਼ੀਰ ਕਹੂਟ ਦੀ ਕਿਤਾਬ ਦਾ ਸਿਰਲੇਖ ਹੀ ਚੌਂਕਾ ਦੇਣ ਵਾਲਾ ਹੈ। ਕਾਲੀ ਬੈਕ ਗਰਾਊਂਡ ਵਿਚ ਲਾਲ ਰੰਗ ਦਾ ਟਾਈਟਲ 'ਆਓ! ਪੰਜਾਬੀ ਨੂੰ ਕਤਲ ਕਰੀਏ!'

ਕਿਤਾਬ ਦੇ ਪਿਛਲੇ ਪੰਨੇ ਉੱਤੇ ਨਜ਼ੀਰ ਕਹੂਟ ਦੀ "ਜਾਣ ਪਛਾਣ" ਹੈ। ਆਪਣੀ ਜਾਣ-ਪਛਾਣ ਕਰਾਉਂਦਿਆਂ ਉਹ ਲਿਖਦੇ ਹਨ: "ਪੰਜਾਬ ਤੋਂ ਸੈਂਕੜੇ ਕੋਹਾਂ ਦੂਰ ਦੁਰਾਡੇ, ਦੂਜੇ ਲੱਖਾਂ ਪੰਜਾਬੀਆਂ ਵਾਂਗਰ ਰੋਟੀ ਦੇ ਚੱਕਰ ਵਿਚ ਮੈਂ ਵੀ ਪੰਜਾਬ ਤੋਂ ਪੱਛੜ ਕੇ ਸਿੰਧ ਦੇ ਸ਼ਹਿਰ ਕਰਾਚੀ ਵਿਚ ਡੇਰੇ ਲਾਏ ਹੋਏ ਹਨ। ਮੇਰੀ ਜੰਮਣ ਤਾਰੀਖ ਪਹਿਲੀ ਅਕਤੂਬਰ 1956 ਹੈ। ਮੇਰੇ ਪਿੰਡ ਦਾ ਨਾਂ 'ਢੱਡੀਆਂ ਸ਼ਰੀਫ' ਹੈ। ਇਹ ਪਿੰਡ ਜਿਹਲਮ ਦਰਿਆ ਦੇ ਦੰਦੇ ਉੱਤੇ ਹੈ। ... ਵਾਲਿਦ ਸਾਹਿਬ ਫੌਜ ਵਿਚ ਸਨ। ਉਹਨਾਂ ਨੂੰ 1965 ਦੀ ਜੰਗ ਵਿਚ ਖਿਦਮਤ ਅੰਜਾਮ ਦੇਣ ਦੇ ਬਦਲੇ ਸਿੰਧ ਦੇ ਇਲਾਕੇ ਵਿਚ ਭੋਏਂ ਅਲਾਟ ਹੋਈ ਤਾਂ ਅਸੀ ਸਾਰੇ ਉਹਨਾਂ ਦੀ ਰੀਟਾਇਰਮੈਂਟ ਮਗਰੋਂ 1969 ਵਿਚ ਬਦੀਨ (ਸਿੰਧ ਸੂਬੇ ਵਿਚ) ਆ ਵੱਸੇ। ਤੇ ਉੱਥੋਂ ਮੁੜ ਰੋਜ਼ੀ ਦੀ ਖਾਤਰ ਕਰਾਚੀ ਆਇਆ। 20 ਅਪਰੈਲ, 1990 ਵਾਲੇ ਦਿਹਾੜੇ ਕੁਝ ਸਜਨਾਂ ਨਾਲ ਰਲ ਕੇ "ਲੋਕ ਸੇਵਾ ਪਾਕਿਸਤਾਨ" ਨਾਂ ਦੀ ਪੰਜਾਬੀ ਪਾਰਟੀ ਦੀ ਨੀਂਹ ਰੱਖੀ ਜਿਹੜੀ ਪੰਜਾਬੀ ਕੌਮਪ੍ਰਸਤੀ ਤੇ ਪੰਜਾਬੀ ਆਵਾਮ ਦੇ ਹੱਕ ਦੀ ਗੱਲ ਕਰਨ ਵਾਲੀ ਤਹਿਰੀਕ ਹੈ, ਜਿਸ ਦਾ ਮੈਂ ਅਜੇ ਤੀਕ ਚੇਅਰਮੈਨ ਹਾਂ।"

ਇਹ ਸਾਰਾ ਉਹਨਾਂ ਦੇ ਆਪਣੇ ਹੱਥੀਂ ਲਿਖਿਆ ਹੋਇਆ ਤੁਆਰਫ ਸੀ। ਕਿਤਾਬ ਦਾ ਪਹਿਲਾ ਅੱਖਰ ਮੰਨੇ ਪ੍ਰਮੰਨੇ ਪੰਜਾਬੀ ਫ਼ਖਰ ਜ਼ਮਾਨ ਹੋਰਾਂ ਲਿਖਿਆ ਹੈ। ਫ਼ਖਰ ਹੋਰੀ ਲਿਖਦੇ ਹਨ: "ਨਜ਼ੀਰ ਕਹੂਟ ਦੀ ਕਿਤਾਬ ਪੜ੍ਹ ਕੇ ਕਈ ਛੁਪੇ ਜ਼ਾਵੀਏ (ਕੋਣ) ਜ਼ਾਹਿਰ ਹੋਣਗੇ। ਪੰਜ ਦਰਿਆਵਾਂ ਦੀ ਧਰਤੀ ਬਾਰੇ ਗੱਲ ਕਰਦਿਆਂ ਮੰਤਕੀ (ਲੌਜੀਕਲ) ਤੇ ਸਾਇੰਸੀ (ਸਾਇੰਟਿਫਿਕ) ਰਵੱਯਾ ਅਖਤਿਆਰ ਕਰਨਾ ਅੱਜ ਦੀ ਲੋੜ ਹੈ। ਪੰਜਾਬ ਬਾਰੇ ਦੂਜੇ ਸੂਬਿਆਂ ਅਤੇ ਕਈ ਪੰਜਾਬੀਆਂ ਅੰਦਰ ਵੀ ਭੁਲੇਖੇ ਪਾਏ ਜਾਂਦੇ ਹਨ। ...

ਨਜ਼ੀਰ ਕਹੂਟ ਨੇ ਮਿਹਨਤ ਤੇ ਖੋਜ ਨਾਲ ਪੰਜਾਬ ਬਾਰੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਲੱਭੇ ਹਨ। ਇਹ ਕਿਤਾਬ ਉਸ ਪੰਜਾਬੀ ਦੀ ਚੀਕ ਹੈ ਜਿਹੜਾ ਆਲੇ ਦੁਆਲੇ ਦਾ ਸਿੱਧਾ ਤਜਰਬਾ ਰੱਖਦਾ ਹੈ। ਪੰਜਾਬੀਅਤ ਬਾਰੇ ਮਜ਼ਰਤ-ਖ਼ਾਨਾ (ਮੁਆਫੀ ਵਾਲਾ) ਲਹਿਜ਼ਾ ਇਖਤਿਆਰ ਕਰਨ ਦੀ ਲੋੜ ਨਹੀਂ। ਲੇਕਨ ਪੰਜਾਬੀਅਤ ਨੂੰ ਆਈਡੈਂਟੀਫਾਈ ਕਰਨ ਦੀ ਜ਼ਰੂਰ ਲੋੜ ਹੈ। ਇਹ ਕੰਮ ਨਜ਼ੀਰ ਕਹੂਟ ਹੋਰਾਂ ਨੇ ਇਸ ਖ਼ੂਬੀ ਨਾਲ ਕੀਤਾ ਹੈ ਕਿ ਇਹ ਕਿਤਾਬ ਇਕ ਅਹਿਮ ਤਾਰੀਖ਼ੀ ਸਕਾਫ਼ਤੀ (ਸਭਿਆਚਾਰਕ) ਤੇ ਸਮਾਜੀ ਦਸਤਾਵੇਜ਼ ਬਣ ਗਈ ਹੈ।"

ਆਓ ਹੁਣ ਪੁਸਤਕ ਦੇ ਵੱਖੋ ਵੱਖ ਨਿੱਕੇ ਵੱਡੇ ਮਜ਼ਮੂਨਾਂ ਉੱਤੇ ਨਜ਼ਰ ਮਾਰੀਏ। ਕਿਤਾਬ ਨੂੰ ਨਜ਼ੀਰ ਕਹੂਟ ਨੇ ਪੰਜ ਹਿੱਸਿਆਂ ਵਿਚ ਵੰਡਿਆ ਹੈ। ਪਹਿਲਾ ਹਿੱਸਾ: "ਸਿੰਧ ਵਿਚ ਪੰਜਾਬੀਆਂ ਉੱਤੇ ਕੀ ਵਰਤ ਰਹੀ ਹੈ?" ਇਸ ਹਿੱਸੇ ਦੇ ਪੰਜ ਅਧਿਆਇ ਹਨ। ਪਾਕਿਸਤਾਨ ਦੇ ਸੂਬੇ ਸਿੰਧ ਵਿਚ ਪੰਜਾਬੀਆਂ ਨਾਲ ਜੋ ਕੁਝ ਬੀਤ ਰਹੀ ਹੈ ਉਹਦੇ ਬਾਰੇ ਤਫਸੀਲ (ਡੀਟੇਲ) ਹੈ। ਪੰਜਾਬੀਆਂ ਉੱਤੇ ਹੋਵਣ ਵਾਲੇ ਜ਼ੁਲਮਾਂ ਦੀਆਂ ਕਹਾਣੀਆਂ ਹਨ। ਸਿੰਧੀ ਲਿਖਾਰੀਆਂ ਦੀਆਂ ਪੰਜਾਬੀਆਂ ਤੇ ਪੰਜਾਬ ਬਾਰੇ ਸ਼ਰਮਨਾਕ ਲਿਖਤਾਂ ਦੇ ਨਮੂਨੇ ਹਨ। ਇਸ ਤੋਂ ਅੱਡ ਸਿੰਧ ਦੇ ਤਾਲੀਮੀ ਅਦਾਰਿਆਂ ਵਿਚ ਗੈਰ ਸਿੰਧੀ ਸਟੂਡੈਂਟਾਂ ਨਾਲ ਹੋਵਣ ਵਾਲੇ ਜ਼ੁਲਮਾਂ ਬਾਰੇ ਵੀ ਬਹੁਤ ਕੁਝ ਹੈ। ਇੱਕ ਅਧਿਆਇ ਦਾ ਸਿਰਨਾਵਾਂ ਇੰਝ ਹੈ: "ਇਹ ਪੰਜਾਬੀ ਬੱਚੇ ਹਨ, ਇਹਨਾਂ ਨੂੰ ਕੁੱਤੇ ਦੀ ਮੌਤ ਮਾਰੋ।" ਸਿੰਧ ਵਿਚ ਨੈਸ਼ਨਲਿਜ਼ਮ ਦੀ ਤਹਿਰੀਕ ਉੱਥੇ ਦੇ ਇਕ ਵਡੇਰੀ ਉਮਰ ਦੇ ਆਗੂ ਜੀ. ਐੱਮ. ਸਈਅਦ ਦੀ ਰਹਿਨੁਮਾਈ ਹੇਠ ਚੱਲ ਰਹੀ ਹੈ। ਬਾਕੀਆਂ ਦੀਆਂ ਸਿੰਧੀ ਤਹਿਰੀਕਾਂ ਦਾ ਨਿਸ਼ਾਨਾ ਵੀ ਪੰਜਾਬੀ ਹੀ ਹਨ।

ਨਜ਼ੀਰ ਕਹੂਟ ਦੀ ਕਿਤਾਬ ਦਾ ਦੂਜਾ ਹਿੱਸਾ, "ਕਰਾਚੀ ਵਿਚ ਪੰਜਾਬੀਆਂ ਦੇ ਖਿਲਾਫ਼ ਹਥਿਆਰ ਬੰਦ ਬੁਰਛਾਗਰਦੀ" ਦੇ ਸਿਰਲੇਖ ਨਾਲ ਸ਼ੁਰੂ ਹੁੰਦਾ ਹੈ। ਜ਼ਾਹਿਰਾ ਤੌਰ ਤੇ ਸਿੰਧ ਦੋਹ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਇਕ ਸ਼ਹਿਰੀ (ਅਰਬਨ) ਤੇ ਦੂਜਾ ਦਿਹਾਤੀ (ਰੂਰਲ) ਸਿੰਧ ਹੈ। ਸ਼ਹਿਰੀ ਸਿੰਧ ਉੱਤੇ ਉਰਦੂ ਬੋਲਣ ਵਾਲੇ ਮਹਾਜਰਾਂ (ਰਫ਼ਿਊਜੀਆਂ) ਦਾ ਕਬਜ਼ਾ ਹੈ ਤੇ ਦਿਹਾਤੀ ਸਿੰਧ ਉੱਤੇ ਸਿੰਧੀਆਂ ਦਾ। ਇਹਨਾਂ ਦੋਹਾਂ ਦੇ ਦਰਮਿਆਨ ਵੀ ਖੁੱਲਾ ਤਜ਼ਾਦ (ਕੰਟਰਾਡਿਕਸ਼ਨ) ਹੈ। ਪੰਜਾਬੀ ਰੋਟੀ ਟੁੱਕਰ ਦੀ ਖ਼ਾਤਰ ਸਿੰਧ ਨੂੰ ਗਏ ਤੇ ਦੋਹਾਂ ਗਰੁੱਪਾਂ ਵਲੋਂ ਨਿਸ਼ਾਨਾ ਬਣ ਰਹੇ ਹਨ। ਇਸ ਦੂਜੇ ਹਿੱਸੇ ਵਿਚ ਮਹਾਜਰਾਂ (ਉਰਦੂ ਬੋਲਣ ਵਾਲੇ) ਦੇ ਪੰਜਾਬੀਆਂ ਬਾਰੇ ਰਵੱਈਏ ਬਾਰੇ ਖੁੱਲ੍ਹ ਕੇ ਬਹਿਸ ਕੀਤੀ ਗਈ ਹੈ। ਮਹਾਜਰ ਪੰਜਾਬੀਆਂ ਨੂੰ ਹਰ ਖ਼ਰਾਬੀ ਦਾ ਸਬੱਬ ਸਮਝਦੇ ਹਨ। ਨਜ਼ੀਰ ਕਹੂਟ ਨੇ ਥਾਂ ਥਾਂ ਤੇ ਮਹਾਜਰਾਂ ਵਲੋਂ ਚੁੱਕੇ ਗਏ ਸਵਾਲਾਂ ਦੇ ਮੂੰਹ-ਤੋੜ ਜਵਾਬ ਦਿੱਤੇ ਹਨ।

ਕਿਤਾਬ ਦਾ ਤੀਜਾ ਹਿੱਸਾ ਪੰਜਾਬ ਦੀ ਵੰਡ ਬਾਰੇ ਹੈ। ਇਸ ਹਿੱਸੇ ਵਿਚ ਪੰਜਾਬ ਵਿਚ ਚੱਲ ਰਹੀ ਇਕ ਨਵੀ ਲਹਿਰ "ਸਰਾਇਕੀ ਮੂਵਮੈਂਟ" ਬਾਰੇ ਬਿਆਨ ਕੀਤਾ ਗਿਆ ਹੈ। ਪਾਕਿਸਤਾਨੀ ਪੰਜਾਬ ਦੇ ਟੋਟੇ ਕਰਨ ਵਿਚ ਬਾਕੀ ਦੇ ਸਾਰੇ ਹੀ ਸੂਬੇ ਦਿਲਚਸਪੀ ਰੱਖਦੇ ਹਨ। ਪੰਜਾਬੀ ਬੋਲੀ ਦੇ ਮੁਲਤਾਨੀ ਡਾਇਆਲੈਕਟ ਨੂੰ ਇਕ ਵੱਖਰੀ ਜ਼ਬਾਨ ਆਖ ਕੇ ਪੰਜਾਬ ਦੇ ਟੋਟੇ ਕਰਨ ਦੀ ਸਾਜ਼ਿਸ਼ ਵਿਚ ਸਿੰਧੀਆਂ, ਮਹਾਜਰਾਂ, ਬਲੋਚਾਂ ਤੇ ਪਠਾਣਾਂ ਦਾ ਹੱਥ ਹੈ। ਪੰਜਾਬ ਦੇ ਆਬਾਦੀ ਪਾਰੋਂ ਵੱਡੇ ਜੁੱਸੇ ਨੂੰ ਬਾਕੀ ਦੇ ਸਾਰੇ ਹੀ ਨਿੱਕੇ ਨਿੱਕੇ ਟੋਟੇ ਕਰਨ ਵਿਚ ਦਿਲਚਸਪੀ ਰੱਖਦੇ ਹਨ। ਸਰਾਇਕੀ ਮੂਵਮੈਂਟ ਨੂੰ ਦਿੱਲੀ ਤੋਂ ਵੀ ਹੱਲਾ-ਸ਼ੇਰੀ ਮਿਲ ਰਹੀ ਹੈ। ਇਸ ਤੀਜੇ ਹਿੱਸੇ ਵਿਚ ਨਜ਼ੀਰ ਕਹੂਟ ਹੱਦੋਂ ਵੱਧ ਜਜ਼ਬਾਤੀ ਹੋ ਗਿਆ ਹੈ। ਇਕ ਥਾਂ ਤੇ ਉਹ ਬਿਲਕੁਲ ਤਾਰਾ ਸਿੰਘ ਹੀ ਬਣ ਗਿਆ ਹੈ। ਮਸਲਨ:

"ਇਹ ਗੱਲ ਹਰ ਪੰਜਾਬੀ ਨੂੰ ਜ਼ਹਿਨ ਨਸ਼ੀਨ ਕਰ ਲੈਣੀ ਚਾਹੀਦੀ ਹੈ ਕਿ ਮੁਲਤਾਨ, ਬਹਾਵਲਪੁਰ ਤੇ ਡੇਰਾ ਗ਼ਾਜ਼ੀ ਖ਼ਾਨ ਪੰਜਾਬੀ ਸ਼ਹਿਰ ਤੇ ਪੰਜਾਬ ਦਾ ਅਟੁੱਟ ਅੰਗ ਹਨ। ਮੇਰੇ ਭਾਣੇ ਇਹਨਾਂ ਤਿੰਨਾਂ ਸ਼ਹਿਰਾਂ ਨੂੰ ਪੰਜਾਬ ਤੋਂ ਵੱਖ ਕਰਨ ਜਾਂ ਪੰਜਾਬੀਆਂ ਨੂੰ ਇਹਨਾਂ ਸ਼ਹਿਰਾਂ ਤੋਂ ਦਸਤਬਰਦਾਰ (ਦਾਅਵੇ ਤੋਂ ਪਿੱਛੇ ਹੱਟਣ) ਹੋਵਣ ਦਾ ਮਤਲਬ ਪੰਜਾਬ ਦਾ ਸਿਰ ਕੱਟ ਦੇਵਣ ਦੇ ਤੁੱਲ ਹੈ। ਪੰਜਾਬੀਆਂ ਨੂੰ ਆਪਣਾ ਸਿਰ ਕੱਟਣ ਤੋਂ ਬਚਾਵਣ ਲਈ ਅਤੇ ਪੰਜਾਬ ਨੂੰ ਜੀਉਂਦਾ ਤੇ ਇਕਮੁੱਠ ਰੱਖਣ ਲਈ ਕੋਈ ਵੀ ਕਦਮ ਦਰ ਗੁਜ਼ਰਨ ਤੋਂ ਦਰੇਗ਼ ਨਹੀ ਕਰਨਾ ਚਾਹੀਦਾ, ਭਾਵੇਂ ਇਹਦਾ ਕਿੰਨਾ ਹੀ ਮੁੱਲ ਕਿਉਂ ਨਾ ਤਾਰਨਾ ਪਵੇ। ਪੰਜਾਬ ਨੂੰ ਵੰਡ ਤੇ ਪੰਜਾਬੀ ਜ਼ਬਾਨ ਨੂੰ ਤਬਾਹੀ ਤੇ ਬਰਬਾਦੀ ਤੋਂ ਬਚਾਵਣ ਲਈ ਪੰਜਾਬੀਆਂ ਨੂੰ ਜੇ ਖੋਪੜੀਆਂ ਦੇ ਮਿਨਾਰ ਵੀ ਉਸਾਰਨੇ ਪੈਣ ਤੇ ਸਿਰਾਂ ਦੀਆਂ ਫਸਲਾਂ ਵੀ ਕੱਟਣੀਆਂ ਪੈਣ ਤਾਂ ਉਹਨਾਂ ਨੂੰ ਇਹਦੇ ਤੋਂ ਵੀ ਦਰੇਗ ਨਹੀ ਕਰਨਾ ਚਾਹੀਦਾ।"

ਨਜ਼ੀਰ ਹੋਰਾਂ ਕਈ ਥਾਂ ਇਸ ਕਿਸਮ ਦੀ ਜ਼ਬਾਨ ਵਰਤੀ ਹੈ। ਅੱਗੇ ਜਾ ਕੇ ਚੜ੍ਹਦੇ ਪੰਜਾਬ ਬਾਰੇ ਲਿਖਦੇ ਹਨ: "ਭਾਰਤੀ ਸਰਕਾਰ ਨੇ ਮਸ਼ਰਕੀ ਪੰਜਾਬ ਦੇ ਤਿੰਨ ਪੰਜਾਬ ਬਣਾ ਛੱਡੇ ਹਨ ਪਰ ਪੰਜਾਬੀਆਂ ਨੇ ਉੱਥੇ ਇੰਨੀ ਜ਼ੋਰਦਾਰ ਲਹਿਰ ਚਲਾਈ ਕਿ ਹੁਣ ਭਾਰਤੀ ਸਰਕਾਰ ਚੰਡੀਗੜ੍ਹ ਵਾਪਸ ਪੰਜਾਬੀਆਂ ਨੂੰ ਦੇਵਣ ਦੀ ਪੇਸ਼ਕਸ਼ ਕਰ ਰਹੀ ਹੈ।"

ਹਾਲਾਂਕਿ ਸੱਚੀ ਗੱਲ੍ਹ ਤਾਂ ਇਹ ਹੈ ਕਿ ਬਚੇ ਖੁਚੇ ਚੜ੍ਹਦੇ ਪੰਜਾਬ ਨੂੰ ਤਾਂ ਆਪਣੀ ਹੋਂਦ ਦਾ ਮਸਲਾ ਬਣਿਆ ਹੋਇਆ ਹੈ ਤੇ ਦਿੱਲੀ ਸਰਕਾਰ ਬਾਕੀ ਦੇ ਪੰਜਾਬ ਨੂੰ ਵੀ ਇੰਡੀਅਨਾਈਜ਼ ਕਰ ਰਹੀ ਹੈ। ਉਹ ਇੰਜ ਦੀ ਪੇਸ਼-ਕਸ਼ ਹੋਰ ਕਿੰਦਾਂ ਕਰ ਸਕਦੀ ਹੈ।

ਇਸ ਕਿਤਾਬ ਦਾ ਬਹੁਤਾ ਅੰਦਾਜ਼ ਤਕਰੀਰੀ ਕਿਸਮ ਦਾ ਹੈ। ਇਹ ਅੰਦਾਜ਼ ਮੈਂ ਆਪ ਇਸ ਕਿਤਾਬ ਦੇ ਛਪਣ ਤੋਂ ਪੰਜ ਸਾਲ ਪਹਿਲਾਂ ਆਪਣੀ ਕਿਤਾਬ, "ਪੰਜਾਬੀ ਜ਼ਬਾਨ ਨਹੀ ਮਰੇਗੀ" ਵਿਚ ਵਰਤਿਆ ਸੀ। ਉਸ ਕਿਤਾਬ ਵਿਚ ਢੇਰ ਸਾਰੇ ਹਵਾਲੇ ਵੀ ਸਨ। ਪਰ ਉਹ ਕਿਤਾਬ ਬਹੁਤ ਹੱਦ ਤੀਕ ਜਜ਼ਬਾਤੀ ਸੀ। ਨਜ਼ੀਰ ਕਹੂਟ ਨੇ ਨਾ ਹੀ ਤੇ ਉਸ ਕਿਤਾਬ ਦਾ ਜ਼ਿਕਰ ਕੀਤਾ ਹੈ ਤੇ ਨਾ ਹੀ ਮੰਨੇ ਪਰਮੰਨੇ ਪੰਜਾਬੀ ਹਨੀਫ਼ ਰਾਮੇ ਹੋਰਾਂ ਦੀ ਕਿਤਾਬ "ਪੰਜਾਬ ਕਾ ਮੁਕੱਦਮਾ" ਦਾ ਜ਼ਿਕਰ ਕੀਤਾ। ਇਹ ਦੋਵੇਂ ਕਿਤਾਬਾਂ ਉਹਨਾਂ ਪੜ੍ਹੀਆਂ ਜ਼ਰੂਰ ਹੋਸਣ। ਇਹ ਦੋਵੇਂ ਕਿਤਾਬਾਂ ਪੰਜਾਬ ਬਾਰੇ ਹੀ ਸਨ।

ਮੈਂ ਫ਼ਖ਼ਰ ਜ਼ਮਾਨ ਹੋਰਾਂ ਦੇ ਇਸ ਖਿਆਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਪੰਜਾਬ ਦੇ ਮਸਲਿਆਂ ਬਾਰੇ ਸਾਨੂੰ ਲੌਜੀਕਲ ਤੇ ਸਾਇੰਟੇਫਿਕ ਤਰੀਕੇ ਨਾਲ ਕੰਮ ਕਰਨਾ ਚਾਹੀਦਾ ਹੈ। ਇਹ ਕਿਤਾਬ ਭਾਵੇਂ ਆਪਣੀ ਥਾਂ ਇਕ ਬੜੀ ਹੀ ਵੱਡੀ ਸਲਾਹੁਣ ਯੋਗ ਕੋਸ਼ਿਸ਼ ਹੈ ਤੇ ਇਹ ਕਿਤਾਬ ਆਪਣਾ ਕੰਮ ਕਰੇਗੀ, ਆਪਣਾ ਡੂੰਘਾ ਅਸਰ ਛੱਡੇਗੀ। ਪਰ ਜੇ ਕਦੇ ਇਹਨੂੰ ਹੋਰ ਸੰਜੀਦਗੀ ਨਾਲ ਖ਼ਿਆਲਾਂ ਤੇ ਮਸਲਿਆਂ ਨੂੰ ਸਾਂਭ ਸਾਂਭ ਤੇ ਤੋਲ ਤੋਲ ਕੇ ਲਿਖਿਆ ਜਾਂਦਾ ਤਾਂ ਸ਼ਾਇਦ ਇਹ ਆਪਣੇ ਲਿਹਾਜ਼ ਨਾਲ ਇਕ ਬਹੁਤ ਹੀ ਕਾਰਆਮਦ ਕਿਤਾਬ ਹੁੰਦੀ।

ਕਿਤਾਬ ਦਾ ਚੌਥਾ ਹਿੱਸਾ "ਪੰਜਾਬੀ ਜ਼ਬਾਨ ਦਾ ਮਸਲਾ" ਬਾਰੇ ਹੈ। ਇਸ ਹਿੱਸੇ ਵਿਚ ਉਹਨਾਂ ਸੱਭ ਪੰਜਾਬੀਆਂ ਨੂੰ ਲਲਕਾਰਿਆ ਗਿਆ ਹੈ ਜਿਹੜੇ ਪੰਜਾਬੀ ਨੂੰ ਛੱਡ ਕੇ ਉਰਦੂ ਦੀ ਸੇਵਾ ਵਿਚ ਰੁੱਝੇ ਹੋਏ ਹਨ।

ਡਾਕਟਰ ਇਕਬਾਲ ਉਰਦੂ ਫਾਰਸੀ ਦੇ ਮਹਾਨ ਕਵੀ ਨੂੰ ਵੀ ਨਜ਼ੀਰ ਕਹੂਟ ਨੇ ਡਾਹਡਾ ਰਗੜਾ ਚਾੜ੍ਹਿਆ ਹੈ। ਨਜ਼ੀਰ ਕਹੂਟ ਨੇ ਇਸ ਹਿੱਸੇ ਵਿਚ ਬਹੁਤ ਸਾਰੇ ਪੰਜਾਬੀਆਂ ਨੂੰ ਨੰਗਾ ਕੀਤਾ ਹੈ ਜਿਹੜੇ ਆਪਣੀ ਮਾਂ ਬੋਲੀ ਤੋਂ ਮੂੰਹ ਮੋੜ ਕੇ ਉਰਦੂ ਉਰਦੂ ਦਾ ਕਾਕੋ ਰੌਲਾ ਪਾਈ ਜਾ ਰਹੇ ਹਨ। ਨਜ਼ੀਰ ਕਹੂਟ ਦਾ ਕਿਤੇ ਕਿਤੇ ਜਜ਼ਬਾਤੀ ਹੋਣਾ ਬਿਲਕੁਲ ਠੀਕ ਵੀ ਜਾਪਦਾ ਹੈ ਕਿਉਂਕਿ ਪੰਜਾਬ ਤੇ ਪੰਜਾਬੀ ਨਾਲ ਹੋਵਣ ਵਾਲੇ ਜ਼ੁਲਮਾਂ ਦੀ ਲਿਸਟ ਵੀ ਤਾਂ ਬਹੁਤ ਲੰਮੀ ਹੈ। ਇਸ ਹਿੱਸੇ ਵਿਚ ਇਕ ਮਜ਼ਮੂਨ ਇਸ ਸਿਰਨਾਂਵੇਂ ਨਾਲ ਹੈ: "ਕੀ ਪੰਜਾਬੀ ਜ਼ਬਾਨ ਦਾ ਅਹਯਾ (ਰੀਵਾਈਵਲ) ਖਾਲਿਸਤਾਨੀ ਸਮੇਂ ਦੀ ਵਾਪਸੀ ਹੈ? ਇਸ ਹਿੱਸੇ ਵਿਚ ਨਜ਼ੀਰ ਕਹੂਟ ਮਹਾਜਰਾਂ ਵਲੋਂ ਲਿਖੇ ਗਏ ਮਜ਼ਮੂਨਾਂ ਦਾ ਹਵਾਲਾ ਦੇਂਦੇ ਹਨ ਕਿ ਜਦ ਵੀ ਪੰਜਾਬ ਵਿਚ ਪੰਜਾਬੀ ਜ਼ਬਾਨ ਦੀ ਗੱਲ ਛੁਹੀ ਜਾਂਦੀ ਹੈ, ਮਹਾਜਰ (ਯੂ. ਪੀ. ਅਤੇ ਸੀ. ਪੀ. ਤੋਂ ਆਏ ਲੋਕ) ਇਹਨੂੰ ਸਿੱਖਾਂ ਨਾਲ ਜੋੜ ਦੇਂਦੇ ਹਨ। ਪੰਜਾਬੀਆਂ ਨੂੰ ਮਜ਼੍ਹਬ ਦੇ ਨਾਂ ਉੱਤੇ ਡਰਾ ਧਮਕਾ ਕੇ ਪੰਜਾਬੀ ਤੋਂ ਦੂਰ ਤੇ ਉਰਦੂ ਦੇ ਲਾਗੇ ਰੱਖਿਆ ਜਾਂਦਾ ਹੈ।

ਚੌਥੇ ਹਿੱਸੇ ਵਿਚ ਹੀ ਉਹਨਾਂ ਉਰਦੂ ਦੇ ਖਿਲਾਫ ਸਿੰਧੀ ਸੂਝਵਾਨਾਂ ਵਲੋਂ ਆਖੇ ਗਏ ਤੇ ਲਿਖੇ ਗਏ ਬਿਆਨਾਂ ਨੂੰ ਵੀ ਛਾਪਿਆ ਹੈ।

ਪੰਜਵਾਂ ਹਿੱਸਾ: ਲਾਵਾਰਸ ਤੇ ਬੇਜ਼ਬਾਨ ਪੰਜਾਬ ਨਾਲ ਕੀ ਹੋ ਰਿਹਾ ਏ?"

ਇਸ ਹਿੱਸੇ ਵਿਚ ਬੰਗਲਾਦੇਸ਼ ਵਿਚ ਰੁਕੇ ਹੋਏ ਬਿਹਾਰੀਆਂ ਦੇ ਪੰਜਾਬ ਵਿਚ ਵਸਾਵਣ ਦੇ ਖਿਲਾਫ ਇਕ ਮਜ਼ਮੂਨ ਹੈ। ਪੰਜਾਬ ਦੇ ਮੁਆਸ਼ੀ (ਆਰਥਿਕ) ਮਸਲਿਆਂ ਬਾਰੇ ਬਹਿਸ ਕੀਤੀ ਗਈ ਹੈ। ਪੋਲੀਟੀਕਲ ਪਾਰਟੀਆਂ ਤੇ ਉਹਨਾਂ ਦੇ ਵੱਡੇ ਵੱਡੇ ਆਗੂਆਂ ਬਾਰੇ ਦੱਸ ਪਾਈ ਗਈ ਹੈ ਕਿ ਇਹ ਨਾਨ-ਪੰਜਾਬੀ ਹਨ। ਪਰ ਇਹ ਸਾਰੇ ਪੰਜਾਬ ਦੇ ਸਿਰ ਤੇ ਆਪਣੀ ਚੌਧਰ ਜਮਾਂਦੇ ਹਨ।

ਨਜ਼ੀਰ ਕਹੂਟ ਨੇ ਇਸ ਕਿਤਾਬ ਵਿਚ ਖੁੱਲ੍ਹੀਆਂ ਖੁੱਲ੍ਹੀਆਂ ਤੇ ਬਿਨਾਂ ਕਿਸੇ ਲਿਹਾਜ਼ ਦੇ ਗੱਲਾਂ ਕੀਤੀਆਂ ਹਨ। ਕਈ ਥਾਵਾਂ ਤੇ ਤਾਂ ਇੰਜ ਜਾਪਿਆ ਕਿ ਜਿਵੇਂ ਜੱਟ ਹੱਥ ਵਿਚ ਗੰਡਾਸਾ ਫੜ ਕੇ ਪਿੜ ਵਿਚ ਉੱਤਰ ਆਇਆ ਹੋਵੇ ਤੇ ਪੰਜਾਬੀ ਦੇ ਦੁਸ਼ਮਣਾਂ ਨੂੰ ਲਲਕਾਰ ਰਿਹਾ ਹੋਵੇ ਕਿ ਨਿਕਲੋ ਬਾਹਰ... ਤੁਹਾਡੀ... ਦੀ, ਤੁਹਾਡੀ... ਦੀ।

ਨਜ਼ੀਰ ਕਹੂਟ ਆਪ ਮੁੱਢਲੀ ਗੱਲ ਵਿਚ ਲਿਖਦੇ ਹਨ: "ਮੈਂ ਜਦੋਂ ਵੇਖਦਾਂ ਕਿ ਕੁਝ ਬਾਸ਼ਊਰ (ਚੇਤਨ) ਪੰਜਾਬੀ ਜਵਾਨ ਤੇ ਬਜ਼ੁਰਗ ਤੇ ਇਸ ਜ਼ਬਾਨ ਦੇ ਕੁਝ ਰਸਾਲੇ ਇਨਤਹਾਈ ਬੇਸਰੋਸਾਮਾਨੀ ਨਾਲ ਬੇਵੱਸੀ ਤੇ ਬੇਚਾਰਗੀ ਦੀ ਹਾਲਤ ਵਿਚ ਪੰਜਾਬੀ ਜ਼ਬਾਨ ਨੂੰ ਜ਼ਿੰਦਾ ਰੱਖਣ ਦੀਆਂ ਕੋਸ਼ਿਸ਼ਾਂ ਵਿਚ ਮਸਰੂਫ ਹਨ ਅਤੇ ਪਿੰਡਾਂ ਵਿਚ ਰਹਿਣ ਵਾਲੇ ਕਰੋੜਾਂ ਭੁੱਖੇ ਨੰਗੇ ਮਜ਼ਲੂਮ ਅਤੇ ਤੰਗੀਆਂ ਦੇ ਮਾਰੇ ਪੰਜਾਬੀਆਂ ਨੇ ਅਜੇ ਤੱਕ ਆਪਣੀ ਜ਼ਬਾਨ ਨੂੰ ਨਹੀ ਛੱਡਿਆ ਪਰ ਇਸ ਗੱਲ ਤੋਂ ਬੇਖ਼ਬਰ ਹਨ ਕਿ ਉਹਨਾਂ ਦੀ ਜ਼ਬਾਨ ਦੇ ਖਿਲਾਫ ਉਹਨਾਂ ਦੀ ਧਰਤੀ ਉੱਤੇ ਉਰਦੂ ਦੀ ਸ਼ਕਲ ਵਿਚ ਕਿੰਨੀ ਵੱਡੀ ਸਾਜ਼ਿਸ਼ ਕੀਤੀ ਜਾ ਰਹੀ ਹੈ। ਪੰਜਾਬੀ ਦਾ ਇਕ ਅਖ਼ਬਾਰ "ਸੱਜਣ" ਨਿਕਲਦਾ ਸੀ, ਉਹ ਵੀ ਕੁਝ ਪੰਜਾਬੀਆਂ ਦੀ ਬੇਗ਼ੈਰਤੀ ਦੀ ਹੱਦ ਤੱਕ ਵਧੀ ਹੋਈ ਉਰਦੂ-ਪ੍ਰਸਤੀ ਦੇ ਤਖ਼ਤੇ ਉੱਤੇ ਚੜ੍ਹ ਗਿਆ। ਮਜ਼ਲੂਮ ਪੰਜਾਬੀਆਂ ਦੇ ਮੁਕਾਬਲੇ ਤੇ ਜਦੋਂ ਵੀ ਪੰਜਾਬ ਸਰਕਾਰ, ਪੰਜਾਬ ਦੇ ਉਰਦੂ-ਪ੍ਰਸਤ ਤੇ ਉਰਦੂ ਪ੍ਰਸਤ ਪੰਜਾਬੀ ਦਾਨਿਸ਼ਵਰਾਂ, ਸ਼ਾਇਰਾਂ, ਲਿਖਾਰੀਆਂ, ਆਲਿਮਾਂ, ਮਜ਼੍ਹਬੀ ਤੇ ਸਿਆਸੀ ਆਗੂਆਂ ਨੂੰ ਉਰਦੂ ਦੇ ਹਵਾਈ ਘੋੜੇ ਉੱਤੇ ਸਵਾਰ ਹੱਥ ਵਿਚ ਉਰਦੂ ਕਲਮ ਦੀ ਤਲਵਾਰ


## ਸ਼ਾਨ ਡਰੇਪਰੀ ਲਿਮਟਿਡ

ਹਰ ਕਿਸਮ ਦੀਆਂ ਵਰਟੀਕਲਜ਼, ਬਲਾਈਂਡਜ਼, ਅਤੇ ਕਸਟਮ ਟਰੇਪਰੀਜ਼ ਵਾਸਤੇ ਫਰੀ ਐਸਟੀਮੇਟ ਲਗਵਾਉਣ ਲਈ ਫੋਨ ਕਰੋ:

ਸੁੱਚਾ ਸਿੰਘ ਕਲੇਰ ਜਾਂ ਰਮੇਸ਼ ਮਹਿਤਾ

ਫੋਨ/ਫੈਕਸ: 325-6090

7219 ਮੇਨ ਸਟਰੀਟ (56 ਐਵਨਿਊ ਦੇ ਨੇੜੇ)

ਵੈਨਕੂਵਰ, ਬੀ. ਸੀ. V5X 3J3

ਉੱਘਰ ਕੇ ਆਪਣੀਆਂ ਗੰਦੀਆਂ ਜ਼ਬਾਨਾਂ ਉੱਤੇ ਉਰਦੂ ਦੇ ਭਿਆਨਕ ਨਾਰ੍ਹੇ ਲਾਂਦੇ ਤੇ ਪੰਜਾਬ ਦੇ ਕੋਨੇ ਕੋਨੇ ਵਿਚ ਮਸਰੂਫ ਵੇਖਨਾ ਵਾਂ ਤਾਂ ਇਹ ਸੱਭ ਕੁਝ ਵੇਖ ਕੇ ਮੇਰਾ ਖ਼ੂਨ ਖੌਲਦਾ ਹੈ। ਤੇ ਮੈਂ ਸੋਚਨਾ ਵਾਂ ਜੇ ਮੇਰੇ ਵੱਸ ਵਿਚ ਹੁੰਦਾ ਤਾਂ ਮੈਂ ਹੁਣ ਤੱਕ ਪੰਜਾਬ ਵਿਚ ਇਸ ਉਰਦੂ-ਪ੍ਰਸਤ ਪੰਜਾਬੀ ਗਰੋਹ ਦੇ ਕਤਲੇ-ਆਮ ਦਾ ਵੀ ਹੁਕਮ ਜਾਰੀ ਕਰ ਚੁੱਕਾ ਹੁੰਦਾ। ਕਿਉਂ ਜੇ ਇਹ ਸ਼ਰਾਫਤ ਦੀ ਜ਼ਬਾਨ ਸਮਝਣ ਤੋਂ ਵਾਂਞੇ ਹਨ ਤੇ ਪੰਜਾਬੀ ਦੇ ਹਵਾਲੇ ਨਾਲ ਅਸਲੋਂ ਬੇਗੈਰਤੀ, ਢੀਠਪੁਣੇ, ਬੇਸ਼ਰਮੀ ਤੇ ਦਰਿੰਦਗੀ ਦੇ ਮਜ਼ਾਹਰੇ ਉੱਤੇ ਤੁਲੇ ਹੋਏ ਹਨ।"

ਨਜ਼ੀਰ ਕਹੂਟ ਹੋਰਾਂ ਇੰਜ ਦੀ ਹੀ ਜ਼ਬਾਨ ਵਰਤੀ ਹੈ। ਅੱਗੇ ਜਾ ਕੇ ਤੇ ਉਹ ਪੰਜਾਬ-ਦੁਸ਼ਮਣਾਂ ਦੀਆਂ ਨਸਲਾਂ ਦੇ ਵੀ ਕਤਲ ਦਾ ਹੁਕਮ ਜਾਰੀ ਕਰਦੇ ਹਨ। ਮੈਂ ਜ਼ਾਤੀ ਤੌਰ ਤੇ ਇਹੋ ਜਿਹੀ ਲਿਖਤ ਨੂੰ ਗੈਰ-ਸੰਜੀਦਾ ਸਮਝਦਾ ਹਾਂ ਭਾਵੇਂ ਇਹ ਮੇਰੇ ਹੱਥੋਂ ਹੀ ਕਿਉਂ ਨਾ ਲਿਖੀ ਗਈ ਹੋਵੇ।

ਪੰਜਾਬ ਤੇ ਪੰਜਾਬੀ ਦੇ ਮਸਲੇ ਉੱਤੇ ਕਈ ਸਾਲਾਂ ਤੋਂ ਗੌਰ-ਫ਼ਿਕਰ ਕਰਨ ਤੋਂ ਬਾਅਦ, ਮੈਂ ਇਸ ਨਤੀਜੇ ਤੇ ਅੱਪੜਿਆਂ ਹਾਂ ਕਿ ਪੰਜਾਬ ਦੇ ਮਸਲੇ, ਧਰਮਾਂ ਦੀ ਵੰਡ ਤੋਂ ਲੈ ਕੇ ਸਮਾਜਿਕ ਤੇ ਇਕਨਾਮਿਕ ਮਸਲਿਆਂ ਤੱਕ, ਤੇ ਪੰਜਾਬੀ ਜ਼ਬਾਨ ਤੇ ਇਹਦੀ ਹੋਂਦ (ਵਜੂਦ) ਤੇ ਇਹਦੀ ਲਿੱਪੀ ਦੇ ਮਸਲੇ ਤੇ ਹੋਰ ਕਈ ਕਿਸਮ ਦੇ ਨਫਸਿਆਤੀ (ਸਾਈਕੋਲੌਜੀਕਲ) ਮਸਲੇ, ਇਹ ਸਾਰੇ ਦੇ ਸਾਰੇ ਇਕ ਦੂਜੇ ਨਾਲ ਨੱਥੀ ਹਨ। ਤੇ ਜਿਹਨਾਂ ਇਹ ਸਾਰੇ ਮਸਲੇ ਪੈਦਾ ਕੀਤੇ ਹਨ ਅਤੇ ਜਿਹੜੇ ਲੋਕੀਂ ਉਹਨਾਂ ਦੇ ਮਦਦਗਾਰ ਹਨ, ਉਹ ਬਹੁਤ ਹੀ ਸਿਆਣੇ ਤੇ ਕਮਾਲ ਦਾ ਸ਼ੈਤਾਨੀ ਦਿਮਾਗ਼ ਰੱਖਣ ਵਾਲੇ ਜਾਲ ਬੁਨਣ ਵਿਚ ਮਾਹਿਰ ਸਨ ਜਾਂ ਅੱਜ ਵੀ ਉਹ ਗਰੋਹ (ਜੱਥਾ) ਕੋਈ ਆਮ ਜਜ਼ਬਾਤੀ ਸੁਭਾਅ ਰੱਖਣ ਵਾਲਾ ਨਹੀਂ। ਇਹ ਜਾਲ ਬੁਨਣ ਵਾਲਾ ਜੱਥਾ ਯਕੀਨਨ ਬੜਾ ਹੀ ਠੰਢਾ ਮਜਾਜ਼ ਰੱਖਣ ਵਾਲਾ ਹੈ ਤੇ ਇਹਦੀਆਂ ਗਹਿਰੀਆਂ ਚਾਲਾਂ ਨੂੰ ਸਮਝਣ ਤੇ ਮੁੜ ਉਹਨਾਂ ਚਾਲਾਂ ਦਾ ਤੋੜ ਕੱਢਣ ਲਈ (ਦੋਹਾਂ ਧਿਰਾਂ ਦੇ) ਪੰਜਾਬ ਨੂੰ ਬੜੇ ਸੰਜੀਦਾ ਕਿਸਮ ਦੇ ਸੱਚੇ ਤੇ ਖਰੇ ਪੰਜਾਬੀ ਪਿਆਰਿਆਂ ਦੀ ਲੋੜ ਹੈ। ਨਿਰਾ ਜ਼ੋਰ ਲਾਇਆਂ, ਬੜ੍ਹਕਾਂ ਮਾਰਿਆਂ ਜਾਂ ਅੱਖਾਂ ਕੱਢਣ ਨਾਲ ਤਾਕਤ ਜ਼ਾਇਆ ਤਾਂ ਹੋ ਸਕਦੀ ਹੈ, ਪਰ ਪੰਜਾਬ ਦੀ ਧਰਤੀ ਦੇ ਦੁਸ਼ਮਣਾਂ ਨੂੰ ਪਛਾੜਿਆ ਨਹੀਂ ਜਾ ਸਕੇਗਾ।

ਇਸ ਸਾਰੀ ਬਹਿਸ ਤੇ ਪਰਖ ਦੇ ਬਾਵਜੂਦ ਨਜ਼ੀਰ ਕਹੂਟ ਦੀ ਕਿਤਾਬ ਵਿਚ ਬਹੁਤ ਕੁਝ ਹੈ। ਤੇ ਪੰਜਾਬ ਬਿਲਖ਼ਸੂਸ ਪਾਕਿਸਤਾਨੀ ਪੰਜਾਬ ਬਾਰੇ ਦਿਲਚਸਪੀ ਰੱਖਣ ਵਾਲੇ ਨੂੰ ਬਹੁਤ ਕੁਝ ਮਿਲ ਸਕਦਾ ਹੈ। ਨਜ਼ੀਰ ਕਹੂਟ ਨੇ ਬੜੀ ਮਿਹਨਤ ਨਾਲ ਹਕਾਇਕ (ਫੈਕਟਸ) ਇਕੱਠੇ ਕੀਤੇ ਹਨ। ਇਹ ਕਿਤਾਬ ਉਰਦੂ ਵਿਚ ਵੀ ਹੈ ਤੇ ਪੰਜਾਬੀ (ਪਰਸ਼ੀਅਨ ਲਿਪੀ) ਵਿਚ ਵੀ। ਉਹਨਾਂ ਨੇ ਕਿਤਾਬ ਦੋ ਕਿਸਮ ਦੇ ਐਡੀਸ਼ਨਾਂ ਵਿਚ ਛਾਪੀ ਹੈ। ਇਕ ਡੀਲਕਸ ਐਡੀਸ਼ਨ ਜਿਹਦਾ ਮੁੱਲ ਪਾਕਿਸਤਾਨ ਵਿਚ 170 ਰੁਪਏ ਹੈ ਤੇ ਦੂਜਾ ਸਾਦਾ ਐਡੀਸ਼ਨ ਅਖ਼ਬਾਰੀ ਕਾਗਜ਼ ਤੇ ਹੈ ਤੇ ਉਹਦਾ ਮੁੱਲ 80 ਰੁਪਏ ਹੈ। ਕਿਤਾਬ ਦੇ ਕੁਲ ਸਫ਼ੇ 360 ਹਨ। ਤੇ ਮਿਲਣ ਦਾ ਪਤਾ ਹੈ:

Waris Shah Publications
17 - C, 1st Floor,
Commercial Area, "A'
Defence Housing Authority
Karachi - 46, Pakistan


ਵਤਨ ਦਾ ਨਵਾਂ ਪਤਾ:

WATAN
COLLINGWOOD P O
PO BOX 27132, RPO COLLINGWOOD
VANCOUVER, B.C., CAN., V5R 6A8


# ਪੁਸਤਕ ਪਰਿਚੈ

**ਉਡੀਕ** (ਨਾਵਲ, 1993)
ਲੇਖਕ: ਅਵਤਾਰ ਰੋਡੇ
ਪ੍ਰਕਾਸ਼ਕ: ਨਾਨਕ ਪੁਸਤਕ ਮਾਲਾ, ਅੰਮ੍ਰਿਤਸਰ
ਸਫੇ: 216; ਕੀਮਤ 80 ਰੁਪਏ/8 ਡਾਲਰ

ਆਪਣੇ ਪਲੇਠੀ ਦੇ ਨਾਵਲ 'ਉਡੀਕ' ਵਿਚ, ਭਾਵੇਂ ਅਵਤਾਰ ਰੋਡੇ ਨੇ ਕੈਨੇਡਾ ਦੀਆਂ ਪਦਾਰਥਕ ਸੁਖ-ਸਵਿਧਾਵਾਂ ਤੇ ਰਵਾਇਤੀ ਸ਼ਿਸ਼ਟਾਚਾਰ ਨੂੰ ਇੱਥੇ ਵਸੇ ਪੰਜਾਬੀ ਪਿਛੋਕੜ ਵਾਲੇ ਪਰਵਾਸੀ ਭਾਈਚਾਰੇ ਦੇ ਲੋਕਾਂ ਦੀ ਆਪਸੀ ਗੱਲ ਬਾਤ ਦਾ ਸਰਸਰੀ ਜੇਹਾ ਮੌਜ਼ੂ ਬਣਾ ਕੇ, ਕੈਨੇਡੀਅਨ ਤੇ ਪੰਜਾਬੀ ਤਰਜ਼ਿ-ਜ਼ਿੰਦਗੀ ਦੇ ਤਰਵੇਂ ਜੇਹੇ ਤੁਲਨਾਤਮਿਕ ਚਿੱਤਰ ਪੇਸ਼ ਕਰਨ ਦੇ ਕੁਝ ਉਪਰਾਲੇ ਵੀ ਕੀਤੇ ਹਨ, ਪਰੰਤੂ ਇਸ ਗਲਪ-ਰਚਨਾ ਦਾ ਮੂਲ ਸਰੋਕਾਰ ਪੰਜਾਬੀ ਪਰਵਾਸੀਆਂ ਦੇ ਪਰਿਵਾਰਕ ਸੰਬੰਧਾਂ ਦੇ ਪ੍ਰਸੰਗ ਵਿਚ ਔਰਤ ਦੀ ਤ੍ਰਾਸਦਿਕ ਸਥਿਤੀ ਦੀ ਯਥਾਰਥਕ ਪੇਸ਼ਕਾਰੀ ਹੀ ਹੈ।

ਪਾਠਕ ਨੂੰ ਇਸ ਭਾਵੀ ਯਥਾਰਥ ਦੀ ਮੁੱਢਲੀ ਟੋਹ ਲਈ ਲੋੜੀਂਦੇ ਸੰਕੇਤ ਭਾਵੇਂ 'ਉਡੀਕ' ਦੇ ਪ੍ਰਾਰੰਭਕ ਕਾਂਡਾਂ ਵਿਚੋਂ ਹੀ ਪ੍ਰਾਪਤ ਹੋ ਜਾਂਦੇ ਹਨ, ਪਰੰਤੂ ਇਸਦੀ ਭਿਅੰਕਰ ਪ੍ਰਚੰਡਤਾ ਦੀ ਅਮਲੀ ਥਾਹ ਪਾਉਣ ਲਈ, ਉਸਨੂੰ ਨਾਵਲ ਦੀ ਸਮੁੱਚੀ ਘਟਨਾਗਤੀ ਦੇ ਨਾਲੋ ਨਾਲ ਹਮਕਦਮ ਹੋ ਕੇ ਤੁਰਨਾ ਪੈਂਦਾ ਹੈ। ਇਸ ਰਚਨਾ ਦੀ ਸਮੁੱਚੀ ਕਰਮਗਤੀ ਵਿਚ ਪਾਠਕ ਦੀ ਸ਼ਰਕਤ ਜਿਸ ਕਦਰ ਸਹਿਜ ਰੂਪ ਵਿਚ ਬਣੀ ਰਹਿੰਦੀ ਹੈ, ਉਹ ਇਸਦੀ ਸੁਹੰਢਣੀ ਤੇ ਸਾਰਥਿਕ ਬ੍ਰਿਤਾਂਤਕ ਰੌਚਿਕਤਾ ਦਾ ਪ੍ਰਤੱਖ ਪ੍ਰਮਾਣ ਹੈ।

ਕਿਸਾਨੀ -ਵਿਰਸੇ ਵਾਲੇ ਪਰਵਾਸੀ ਪੰਜਾਬੀ ਭਾਈਚਾਰੇ ਦੀ ਰਹਿਤਲ ਦੇ ਜਿਹੜੇ ਤੱਥ 'ਉਡੀਕ' ਦੀ ਅਗ੍ਰ-ਭੂਮੀ ਵਿਚੋਂ ਉਜਾਗਰ ਹੁੰਦੇ ਹਨ, ਉਨ੍ਹਾਂ ਦੇ ਸੱਭ ਨੁਮਾਇਆਂ ਪਹਿਲੂ ਕਿਸੇ ਵੀ ਪੱਧਰ ਤੇ ਵਰਤਮਾਨ ਨਾਲ ਸਿਰਜਣਾਤਮਕ ਤਣਾਓ ਵਿਚ ਜੀਵਕ ਤੌਰ ਤੇ ਦੋ-ਚਾਰ ਹੋਣ ਦੀ ਥਾਂ ਬੀਤੇ ਦੀ ਹੀ ਪੱਕੀ-ਪੀਢੀ ਕੱਸ ਵਿਚ ਨਪੀੜੇ, ਤਾਂਘੜਦੇ, ਦਹਾੜਦੇ ਤੇ ਕੁਝ ਸੂਰਤਾਂ ਵਿਚ ਕਬਾਇਲੀ ਬਰਬਰਤਾ ਨਾਲ ਕੁਹਰਾਮ ਮਚਾਉਂਦੇ ਨਜ਼ਰ ਆਉਂਦੇ ਹਨ।

ਚਰਚਾ ਅਧੀਨ ਪੰਜਾਬੀ ਪਾਤਰ ਤਨ ਦੀ ਪੱਧਰ ਤੇ ਤਾਂ ਪਰਦੇਸੀ ਹਨ ਪਰ ਮਨ ਦੀ ਪੱਧਰ ਤੇ ਮਹਿਜ਼ ਦੇਸੀ, ਅਤੇ ਉਨ੍ਹਾਂ ਦਾ 'ਦੇਸੀ ਪੁਣਾ' ਇਸ ਕਰਕੇ ਹੋਰ ਵੀ ਵਧੇਰੇ ਦੁਖਾਂਤਕ ਨੌਈਅਤ ਦਾ ਧਾਰਨੀ ਹੋ ਗਿਆ ਹੈ, ਕਿਉਂਕਿ ਉਨ੍ਹਾਂ ਦਾ 'ਦੇਸ' 'ਕਾਲ' ਦੀ ਗਤੀਸ਼ੀਲਤਾ ਦੇ ਵਿਕਾਸਾਤਮਕ ਪ੍ਰਭਾਵ ਤੋਂ ਅਸਲੋਂ ਹੀ ਅਣਭਿੱਜ ਹੋ ਕੇ ਅਜੇਹੇ ਬਿੰਦੂ ਤੇ ਫ੍ਰੀਜ਼ ਹੋ ਗਿਆ ਹੈ, ਜੋ ਉਨ੍ਹਾਂ ਦੇ ਜੱਦੀ-ਪੁਸ਼ਤੀ ਦੇਸ ਲਈ ਵੀ ਬੜੀ ਤੇਜ਼ੀ ਨਾਲ ਅਪ੍ਰਸੰਗਕ ਹੋ ਰਿਹਾ ਹੈ, ਪਰ 'ਉਡੀਕ' ਦੇ ਭਾਈਵੰਦ ਹਾਲੇ ਵੀ ਆਪਣੇ ਪੁਰਾਣੇ ਮੋਰਚਿਆਂ ਤੇ ਹੀ ਪੂਰੀ ਮੁਸਤੈਦੀ ਨਾਲ ਡਟੇ ਹੋਏ ਹਨ।

ਕੋਮਲ ਜਜ਼ਬਾਤੀ/ਮਾਨਸਿਕ ਸਰੋਕਾਰਾਂ ਤੋਂ ਲੈ ਕੇ ਹਰ ਭਾਂਤ ਦੇ ਪਰਿਵਾਰਕ ਫੈਸਲਿਆਂ ਵਿਚ ਮਰਦ ਦੀ ਮਨਮਰਜ਼ੀ/ਸਰਦਾਰੀ ਇਸ ਫ੍ਰੀਜ਼ ਹੋਏ ਸਦਾਚਾਰ ਦੀ ਬੁਨਿਆਦੀ ਚੂਲ ਹੈ। ਦਲੀਲ-ਆਧਾਰਿਤ ਆਪਸੀ ਸੰਚਾਰ ਦੀ ਥਾਂ, ਧੌਂਸ, ਧੌਲ, ਧੱਕਾ ਤੇ ਧੜੱਲਾ ਇਸ ਆਚਾਰ-ਮਰਯਾਦਾ ਨੂੰ ਮਨਵਾਉਣ ਦੇ ਆਮ ਪ੍ਰਚਲਿਤ ਵਸੀਲੇ ਹਨ। ਪਤੀ ਦੀ ਸੱਭ ਹੱਦਾਂ-ਬੰਨੇ ਤੋੜਦੀ ਸ਼ਰਾਬਨੋਸ਼ੀ, ਅਵਾਰਾਗਰਦੀ ਜਾਂ ਪਰਿਵਾਰਕ ਰਿਸ਼ਤਿਆਂ ਨੂੰ ਖੇਰੂੰ ਖੇਰੂੰ ਕਰਨ ਵਾਲੀ ਵਿਭਚਾਰਕ ਪਰਵਿਰਤੀ ਵਿਚ ਪਤਨੀ ਦੀ ਚਿੰਤਾ ਜਾਂ ਦਖਲਅੰਦਾਜ਼ੀ, ਇਸ ਮਰਯਾਦਾ ਲਈ ਮੂਲੋਂ-ਮੁੱਢੋਂ ਹੀ ਬਣਿਰਣ ਤੇ ਬੇਕਿਰਕੀ ਨਾਲ ਦਬਾ ਸੁੱਟਣ ਵਾਲੀ ਹਿਮਾਕਤ ਤੋਂ ਵੱਧ ਹੋਰ ਕੋਈ ਮਹੱਤਤਾ ਨਹੀ ਰੱਖਦੀ।

ਭੂਮਿਕਾ-ਪਸਾਰੇ ਦੀ ਦ੍ਰਿਸ਼ਟੀ ਤੋਂ ਰਾਜਵੀਰ, ਅਤੇ ਚਰਿੱਤਰਗਤ ਗੌਰਵ, ਪਹਿਲਕਦਮੀ, ਸੰਤੁਲਨ, ਤਰਕਸ਼ੀਲਤਾ ਤੇ ਮੂਲ ਮਾਨਵੀ ਸੁਹਿਰਦਤਾ ਦੀ ਦ੍ਰਿਸ਼ਟੀ ਤੋਂ ਰਣਜੀਤ, 'ਉਡੀਕ' ਦੀਆਂ ਦੋਨੋਂ ਹੀ ਨਾਇਕਾਵਾਂ ਉਪ੍ਰੋਕਿਤ ਮੁੱਲ-ਵਿਧਾਨ ਦੇ ਕਹਿਰ ਨੂੰ ਥੋੜ੍ਹੇ ਬਹੁਤੇ ਫਰਕਾਂ ਨਾਲ ਆਪੋ ਆਪਣੇ ਤਨ-ਮਨਾਂ ਤੇ ਓਡੇ ਕੇਡ ਹੀ ਹੰਢਾਉਂਦੀਆਂ ਹਨ।

ਰਣਜੀਤ, ਉਮਰ, ਅਕਲ, ਵਿਦਿਆ ਤੇ ਸੰਵੇਦਨਸ਼ੀਲਤਾ ਵਿਚ ਆਪਣੇ ਪਤੀ ਨਾਲੋਂ ਵੱਖਰੀ/ਬੇਹਤਰ ਹੋਣ ਕਾਰਨ ਅਣਜੋੜ ਵਿਆਹ ਵਾਲੇ ਸਾਰੇ ਦੁੱਖ ਭੋਗਦੀ ਹੈ ਤੇ ਰਾਜਵੀਰ ਕਈ ਜ਼ਾਹਿਰਾ ਸੁਮੇਲਾਂ ਦੇ ਬਾਵਜੂਦ ਸਤਵੰਤ ਦੇ ਪਰਤ ਦਰ ਪਰਤ ਬੰਤੇ ਵਾਲੇ ਹੀ ਓਸੇ 'ਜਾਮਣੀ ਰੰਗ' ਦੇ ਉੱਘੜਕੇ ਓਹੀ ਜਲੌਅ ਧਾਰਨ ਕਰ ਲੈਣ ਕਾਰਨ ਨਿਰਾਦਰ, ਤ੍ਰਿਸਕਾਰ, ਕੁੱਟਮਾਰ ਤੇ ਤਲਾਕ ਅਤੇ ਤਲਾਕ ਤੋਂ ਬਾਅਦ ਵੀ ਛਿਨਾਲ ਹੋਣ ਦੀ ਤੁਹਮਤ ਮਲਾਮਤ ਤੀਕ ਆਦਿ ਦੇ ਸਾਰੇ ਤਸੀਹੇ ਜਰਦੀ ਹੈ।

ਜਿਥੇ ਰਣਜੀਤ ਦਾ 'ਕਸੂਰ' ਚਹੁੰ ਧੀਆਂ ਦੀ ਮਾਂ ਹੋਣਾ ਹੈ ਉੱਥੇ ਰਾਜਵੀਰ ਦਾ ਦੋਸ਼ ਇਹ ਹੈ ਕਿ ਉਹ ਆਪਣੇ ਪਤੀ ਦੇ ਕਪਟਜਾਲ ਵਿਚ ਫਸ ਕੇ ਆਪਣੀ ਮਰਜ਼ੀ ਦੇ ਉਲਟ ਗਰਭ-ਪਾਤ ਕਰਵਾ ਕੇ ਮੁੜ ਮਾਂ ਬਣਨ ਦੇ ਆਰਜ਼ੀ ਤੌਰ ਤੇ ਅਸਮ੍ਰਥ ਹੋ ਗਈ ਹੈ।

ਰਣਜੀਤ ਤਲਾਕ ਤੋਂ ਬਾਅਦ ਆਪਣਾ ਘਰ ਮੁੜ-ਵਸਾਉਣ ਦਾ ਉੱਦਮ/ਪੌਰਖ ਦਿਖਾ ਕੇ ਨਰੋਈ ਪਹਿਲ ਕਦਮੀ ਦੇ ਪ੍ਰਮਾਣ ਪੇਸ਼ ਕਰਦੀ ਹੈ, ਪਰ ਰਾਜਵੀਰ ਆਪਣੇ ਬਿਨ-ਸ਼ਰਤ ਤੇ ਬੇਮੇਚੇ ਸੁਹਿਰਦ ਸਹਿਯੋਗ ਦੇ ਬਾਵਜੂਦ, ਕੁੱਟ-ਮਾਰ ਕੇ ਘਰੋਂ ਕੱਢੇ ਜਾਣ ਤੇ ਕਾਨੂੰਨੀ ਤੌਰ ਤੇ ਤਿਆਗੇ ਜਾਣ ਤੋਂ ਬਾਅਦ ਵੀ ਆਪਣੇ ਪਤੀ ਦੇ ਬਿੰਦ ਨੂੰ ਆਪਣੇ ਗੁਪਤਵਾਸ ਦੌਰਾਨ ਆਪਣੀ ਕੁੱਖ ਵਿਚ ਧਾਰਨ ਕਰੀ ਰੱਖਣ ਤੇ ਸਤਵੰਤ ਤੇ ਰਾਜਵੀਰ ਦੇ ਭਵਿੱਖਵਰਤੀ ਸੁਮੇਲ ਦੇ ਰੂਪ ਵਿਚ ਆਪਣੇ ਪੁੱਤਰ ਸਤਵੀਰ ਨੂੰ ਨਾਲ ਲੈ ਕੇ ਮੁੜ-ਵਸੇਬੇ ਦੀ ਆਸ ਨਾਲ ਆਪਣੇ ਪਤੀ ਦੇਵ ਦੇ ਦੁਆਰ ਫੇਰ ਹਾਜ਼ਿਰ ਹੋਣ ਦੀ ਅਗਨੀ-ਪ੍ਰੀਖਿਆ ਵਿਚੋਂ ਇਕ ਵਾਰ ਫੇਰ ਅਸਫਲ ਰਹਿਣ ਬਾਅਦ ਦੇਸ-ਮੁੜਕੇ ਆਪਣੇ ਵਡਾਰੂਆਂ ਦੀ ਦਖਲਅੰਦਾਜ਼ੀ ਨਾਲ ਆਪਣੇ ਪਤੀ ਦੀ ਉਡੀਕ ਦਾ ਪੱਲਾ ਆਪਣੇ ਹੱਥੋਂ ਨਹੀਂ ਛੱਡਦੀ। ਅੰਤ, ਜਦ ਇਸ ਮੋਈ ਉਡੀਕ ਵਿਚ ਕੋਈ ਵੀ ਦਮ ਬਾਕੀ ਨਹੀਂ ਰਹਿੰਦਾ ਤਾਂ ਉਹ ਬਲਵੰਤ ਨਾਂ ਦੇ ਮੁੰਡੇ ਨਾਲ ਵਿਆਹ ਕਰਕੇ ਮੁੜ ਕੈਨੇਡਾ ਆ ਕੇ ਇੱਕ ਹੋਰ ਬੱਚੇ ਨੂੰ ਜਨਮ ਦੇਣ ਦੀ ਇੰਤਜ਼ਾਰ ਦੇ ਨਾਲ ਨਾਲ ਬਲਵੰਤ ਦੀ ਉਡੀਕ ਦਾ ਉਮਾਹ ਆਪਣੀ ਹਿੱਕ ਨਾਲ ਲਾ ਕੇ ਰੱਖਦੀ ਹੈ। ਬਲਵੰਤ ਕੈਨੇਡਾ ਆਉਂਦਾ ਤਾਂ ਹੈ, ਪਰ ਰਾਜਬੀਰ ਲਈ ਅਸਲੋਂ ਹੀ ਅਪੁੰਹਚ ਹੋ ਕੇ ਕਿਧਰੇ ਹੋਰ ਅਗਿਆਤ-ਵਾਸੀ ਹੋ ਜਾਂਦਾ ਹੈ।

'ਉਡੀਕ' ਦਾ ਸਮੁੱਚਾ ਘਟਣਾਗਤ ਵਿਕਾਸ ਪੰਜਾਬੀ ਪਰਵਾਸੀ ਭਾਈਚਾਰੇ ਵਿਚ ਔਰਤ ਦੀ ਤ੍ਰਾਸਦਿਕ ਮੰਦਹਾਲੀ ਦੇ ਇਸ ਮਹੌਲ ਦੀ ਸਜਿੰਦ ਪੇਸ਼ਕਾਰੀ ਦੇ ਇੱਕੋ ਇੱਕ ਬਿੰਦੂ ਵਲ ਸੇਧਿਤ ਹੈ। ਅਵਤਾਰ ਰੋਡੇ ਆਪਣੇ ਪਾਠਕਾਂ ਦਾ ਧਿਆਨ ਇਸ ਬਿੰਦੂ 'ਤੇ ਕੇਂਦ੍ਰਿਤ ਕਰਨ ਵਿਚ ਸਫਲ ਹੋਇਆ ਹੈ, ਪਰ ਜਿਨ੍ਹਾਂ ਤਣਾਵਾਂ ਦੀ ਪੀਢੀ ਗੋਦ ਵਿਚ ਬੱਝ ਕੇ ਉਡੀਕ ਦੀ ਕਥਾ ਆਪਣੇ ਅੰਤਮ ਬਿੰਦੂ ਤੇ ਪੁੱਜਦੀ ਹੈ, ਉਸ ਦੀਆਂ ਤੰਦਾਂ ਕੁਝ ਥਾਂਹਾਂ ਤੋਂ ਛਿੱਜ ਗਈਆਂ ਪ੍ਰਤੀਤ ਹੁੰਦੀਆਂ ਹਨ।

ਉਦਾਹਰਣ ਵਜੋਂ ਜੇ ਰਾਜਵੀਰ ਨੇ ਘੋਰ ਤਸੀਹਿਆਂ ਤੇ ਤ੍ਰਿਸਕਾਰ ਤੋਂ ਬਾਅਦ ਹੋਏ ਤਲਾਕ ਮਗਰੋਂ ਵੀ ਸਤਵੰਤ ਨਾਲ ਟੁੱਟੀ-ਗੰਢਣ ਦੀ ਆਸ ਦੀ ਅਗਨੀ-ਪ੍ਰੀਖਿਆ ਵਿੱਚੀ ਗੁਜ਼ਰਕੇ ਹੋਰ ਜ਼ਲਾਲਤ ਦਾ ਜੋਖਮ ਉਠਾਉਣਾ ਹੀ ਸੀ, ਤਾਂ ਆਪਣੇ ਗਰਭਕਾਲ ਦੌਰਾਨ ਉਸੇ ਸ਼ਹਿਰ ਵਿਚ ਰਹਿਣ ਤੇ ਸਤਵੰਤ ਦੇ ਬਾਰੰਬਾਰ ਫੋਨੀ-ਸਨੇਹਿਆਂ ਦੇ ਬਾਵਜੂਦ, ਉਸਨੂੰ ਉਹਦੇ ਹੀ ਬਿੰਦ ਨਾਲ ਹਾਮਿਲਾ ਹੋਣ ਦੀ ਖੁਸ਼ਖ਼ਬਰੀ ਸੁਣਾਉਣ ਲਈ ਕੋਈ ਸਿੱਧਾ ਜਾਂ ਅਸਿੱਧਾ ਸੰਪਰਕ ਕਾਇਮ ਕਰਨ ਦੀ ਕੋਸ਼ਿਸ਼ ਕਿਉਂ ਨਾ ਕੀਤੀ?

ਆਖਿਰ ਰਾਜਵੀਰ ਦੇ ਸਾਰੇ ਸੰਤਾਪ ਦਾ ਇੱਕੋ ਇੱਕ ਕਾਰਨ ਉਹਦਾ ਤਥਾਕਥਿਤ ਬਾਂਝਪਣ ਹੀ ਤਾਂ ਸੀ।

ਤੇ ਫੇਰ ਜੈਲੇ ਤੇ ਮੱਘਰ ਨਾਲ ਮੇਲ ਤੋਂ ਬਾਅਦ ਜਦ ਸਤਵੰਤ ਨੂੰ ਸਤਵੀਰ ਦੇ ਆਪਣੇ ਹੀ ਪੁੱਤਰ ਹੋਣ ਦਾ ਯਕੀਨ ਵੀ ਹੋ ਜਾਂਦਾ ਹੈ ਤੇ ਰਾਜਬੀਰ ਨਾਲ ਮੁੜ-ਮਿਲਣ ਦੀ ਉਹਦੀ ਸਿੱਕ ਵੀ ਬੜੀ ਤਿੱਖੀ ਪ੍ਰਤੀਤ ਹੁੰਦੀ ਹੈ। ਹੋਰ ਕੋਈ ਰਿਸ਼ਤਾ ਉਹਦੇ ਪੁਨਰ-ਮੇਲ ਵਿਚ ਕੋਈ ਜ਼ਾਹਿਰਾ ਰੁਕਾਵਟ ਵੀ ਨਹੀਂ। ਰਾਜਵੀਰ ਦੇਸ ਜਾ ਕੇ ਵੀ ਕਾਫੀ ਚਿਰ ਆਪਣੇ ਸਾਬਕਾ ਪਤੀ ਦੀ ਉਡੀਕ ਕਰਦੀ ਹੈ। ਉਹਦੇ ਮਾਂ-ਬਾਪ ਵੀ ਆਪਣੇ ਪੁੱਤਰ ਦੀ ਇਸ ਮੰਤਵ ਲਈ ਦੇਸ਼ ਵਾਪਿਸੀ ਲਈ ਜ਼ੋਰ ਪਾਉਂਦੇ ਹਨ। ਪਰ ਇਸ ਸੱਭ ਕੁਝ ਦਾ ਸਿੱਟਾ ਕੁਝ ਵੀ ਨਹੀਂ ਨਿਕਲਦਾ।

ਇਕ ਵਾਰ ਪਹਿਲਾਂ ਵੀ ਘਰੋਂ ਬਾਹਿਰ ਕੱਢੇ ਜਾਣ ਦੀ ਸੂਰਤ ਵਿਚ ਰਾਜੀ ਦੇ ਇਸ ਤਰਲੇ 'ਪਲੀਜ਼ – ਮੈਂ ਮਾਂ, ... ' ਨੂੰ ਸਤਵੰਤ ਵਲੋਂ ਅਣਗੌਲਿਆ ਅਣਸੁਣਿਆ, ਸ਼ਾਇਦ ਲੇਖਕ ਵਲੋਂ ਇਸ ਕਰਕੇ ਕਰਵਾ ਦਿੱਤਾ ਜਾਂਦਾ ਹੈ ਕਿ ਇਸ ਤੋਂ ਉਲਟ ਹਾਲਤ ਵਿਚ ਉਹਦੀ ਕਹਾਣੀ ਨੇ ਇੱਛਾਮੂਲਕ ਅੰਤ ਦੀ ਥਾਂ ਕਿਸੇ ਹੋਰ ਦਿਸ਼ਾ ਵੱਲ ਮੂੰਹ-ਜ਼ੋਰ ਹੋ ਕੇ ਤੁਰ ਪੈਣਾ ਸੀ।

ਪੂਰਵ-ਨਿਸ਼ਚਿਤ ਜਾਂ ਇੱਛਾ ਮੂਲਕ ਅੰਤ ਦੇ ਮੋਹ ਵਿਚ ਘਟਣਾ ਕ੍ਰਮ ਦੇ ਸਹਿਜ ਵਿਕਾਸ ਨੂੰ ਭੰਗ ਕਰਨ ਦੀ ਪ੍ਰਵਿਰਤੀ ਗਲਪ-ਰਚਨਾ ਦੇ ਕਲਾਤਮਿਕ ਰੂਪ-ਵਿਧਾਨ ਨੂੰ ਕਾਸਰ ਹੀ ਬਣਾਉਂਦੀ ਹੈ।

ਸਮੁੱਚੇ ਤੌਰ ਤੇ ਅਵਤਾਰ ਰੋਡੇ ਨੇ ਉਡੀਕ ਵਿਚ ਪੰਜਾਬੀ ਭਾਈਚਾਰੇ ਦੀ ਰਹਿਤਲ ਦੇ ਇਕ ਬੜੇ ਹੀ ਰੋਗੀ ਪੱਖ ਨੂੰ ਜਿਸ ਕਦਰ ਉਭਾਰ ਕੇ ਪੇਸ਼ ਕੀਤਾ ਹੈ, ਉਸ ਲਈ ਉਹ ਸਾਡੀ ਹਾਰਦਿਕ ਪ੍ਰਸ਼ੰਸਾ ਤੇ ਵਧਾਈ ਦਾ ਹੱਕਦਾਰ ਹੈ।

**– ਡਾਕਟਰ ਸਾਧੂ ਸਿੰਘ**

## ਨਦੀਮ (ਉਰਦੂ ਗ਼ਜ਼ਲ ਸੰਗ੍ਰਿਹ)

ਲੇਖਕ: ਕੁਲਵੰਤ ਪਰਮਾਰ 'ਨਦੀਮ'
ਪ੍ਰਕਾਸ਼ਕ: ਮੀਡੀਆ ਇੰਟਰਨੈਸ਼ਨਲ, ਨਿਊ ਦਿੱਲੀ
ਸਫੇ: 115 ; ਕੀਮਤ: 10 ਡਾਲਰ

ਅਕਸਰ ਅਸੀ ਸ਼ਾਇਰ ਦਾ ਕਲਾਮ ਪੜ੍ਹਨ ਪਿੱਛੋਂ ਉਸ ਦੀ ਸ਼ਖਸੀਅਤ ਦੇ ਮਨੋਚਿੱਤਰ ਘੜਦੇ ਹਾਂ ਪਰ ਮੈਂ ਇਸ ਦੇ ਉਲਟ ਨਦੀਮ ਸ਼ਾਇਰ ਨਾਲ ਮੁਲਾਕਾਤ ਪਹਿਲਾਂ ਕਰ ਚੁੱਕਿਆ ਸਾਂ ਅਤੇ ਉਸਦੀ ਸ਼ਾਇਰੀ ਨਾਲ ਪਹਿਚਾਣ ਬਾਅਦ ਵਿਚ ਹੋਈ।

ਭਰੀ ਮਹਿਫਲ ਵਿਚ ਨਦੀਮ ਸ਼ਾਇਰ ਦੀ ਪਹਿਚਾਣ ਕਰਨ ਵਿਚ ਵੀ ਕੋਈ ਦਿੱਕਤ ਨਹੀਂ ਆਉਂਦੀ। ਉਸ ਦਾ ਚਿਹਰਾ, ਨਕਸ਼, ਇਕਹਰੀ ਜਿਸਮਾਨੀ ਬਣਤਰ ਤੇ ਢੁਕਵਾਂ ਪਹਿਰਾਵਾ ਖਸੂਸੀ ਤੌਰ ਤੇ ਸ਼ਾਇਰਾਨਾ ਹੁੰਦਾ ਹੈ। ਉਸ ਦੀ ਸ਼ਾਇਰੀ ਬਾਰੇ ਜੋ ਲਫ਼ਜ਼ ਦਲੀਪ ਸਿੰਘ ਨੇ ਪੇਸ਼ ਕੀਤੇ ਹਨ ਉਹ ਅਸਲੀਅਤ ਤੋਂ ਕੋਈ ਬਹੁਤੇ ਦੂਰ ਨਹੀਂ।

ਸਕੀਮ ਤੇ ਤਕਸੀਮ ਮੁਤਾਬਕ ਕਿਤਾਬ ਨੂੰ ਵਕਤ, ਰੰਗ, ਉਮਰ ਅਤੇ ਫਿਰ ਆਪਣੇ ਕਲਾਮ ਨੂੰ ਤਿੰਨਾਂ ਹਿੱਸਿਆਂ ਵਿਚ ਵੰਡਣਾ ਨਦੀਮ ਦੀ ਪਸੰਦ ਹੈ, ਪਰ ਉਸਦੇ ਕਲਾਮ ਦੀ ਸਾਦਗੀ, ਰਵਾਨਗੀ ਅਤੇ ਪੁਖਤਗੀ ਮੇਰੀ ਪਸੰਦ ਹੈ।

ਨਿੱਘੇ ਪੱਛਮੀ ਸੂਬੇ ਦੇ ਨਿੱਘੇ ਲੋਕਾਂ ਪਾਸੋਂ ਅਲਵਿਦਾ ਲੈ ਕੇ ਵਾਪਿਸ ਪਹੁੰਚਿਆ ਹੀ ਸਾਂ ਤੇ ਸਫ਼ਰ ਤੇ ਛੁੱਟੀਆਂ ਦੀ ਥਕਾਵਟ ਕਾਰਨ ਅਜੇ ਸੁਪਨ-ਸੰਸਾਰ ਅੰਦਰ ਦਾਖਲ ਹੋਣ ਤੋਂ ਪਹਿਲਾਂ ਬਿਸਤਰੇ ਵਿਚ ਪਿਆ ਪਿਆ ਟੇਬਲ ਲੈਂਪ ਦੇ ਫੋਕਸ ਵਿਚ 'ਅਵਾਰਗੀ' ਵਾਲਾ ਹਿੱਸਾ ਸਰਵੇ ਕਰਦਾ ਕਰਦਾ ਸਾਰਾ ਹੀ ਪੜ੍ਹ ਗਿਆ ਤੇ 'ਅਸੂਦਗੀ' ਦੀਆਂ ਕੁੱਝ ਗ਼ਜ਼ਲਾਂ ਪੜਦਾ ਪੜਦਾ ਇਸ ਨਤੀਜੇ ਤੇ ਪਹੁੰਚਿਆ ਕਿ ਨਦੀਮ ਵਾਕਈ ਮੁਲਕ ਤੋਂ ਬਾਹਰ ਵਸਦੇ ਬੇਬਾਕ, ਆਲਾ ਦਰਜੇ ਦੇ ਸ਼ਾਇਰਾਂ ਦੀ ਪਹਿਲੀ ਸਫ ਵਿਚ ਖੜ੍ਹਾ ਹੁੰਦਾ ਹੈ।

ਉਸ ਦੇ ਸਲੀਸ ਕਾਲਮ ਦੀ ਜ਼ਬਾਨ ਦੀ ਅਮੀਰ ਸਾਦਗੀ ਤੇ ਰਵਾਨਗੀ ਘੜੀ ਘੜੀ ਡਿਕਸ਼ਨਰੀ ਫਰੋਲਣ ਲਈ ਮਜ਼ਬੂਰ ਨਹੀ ਕਰਦੀ। ਵਾਧੇ ਵਾਲੀ ਗੱਲ ਇਹ ਹੈ ਕਿ ਸਾਦਗੀ ਦੇ ਨਾਲ ਨਾਲ ਹੁਨਰ ਦੇ ਉੱਚੇ ਪਾਏ ਦੇ ਨਮੂਨੇ ਵਾਰ ਵਾਰ ਸ਼ਲਾਘਾ ਦੀ ਮੰਗ ਕਰਦੇ ਹਨ। ਹੇਠਾਂ ਦਰਜ ਸਤਰਾਂ ਵਿਚ ਜ਼ਿੰਦਗੀ ਦੀਆਂ ਯੂਨੀਵਰਸਲ ਸਚਿਆਈਆਂ ਨੂੰ ਕਮਾਲ ਦੇ ਸਹਿਜ ਤੇ ਸਫਾਈ ਨਾਲ ਨਿਭਾਇਆ ਹੈ ਕਿ ਦਾਦ ਦਿੱਤੇ ਬਿਨਾਂ ਰਿਹਾ ਨਹੀ ਜਾਂਦਾ:-

ਹੁਸਨ ਹੂੰ ਨਾ ਇਸ਼ਕ ਹੂੰ ਨਾ ਤੂਰ ਕਾ ਜਲਵਾ ਹੂੰ ਮੈਂ
ਦਰ ਹਕੀਕਤ ਨੂਰੇ ਅੱਵਲ ਕਾ ਹੀ ਇਕ ਸ਼ੁਅਲਾ ਹੂੰ ਮੈਂ

ਦੇਖਤੇ ਹੋ ਕਿਉਂ ਮੁਝੇ ਹੈਰਤ ਸੇ ਹੁਸਨੇਂ ਦੋ ਜਹਾਂ
ਗੌਰ ਸੇ ਦੇਖੋ ਮੁਝੇ ਤੁਮ ਆਪ ਕਾ ਚਹਿਰਾ ਹੂੰ ਮੈਂ

ਜ਼ਿੰਦਗੀ ਹੈ ਨਾਮ ਮੇਰਾ ਮੌਤ ਕਾ ਸਾਇਆ ਹੂੰ ਮੈਂ
ਬਸ ਯਹੀ ਹਾਸਲ ਹੂਆ ਮੁਝ ਕੁ ਜ਼ਮਾਨੇ ਸੇ ਨਦੀਮ
ਦਰਮਿਆਨ ਸੱਭ ਕੇ ਹੂੰ ਲੇਕਨ ਇਸ ਕਦਰ ਤਿਨਹਾ ਹੂੰ ਮੈਂ

ਜ਼ਿੰਦਗੀ ਮੌਤ ਅਤੇ ਇਹਨਾਂ ਦੇ ਵਿਚਕਾਰ ਹਰ ਰੰਗ ਤੇ ਰਾਗ, ਰਾਤ ਤੇ ਰੌਸ਼ਨੀ, ਦਿਲ ਤੇ ਦੁਨੀਆਂ ਤੇ ਕਿੰਨੇ ਹੀ ਸਦੀਵੀ ਤੇ ਸਦਾ ਬਹਾਰ ਨੁਕਤਿਆਂ ਨੂੰ ਉਹ ਹੁਨਰ

ਤੇ ਸ਼ਿੱਦਤ ਦੀ ਪਾਨ ਚੜ੍ਹਾਉਂਦਾ ਤੁਰਿਆ ਜਾਂਦਾ ਹੈ। ਖ਼ੂਬੀ ਇਹ ਹੈ ਕਿ ਨਦੀਮ ਪਾਸ ਕੋਮਲ ਖਿਆਲਾਂ ਦੇ ਹਾਣੀ ਲਫ਼ਜ਼ ਹਨ ਅਤੇ ਲਫ਼ਜ਼ ਵੀ ਉਹ ਜੋ ਅਰਥ ਭਰਪੂਰ ਵੀ ਹਨ ਤੇ ਉਹਨਾਂ ਨੂੰ ਖਿਆਲਾਂ ਨਾਲੋਂ ਵੱਖ ਕਰਨਾ ਮੁਸ਼ਕਿਲ ਹੁੰਦਾ ਹੈ। ਜ਼ਰਾ ਅਗਲੀਆਂ ਸਤਰਾਂ ਵਲ ਧਿਆਨ ਮਾਰਿਆ ਜਾਏ ਤਾਂ ਇਸ ਨੁਕਤੇ ਦੀ ਹੋਰ ਵੀ ਪੁਸ਼ਟੀ ਹੁੰਦੀ ਹੈ:-

ਹਯਾਤ ਬਖ਼ਸ਼ੀ ਹੈ ਤੂ ਨੇ ਯੇਹ ਕਿਸ ਗੁਨਾਹ ਕੀ ਸਜ਼ਾ
ਸਜ਼ਾਏ ਮੌਤ ਦੀ ਇਨਸਾਂ ਕੋ ਕਿਸ ਇਨਾਮ ਦੇ ਬਾਅਦ

ਨਾ ਖੁਸ਼ ਹੋ ਪਾ ਕੇ ਬਸ ਇਕ ਬੇਖੁਦੀ ਮੁਕਾਮ
ਮੁਕਾਮ ਔਰ ਭੀ ਆਗੇ ਹੈ ਮੁਕਾਮ ਕੇ ਬਾਅਦ

ਉਸ ਕੇ ਨਾਮ ਸੇ ਖੁਦ ਕੋ ਪੁਕਾਰਤਾ ਹੂੰ ਨਦੀਮ
ਰਹਾ ਨਾ ਯਾਦ ਕੋਈ ਨਾਮ ਉਸ ਕੇ ਨਾਮ ਕੇ ਬਾਅਦ

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਨਦੀਮ ਦੀ ਸ਼ਾਇਰੀ ਹੁਸਨ, ਇਸ਼ਕ, ਸੁਰਾਹੀ ਤੇ ਜਾਮ ਤੱਕ ਹੀ ਮਹਿਦੂਦ ਨਹੀਂ, ਭਾਵੇਂ ਉਹ ਉਰਦੂ ਸ਼ਾਇਰੀ ਦੇ ਰਵਾਇਤੀ ਬਿੰਬਾਂ ਨੂੰ ਦਿਲ ਖੋਲ ਕੇ ਵਰਤਦਾ ਹੈ। ਉਸ ਉੱਤੇ ਜ਼ਾਇਜ਼ ਇਲਜ਼ਾਮ ਲੱਗਣ ਦੀ ਸੰਭਾਵਨਾ ਹੈ ਕਿ ਉਹ ਵਕਤ ਦੀ ਪੈੜ ਤੋਂ ਖਿੜਕਿਆ ਹੋਇਆ ਹੈ। ਉਸ ਦੀ ਕਲਮ ਦੀ ਅੱਖ ਆਦਮੀ ਦੇ ਨਜ਼ਦੀਕੀ ਕਾਜ ਤੋਂ ਅੱਖਾਂ ਬੰਦ ਕਰ ਚਲਦੀ ਹੈ। ਕਈ ਇਹ ਵੀ ਕਹਿਣਗੇ ਕਿ ਉਸਦਾ ਕਲਾਮ ਹੁਨਰ ਕੇਵਲ ਹੁਨਰ ਲਈ ਦੇ ਨਾਅਰੇ ਦਾ ਹੀ ਦਮ ਭਰਦਾ ਹੈ। ਉਸਦਾ ਫ਼ਨ ਆਲੇ ਦੁਆਲੇ ਦੀ ਭੁੱਖ, ਕਾਣੀ ਵੰਡ, ਅਨਿਆਂ ਤੇ ਹੋਰ ਅਤਿਆਚਾਰਾਂ ਤੋਂ ਬੇਖਬਰ ਹੈ। ਉਹ ਆਪਣੇ ਹਾਥੀਦੰਦ ਦੇ ਉਸਾਰੇ ਖੂਬਸੂਰਤ ਮਹਿਲਾਂ ਵਿਚ ਹੀ ਮਸਤ ਬੈਠਾ ਆਨੰਦ ਮਾਣ ਰਿਹਾ ਹੈ। ਇਹ ਇਲਜ਼ਾਮ ਕਿਸੇ ਹੱਦ ਤੱਕ ਮੁਨਾਸਬ ਵੀ ਲੱਗਦਾ ਹੈ ਪਰ ਜੇ ਅਸੀ ਹੇਠ ਲਿਖੀਆਂ ਲਾਈਨਾਂ ਦਾ ਮੁਤਾਲਿਆ ਕਰੀਏ ਤਾਂ ਯਕੀਨਨ ਕੁੱਝ ਹੱਦ ਤੱਕ ਸਾਨੂੰ ਉਮੀਦ ਦੇ ਉਲਟ ਮੁਕੰਮਲ ਨਾਉਮੀਦੀ ਨਹੀ ਹੋਵੇਗੀ:

ਸੋਚਤਾ ਹੂੰ ਕਿ ਆਦਮੀ ਕਿਆ ਹੈ
ਮੌਤ ਕਿਆ ਹੈ ਕਿ ਜ਼ਿੰਦਗੀ ਕਿਆ ਹੈ
ਮੈਂ ਮੁਸ਼ਤੇ ਖਾਕ ਹੂੰ ਕਿਆ ਹੂੰ ਮੈਂ ਜਾਨਤਾ ਹੂੰ ਨਦੀਮ
ਤੂ ਮੇਰੀ ਇਬਤਦਾ ਓ ਇੰਤਹਾ ਕੀ ਬਾਤ ਨਾਂ ਛੇੜ
ਇਕ ਨੁਕਤਾ ਹੀ ਯੂੰ ਤੋਂ ਮਰਕਜ਼ ਹੈ
ਦੇਖਣੇ ਕੋ ਹੈ ਜ਼ਾਵੀਏ ਕਿਤਨੇ

ਕੁਦਰਤ ਦੇ ਨਿੱਕੇ ਨਿੱਕੇ ਰਾਜ਼ ਤੇ ਉਹਨਾਂ ਦੀਆਂ ਵਿਸ਼ਾਲ ਸੰਭਾਵਨਾਵਾਂ ਤੇ ਪਹਿਲੂਆਂ ਦਾ ਮੁਆਇਨਾ ਕਰਦਾ ਉਹ ਸ਼ਬਦਾਂ ਤੇ ਵਾਕੰਸ਼ਾਂ ਦੇ ਹੁਸੀਨ ਗੁਲਦਸਤੇ ਸਾਡੇ ਸਾਹਮਣੇ ਟਿਕਾਈ ਜਾਂਦਾ ਹੈ:

ਮੁਖਤਸਰ ਸਾ ਹੈ ਫੂਲ ਕਾ ਜੀਵਨ
ਖਿਲੋਂ ਖੁਸ਼ਬੂ ਦੋਂ ਔਰ ਬਿਖਰ ਜਾਓ
ਮੈ ਨੇ ਸੀਖਾ ਸਬਕ ਯੇਹ ਫੂਲੋਂ ਸੇ
ਜ਼ਖਮ ਖਾਉ ਤੋਂ ਔਰ ਖਿਲ ਜਾਓ

ਜਿਹ ਤੋ ਆਦਮੀ ਹੀ ਜਾਨਤਾ ਹੋਗਾ
ਕਿਆ ਮਿਲਾ ਉਸੇ ਆਦਮੀ ਬਣ ਕਰ

ਜੇ ਕੋਈ ਇਸ ਕਿਤਾਬ ਵਿਚੋਂ ਸਿਧਾਂਤਕ ਅਗਵਾਈ ਜਾਂ ਸਬਕ ਦੀ ਉਮੀਦ ਕਰਦਾ ਹੋਵੇ ਤਾਂ ਉਹ ਯਕੀਨਣ ਗ਼ਲਤ ਫਹਿਮੀ ਥੱਲੇ ਰਹਿ ਰਿਹਾ ਹੋਵੇਗਾ। ਚੰਗਾ ਤਾਂ ਇਹ ਹੋਵੇਗਾ ਕਿ ਉਹ ਨਦੀਮ ਪੜ੍ਹਨ ਬਜਾਏ ਲਾਇਬ੍ਰੇਰੀ ਜਾ ਕੇ ਫ਼ਲਸਫ਼ੇ, ਸਮਾਜ ਜਾਂ ਰਾਜ ਬਾਰੇ ਕਿਤਾਬਾਂ ਦਾ ਮੁਤਾਲਿਆ ਕਰੇ ਜਿੱਥੇ ਉਸ ਨੂੰ ਮਨ ਚਾਹੀ ਰੌਸਨੀ ਅਤੇ ਇਲਮ ਮਿਲ ਸਕੇਗਾ। ਜੇ ਕਰ ਮਕਸਦ ਜ਼ਿੰਦਗੀ ਦੇ ਸੁੱਖ, ਆਵਾਰਗੀ ਜਾਂ ਦੁੱਖ ਦਾ ਨਜ਼ਾਰਾ ਲੈਣਾ ਹੈ ਜਾਂ ਝੀਲ ਦੇ ਸ਼ਾਂਤ ਪਾਣੀ ਵਿਚ ਸਰੂਆਂ ਦੇ ਪਰਛਾਵੇਂ ਵੇਖ ਕੇ ਆਪਣੀ ਰੂਹ ਨੂੰ ਤਰਾਵਤ ਦੇਣੀ ਹੈ ਤਾਂ ਨਦੀਮ ਦੇ ਸਫ਼ਿਆਂ ਉੱਤੇ ਉਡਾਰੀਆਂ ਮਾਰਦੇ ਪਰਿੰਦਿਆਂ ਜਿਹੇ ਲਫ਼ਜ਼ਾਂ ਉੱਤੇ ਅੱਖਾਂ ਜਮਾ ਕੇ ਉਹ ਰੂਹਾਨੀ ਸ਼ਾਂਤੀ ਹਾਸਲ ਕੀਤੀ ਜਾ ਸਕਦੀ ਹੈ। ਨਦੀਮ ਦਾ ਇਸ਼ਾਰਾ ਦੁਨੀਆਂ ਦੀ ਆਸੂਦਗੀ ਤੋਂ ਹੈ ਜਾਂ ਨਹੀਂ ਪਰ ਉਸ ਦੀਆਂ ਨਜ਼ਮਾਂ ਦੀ ਅਮੀਰੀ ਅਤੇ ਆਸੂਦਗੀ ਤੋਂ ਇਨਕਾਰ ਨਹੀ ਕੀਤਾ ਜਾ ਸਕਦਾ ਪਰ ਜਦ ਉਹ 'ਕਾਸ਼ੇ ਫ਼ਿਕਰ' ਤੱਕ ਵੀ ਪਹੁੰਚ ਜਾਂਦਾ ਹੈ ਤਾਂ ਵੀ ਆਸੂਦਗੀ ਅਤੇ ਆਵਾਰਗੀ ਦੇ ਤਾਸੁਰਾਤ ਬਰਕਰਾਰ ਮਿਲਦੇ ਹਨ। ਉਂਞ ਤੇ ਸ਼ਾਇਰ ਆਪ ਵੀ ਇਸ ਕਿਤਾਬ ਰਾਹੀ ਦੁਨੀਆਂ ਦੇ ਸੰਜ਼ੀਦਾ ਮਸਲਿਆਂ ਨੂੰ ਹੱਲ ਕਰਨ ਦਾ ਦਾਅਵਾ ਨਹੀ ਕਰਦਾ। ਅੱਜ ਦੇ ਜ਼ਮਾਨੇ ਦੀ ਸ਼ਾਇਰੀ ਦੇ ਰੁਖ ਤੇ ਰੁਝਾਣ ਦੀ ਕਸਵੱਟੀ ਤੋਂ ਪਰਖਿਆਂ ਇਹ ਕਿਤਾਬ ਪੂਰੀ ਨਹੀਂ ਉਤਰਦੀ। ਇਹ ਕਮੀ ਵੀ ਹੈ ਪਰ ਸਿਰਫ਼ ਇਕ ਨਜ਼ਰੀਏ ਤੋਂ। ਇਸ ਕਰਕੇ ਕਿ ਜ਼ਿੰਦਗੀ ਦਆਂ ਹੱਡ ਚੰਮ ਦੀਆਂ ਪੀੜਾਂ ਨੂੰ ਨੰਗਿਆ ਨਹੀਂ ਕੀਤਾ ਗਿਆ ਜਿਵੇਂ ਸਰਜ਼ਰੀ ਦੇ ਔਜ਼ਾਰਾਂ ਦੇ ਜਿਸਮ ਵਿਚ ਖੁੱਭਣ ਵਾਲੀਆਂ ਪੀੜਾਂ ਤੇ ਚੀਕਾਂ ਪਰ ਸਾਨੂੰ ਇਹ ਨਹੀ ਭੁੱਲਣਾ ਚਾਹੀਦਾ ਕਿ ਇਹ ਸ਼ਾਇਰ ਉਹਨਾਂ ਦੁੱਖਾਂ ਤੇ ਪੀੜਾਂ ਨੂੰ ਫ਼ਨ ਤੇ ਸ਼ਾਇਰੀ ਦੇ ਸ਼ੀਸ਼ੇ ਵਿਚੋਂ ਲੰਘਾ ਕੇ ਪੇਸ਼ ਕਰਦਾ ਹੈ।

ਕਾਸ਼ ਕਿ ਸਾਰੇ ਸ਼ਾਇਰ ਸ਼ਾਇਰ ਹੁੰਦੇ ਨਾ ਕਿ ਨਸੀਹਤਾਂ ਦੇਣ ਵਾਲੇ ਭਾਈ ਤੇ ਮੁੱਲਾਂ। ਜੇ ਘਾਟ ਹੁੰਦੀ ਹੈ ਤਾਂ ਨਸੀਹਤਾਂ ਉੱਤੇ ਅਮਲ ਕਰਨ ਵਾਲਿਆਂ ਦੀ ਹੁੰਦੀ ਹੈ। ਜੀਅ ਤੇ ਕਰਦਾ ਹੈ ਕਿ ਆਪਣੀ ਦਲੀਲ ਦੇ ਨਾਲ ਨਾਲ ਨਦੀਮ ਦੀ ਕਿਤਾਬ ਵਿਚੋਂ ਹਵਾਲੇ ਵੀ ਦਿਆਂ ਅਤੇ ਦੇਂਦਾ ਹੀ ਜਾਵਾਂ। ਪਰ ਇਸ ਤਰ੍ਹਾਂ ਮੇਰੀ ਕਮਜ਼ੋਰੀ ਮੁਤਾਬਕ ਕਿਤਾਬ ਦਾ ਬਹੁਤਾ ਹਿੱਸਾ ਮੇਰੇ ਹਵਾਲਿਆਂ ਨਾਲ ਹੀ ਭਰ ਜਾਏਗਾ। ਇਸ ਲਈ ਸਿਰਫ਼ ਇਹ ਹੀ ਦੁਆ ਕਰਦਾ ਹਾਂ ਕਿ ਨਦੀਮ ਦੇ ਹਜ਼ਾਰਾਂ ਨਦੀਮ ਹੋਣ ਜੋ ਉਸਦੇ ਸਫ਼ਿਆਂ ਵਿਚ ਦਾਖਲ ਹੋ ਕੇ ਨਦੀਮਤ ਦਾ ਮਜ਼ਾ ਲੈ ਸਕਣ।

**–ਬਲਰਾਜ ਚੀਮਾ, ਸਟਰੈਟਫੋਰਡ, ਓਨਟੇਰੀਓ।**


**The difference I make makes all the difference**



KULDIP GILL
Proven Results
Professional Service

**Specialized in:**
Residential, Commercial, Development Properties
For all your Real Estate Needs and to Know the top price for your property in today's market phone me first.

**KULDIP GILL**

**SUTTON GROUP MEDALLION REALTY**
7832 - 120 St., Surrey, B.C. V3W 3N2
**PH: 572 - 1211 RES. 590 - 8066**

Sutton GROUP



LAND DEVELOPMENTS

SALE of

COMMERCIAL PROPERTY

**If you are thinking of selling your home contact: Karamjit S. Ghuman**
**Bus: 572-1211 Fax 572-8110**
**Pager:686 - 5731**

**SUTTON GROUP**
**Medallion Realty**
**7832 - 120th St.**
**Surrey, B.C., V3W 3N2**

# LASER SCREEN PRINTING

**Custom Printing and Specialty Advertising**

Manufacturer and Distributors of:

*T-Shirts *Sportswear *Team Jackets
*Crests *Caps *Decals
*Transfers *Emblems *Calendars
*Pens *Matches *Glasswear
*Lighters *Buttons *Sales Aids
*Playing Cards *Lapel Pins *Safety Awards
*Promotional Gifts *Incentives *Plus much more

**Ram Sharma**
5311 - 91 Street
Edmonton, Alberta, T6E 6E2
**Ph. (403) 468-6435**

# DEVINDERJIT (DAVE) SINGH PUREWAL

**(BARRISTER, SOLICITOR & NOTARY PUBLIC)**

**ਦਵਿੰਦਰਜੀਤ ਸਿੰਘ ਪੁਰੇਵਾਲ**

**PH: (403) 462-7555**

**GENERAL PRACTICE OF LAW INCLUDING:**

* ਕ੍ਰਿਮੀਨਲ (Criminal) *ਇਮੀਗਰੇਸ਼ਨ (immigration)
*ਰੀਅਲ ਅਸਟੇਟ ਤੇ ਮੋਰਗੇਜ (Real Estate & Mortgage)
*ਵਿੱਲ ਅਤੇ ਅਸਟੇਸ (Wills & Estate) *ਸਿਵਲ (Civil)
*ਡਾਇਵੋਰਸ ਤੇ ਫੈਮਲੀ ਕਾਨੂੰਨ (Divorce & Family Law)
*ਨਿੱਜੀ ਸੱਟਾਂ ਦੇ ਕਲੇਮ (Personal Injury Claims)

**Venkatraman & Associates**
**Ph: (403) 436-7060**
#440-4445 Calgary Tr. South Edmonton
**Millwood Office:**
9209 - 34th Ave. Edmonton
Alberta, T6E 5T5

**ਸੇਵਾਵਾਂ ਪੰਜਾਬੀ, ਹਿੰਦੀ ਤੇ ਉਰਦੂ ਵਿਚ ਵੀ ਮਿਲਦੀਆਂ ਹਨ।**

# CLAY OVEN RESTAURANT

ਕਲੇਅ ਓਵਨ ਰੈਸਟੋਰੈਂਟ

9386-120 ਸਟਰੀਟ, ਸਰੀ ਬੀ.ਸੀ.

ਸਰੀ ਵਿਚ ਸਵਾਦਿਸ਼ਟ ਖਾਣਿਆਂ ਦਾ ਮਸ਼ਹੂਰ ਰੈਸਟੋਰੈਂਟ।

ਵੈਜੇਟੇਰੀਅਨ (ਸ਼ਾਕਾਹਾਰੀ) ਭੋਜਨ ਵੀ ਮਿਲਦਾ ਹੈ।

**ਫੋਨ: ਜਗਮਿੰਦਰ ਮਾਂਗਟ**

**(604) 589-7622**

ਸਫਾ 44 ਦੀ ਬਾਕੀ

ਮਨ ਖੁਸ਼ ਹੋਇਆ। ਜੋਗਿੰਦਰ ਸ਼ਮਸ਼ੇਰ ਜੀ ਦਾ ਪਰਚਾ ਸਿਧਾਂਤਕ ਨਾ ਸਹੀ ਸਿਹਤਮੰਦ ਬਹਿਸ ਜ਼ਰੂਰ ਛੇੜਦਾ ਹੈ, ਜਿਹੜੀ ਬੜੀ ਜ਼ਰੂਰੀ ਹੈ। ਪਰਚੇ ਤੇ ਵਿਚਾਰ ਵਟਾਂਦਰਾ ਵੀ ਸੋਹਣਾ ਹੋਇਆ।

ਮੇਰਾ ਲੇਖ 'ਲਿਪੀ ਦਾ ਸਵਾਲ: ਸ਼ਾਵਨਵਾਦ ਜਾਂ ਵਿਗਿਆਨ?' ਛਾਪਣ ਲਈ ਧੰਨਵਾਦ। ਪਰ ਲੇਖ ਦੀ ਟਾਈਪ-ਸੈਟਿੰਗ ਅਤੇ ਪਰੂਫ-ਰੀਡਿੰਗ ਦਾ ਮਿਆਰ ਨਿਰਾਸ਼ਾਜਨਕ ਹੈ। ਮੇਰੇ ਕਈ ਸ਼ਬਦਾਂ ਨੂੰ ਤੁਸੀ ਗਲਤ ਛਾਪ ਦਿੱਤਾ ਹੈ। ਕਿਉਂਕਿ ਟਾਈਪ-ਸੈਟਿੰਗ ਦੀਆਂ ਗਲਤੀਆਂ ਅਕਸਰ ਲੇਖਕ ਦੇ ਮੱਥੇ ਮੜ੍ਹ ਦਿੱਤੀਆਂ ਜਾਂਦੀਆਂ ਹਨ, ਇਸ ਲਈ ਕਿਰਪਾ ਕਰਕੇ ਕੁੱਝ ਅਤਿ ਲੋੜੀਂਦੀਆਂ ਸੋਧਾਂ ਜ਼ਰੂਰ ਛਾਪ ਦੇਣੀਆਂ।

ਮੈਂ ਪੰਜਾਬੀ ਨੂੰ ਅੰਗਰੇਜ਼ੀ ਅੱਖਰਾਂ ਵਿਚ tone language ਆਖਿਆ ਸੀ, ਪਰ ਪਤਾ ਨਹੀ ਤੁਸੀ ਕਿਹੜੀ ਭਾਸ਼ਾ ਦੇ ਸ਼ਬਦ 'ਤੋਨੇ ਲਾਨਗੁਗੇ' ਛਾਪ ਦਿੱਤੇ। ਪਹਿਲਾਂ ਟਾਈਪ ਕੀਤੇ ਟੈਕਸਟ ਨੂੰ ਡੀ ਟੀ ਪੀ ਰਾਹੀ ਕਾਲਮਾਂ ਵਿਚ ਫਿਟ ਕਰਨ ਵੇਲੇ ਅਕਸਰ ਫ਼ੌਂਟ ਦੀ ਗੜਬੜ ਹੋ ਜਾਂਦੀ ਹੈ। ਇਸ ਲਈ ਟੈਕਸਟ ਨੂੰ ਕਾਲਮਾਂ ਵਿਚ ਸੈਟ ਕਰਨ ਤੋਂ ਬਾਅਦ ਵੀ ਪਰੂਫ ਜ਼ਰੂਰ ਪੜ੍ਹ ਲਿਆ ਕਰੋ। ਮੈਂ ਜਰਮਨ ਭਾਸ਼ਾ ਵਿਚ S ਅੱਖਰ ਦੀ ਅਵਾਜ਼ ਬਾਰੇ ਲਿਖਿਆ ਸੀ, 'ਆ' ਦੀ ਅਵਾਜ਼ ਬਾਰੇ ਨਹੀ। ਪੰਜਾਬੀ ਦੇ ਸਤਿਕਾਰਯੋਗ ਕਵੀ ਸੂਬਾ ਸਿੰਘ ਦਾ ਨਾਂ ਵੀ ਮੈਂ ਪੂਰਾ ਲਿਖਿਆ ਸੀ, ਜੋ ਤੁਸੀ ਸਿਰਫ਼ 'ਸੂਬਾ' ਛਾਪਿਆ।

ਆਸ ਹੈ ਕਿ ਭਵਿੱਖ ਵਿਚ ਤੁਸੀ ਇਹਨਾਂ ਗੱਲਾਂ ਵਲ ਵੀ ਧਿਆਨ ਦਿਓਗੇ। ਮੈਂ ਆਪਣੇ ਲੇਖ ਬਾਰੇ ਸੁਚੱਜੀ ਅਤੇ ਸਿਹਤਮੰਦ ਬਹਿਸ ਦਾ ਸਵਾਗਤ ਕਰਾਂਗਾ। ਮੈਨੂੰ ਖੁਸ਼ੀ ਹੈ ਕਿ ਸ੍ਰੀ ਅਜਮੇਰ ਰੋਡੇ ਦੇ ਵਿਚਾਰ ਪਹਿਲਾਂ ਹੀ ਮੇਰੇ ਵਿਚਾਰਾਂ ਦੇ ਬਹੁਤ ਨੇੜੇ ਹਨ। ਪਰ ਕਿਰਪਾ ਕਰਕੇ ਬਹਿਸ ਨੂੰ ਬੌਧਿਕ ਪੱਧਰ ਤੋਂ ਹੇਠਾਂ ਭਾਵੁਕ ਜਾਂ ਫਿਰਕੂ ਪੱਧਰ ਤੇ ਨਾ ਆਉਣ ਦੇਣਾ।

**–ਮੰਗਤ ਰਾਏ ਭਾਰਦਵਾਜ, ਵਿਲਨਹਾਲ, ਇੰਗਲੈਂਡ**

*ਸਾਨੂੰ ਅਫਸੋਸ ਹੈ ਕਿ ਤੁਹਾਡੇ ਲੇਖ ਵਿਚ ਟਾਇਪ-ਸੈਟਿੰਗ ਅਤੇ ਪਰੂਫ ਰੀਡਿੰਗ ਦੀਆਂ ਗਲਤੀਆਂ ਰਹਿ ਗਈਆਂ। ਪਰ ਅਸੀ ਦੁਹਰੀ ਵਾਰ ਤੁਹਾਡੇ ਵਲੋਂ ਭੇਜੇ ਲੇਖ ਦੀ ਅਸਲੀ ਕਾਪੀ ਦੇਖੀ ਹੈ। ਉਸ ਵਿਚ ਤੁਸੀ ਸਿਰਫ਼ 'ਸੂਬਾ' ਹੀ ਲਿਖਿਆ ਹੋਇਆ ਹੈ, ਜਿਸ ਤਰ੍ਹਾਂ ਅਸੀ ਛਾਪਿਆ ਹੈ। ਨਾ ਹੀ ਤੁਹਾਡੇ ਲੇਖ ਵਿਚ ਕੋਈ ਹੋਰ ਇਸ਼ਾਰਾ ਹੈ ਜਿਸ ਤੋਂ ਅਸੀ ਇਹ ਅੰਦਾਜ਼ਾ ਲਾ ਸਕਦੇ ਕਿ ਤੁਸੀ ਪੰਜਾਬੀ ਦੇ ਸਤਿਕਾਰਯੋਗ ਕਵੀ ਸੂਬਾ ਸਿੰਘ ਦੀ ਗੱਲ ਕਰ ਰਹੇ ਹੋ। ਇਸ ਲਈ ਅਸੀ ਜਿਸ ਤਰ੍ਹਾਂ ਤੁਸੀ ਲਿਖਿਆ ਹੋਇਆ ਸੀ ਉਸ ਤਰ੍ਹਾਂ ਛਾਪ ਦਿੱਤਾ। ਇਸ ਆਧਾਰ ਤੇ ਅਸੀ ਇਕ ਵਾਰ ਫਿਰ ਕਹਿਣਾ ਚਾਹੁੰਦੇ ਹਾਂ (ਪਹਿਲਾਂ ਅਸੀ ਵਤਨ ਦੇ ਅਪ੍ਰੈਲ/ਮਈ/ਜੂਨ ਦੇ ਸੰਪਾਦਕੀ ਵਿਚ ਲਿਖਿਆ ਸੀ) ਕਿ ਅਸੀ ਵੀ ਜ਼ਿੰਮੇਵਾਰੀ ਸਮਝਦੇ ਹੋਏ ਆਪਣੀ ਪੂਰੀ ਕੋਸ਼ਿਸ਼ ਕਰਾਂਗੇ ਕਿ ਵਤਨ ਵਿਚ ਪਰੂਫ਼ ਦੀਆਂ ਗਲਤੀਆਂ ਨਾ ਹੋਣ, ਪਰ ਇਸਦੇ ਨਾਲ ਨਾਲ ਲੇਖਕ ਮਿੱਤਰ ਵੀ ਆਪਣੀ ਜ਼ਿੰਮੇਵਾਰੀ ਨਿਭਾਉਣ ਅਤੇ ਵਤਨ ਨੂੰ ਰਚਨਾ ਭੇਜਣ ਸਮੇਂ ਕੋਸ਼ਿਸ਼ ਕਰਨ ਕਿ ਉਹਨਾਂ ਦੀ ਲਿਖਤ ਵਿਚ ਪਰੂਫ਼ ਦੀਆਂ ਗਲਤੀਆਂ ਨਾ ਹੋਣ। ਧੰਨਵਾਦ।

**– ਸੰਪਾਦਕ**

'ਵਤਨ' ਦਾ ਜੁਲਾਈ/ਅਗਸਤ/ਸਤੰਬਰ ਅੰਕ ਪ੍ਰਾਪਤ ਹੋਇਆ। ਬਾਕੀ ਮੈਟਰ ਤੋਂ ਇਲਾਵਾ ਵਿਨੀਪੈਗ ਕਾਨਫਰੰਸ ਬਾਰੇ ਛਪੀ ਰੀਪੋਰਟ ਅਤੇ ਸ੍ਰੀ ਜੋਗਿੰਦਰ ਸ਼ਮਸ਼ੇਰ ਦਾ ਪੇਪਰ ਛਾਪਣਾ ਵਧੀਆ ਲੱਗਿਆ। ਉਮੀਦ ਹੈ ਕਿ ਆਪ ਵਿਨੀਪੈਗ ਕਾਨਫਰੰਸ ਲਈ ਲਿਖੇ ਗਏ ਅਤੇ ਪੜ੍ਹੇ ਗਏ ਸਾਰੇ ਪਰਚੇ ਵਾਰੀ ਵਾਰੀ ਛਾਪਣ ਦਾ ਉਪਰਾਲਾ ਕਰੋਗੇ। ਪਰਚੇ ਤੇ ਬਹਿਸ ਦੌਰਾਨ ਇਕਬਾਲ ਰਾਮੂਵਾਲੀਆ ਹੁਰਾਂ ਵਲੋਂ ਉਠਾਇਆ ਗਿਆ ਨੁਕਤਾ ਖਾਸ ਤੌਰ ਤੇ ਵਿਚਾਰ ਦੀ ਮੰਗ ਕਰਦਾ ਹੈ ਅਤੇ ਇਸ ਤਲਖ ਸੱਚ ਤੇ ਖੁਲ੍ਹੀ ਚਰਚਾ ਹੋਣੀ ਚਾਹੀਦੀ ਹੈ।

ਮੰਗਤ ਰਾਏ ਭਾਰਦਵਾਜ ਦਾ ਲੇਖ ਕਿਤੇ ਕਿਤੇ 'ਲਾਉਡ' ਹੋਣ ਦੇ ਬਾਵਜੂਦ ਬੜਾ ਰੋਚਿਕ ਤੇ ਜਾਣਕਾਰੀ ਭਰਪੂਰ ਹੈ।

**–ਉਂਕਾਰਪ੍ਰੀਤ ਸਿੰਘ, ਟਰਾਂਟੋ**

'ਵਤਨ'-17 ਪ੍ਰਾਪਤ ਹੋਇਆ। ਇਸਦੇ ਪਠਨ ਦੁਆਰਾ ਸਮੁੱਚੇ ਪ੍ਰਵਾਸੀ-ਸਾਹਿਤ ਦੇ ਦਰਸ਼ਨ ਹੁੰਦੇ ਹਨ, ਇਕ ਸਾਂਝ ਦਾ ਅਨੁਭਵ ਪ੍ਰਤੀਤ ਹੁੰਦਾ ਹੈ। ਅਰਸਾ ਪਹਿਲਾਂ ਤੁਹਾਨੂੰ ਆਪਣੀ ਨਵ-ਪ੍ਰਕਾਸ਼ਤ ਪੁਸਤਕ 'ਕਿਕਰ ਕੰਡੇ' ਭੇਜੀ ਸੀ ਤਾਂਕਿ 'ਵਤਨ' ਵਿੱਚ ਇਸ ਦੀ ਸਮੀਖਿਆ ਰਾਹੀਂ ਇਥੋਂ ਦੇ ਸਾਹਿਤ-ਜਗਤ ਨਾਲ ਇਕ ਰਿਸ਼ਤਾ ਕਾਇਮ ਹੋ ਸਕੇ। ਪਰ ਲੱਗਦਾ ਹੈ ਤੁਸੀਂ ਸਮੀਖਿਆ ਜਾਂ ਪੁਸਤਕ ਪੜਚੋਲ (ਰੀਵੀਊ) ਨਾਲੋਂ ਪੁਸਤਕ-ਪਰਿਚੈ (ਇਨਟ੍ਰੋਡਕਸ਼ਨ) ਨੂੰ ਤਰਜੀਹ ਦੇ ਰਹੇ ਹੋ ਅਤੇ ਪ੍ਰਕਾਸ਼ਿਤ ਜਾਂ ਪ੍ਰਕਾਸ਼ਿਤ ਹੋ ਰਹੇ ਲੇਖਕਾਂ ਨਾਲ ਨਾਇਨਸਾਫ਼ੀ ਕਰ ਰਹੇ ਹੋ। ਪੁਸਤਕ-ਪੜਚੋਲ ਕਿਸੇ ਵੀ ਸਾਹਿਤਕ ਪਰਚੇ ਦਾ ਸੱਭ ਤੋਂ ਮਹੱਤਵਪੂਰਨ ਕਾਲਮ (ਸਤੰਬ) ਹੁੰਦਾ ਹੈ। ਇਸ ਨੂੰ ਸੰਜੀਦਗੀ ਨਾਲ ਵਿਚਾਰਨ ਦੀ ਆਵਸ਼ਕਤਾ ਹੈ।

ਮੈਂ ਨਿੱਜੀ ਤੌਰ ਤੇ ਪੰਜਾਬੀ ਵਿਚ ਰਚੀ ਜਾ ਰਹੀ ਗ਼ਜ਼ਲ ਪ੍ਰਤੀ ਕਿਸੇ ਹੱਦ ਤੀਕ ਭਾਵਕ ਹਾਂ। ਇਸ ਸੰਦਰਭ ਵਿਚ ਮੈਂ ਨਦੀਮ ਪਰਮਾਰ ਸਾਹਿਬ ਨਾਲ ਕਾਫ਼ੀ ਹੱਦ ਤੀਕ ਸਹਿਮਤ ਹਾਂ। ਉਹਨਾਂ ਦੀ 'ਵਤਨ -16' ਵਿਚ ਛਪੀ ਚਿੱਠੀ ਗ਼ਜ਼ਲ ਲਿਖ ਰਹੇ ਲੇਖਕਾਂ ਲਈ ਇਕ ਚੁਨੌਤੀ ਹੈ। ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਲੇਖਕ/ਪਾਠਕ ਇਹਨਾਂ ਚਿੱਠੀਆਂ ਨੂੰ ਬੜੇ ਗੌਹ ਨਾਲ ਪੜ੍ਹਦੇ/ਵਿਚਾਰਦੇ ਹਨ। ਇਸ ਸੰਬੰਧ ਵਿਚ 'ਵਤਨ -17' ਵਿਚ ਪ੍ਰੀਤਮ ਸਿੰਘ ਧੰਜਲ ਨੇ ਨਦੀਮ ਸਾਹਿਬ ਦੀ ਗੱਲ ਤੇ ਠੀਕ ਇਤਰਾਜ਼ ਕੀਤਾ ਹੈ ਕਿ ਨਜ਼ਮ-ਨੁਮਾ ਗ਼ਜ਼ਲ ਜਹੀ ਸ਼ੈਅ ਉਹਨਾਂ (ਨਦੀਮ ਸਾਹਿਬ) ਨੇ ਨਾ ਵੇਖੀ, ਨਾ ਪੜ੍ਹੀ ਅਤੇ ਨਾ ਹੀ ਸੁਣੀ ਸੀ। ਉਹਨਾਂ ਅੱਗੇ ਬੇਨਤੀ ਹੈ ਕਿ ਮੁਸਲਸਲ ਗ਼ਜ਼ਲ ਨੂੰ ਹੀ ਨਜ਼ਮ-ਨੁਮਾ ਗ਼ਜ਼ਲ ਆਖਿਆ ਜਾਂਦਾ ਹੈ ਅਤੇ ਇਹ ਸ਼ਬਦ ਕਾਫ਼ੀ ਹੱਦ ਤੀਕ ਪ੍ਰਚੱਲਤ ਹੋ ਚੁੱਕਿਆ ਹੈ। ਗ਼ਜ਼ਲ ਦੇ ਸੰਦਰਭ ਵਿਚ ਸਾਨੂੰ ਅਰਬੀ/ਫ਼ਾਰਸੀ ਸ਼ਬਦਾਵਲੀ ਦਾ ਕੋਈ ਨਾ ਕੋਈ ਬਦਲ ਤਾਂ ਲੱਭਣਾ ਹੀ ਪੈਣਾ ਹੈ ਤਾਂਕਿ ਬਹਿਰ-ਵਜ਼ਨ ਦੀ ਬੇਗਾਨਗੀ ਤੋਂ ਪੰਜਾਬੀ ਗ਼ਜ਼ਲਕਾਰ ਮੁਕਤ ਹੋ ਸਕੇ। ਮੇਰੇ ਉਸਤਾਦ ਜਨਾਬ ਪ੍ਰਿੰ: ਤਖਤ ਸਿੰਘ ਅਨੁਸਾਰ ਅਸੀਂ ਰੁਕਨਾਂ ਦੇ ਬਦਲ ਇੰਝ ਲੈ ਸਕਦੇ ਹਾਂ ਜਿਵੇਂ: ਫ਼ਾਇਲੁਨ ਦਾ ਛਮ-ਛਮਾ (S-1S); ਫ਼ਾਊਲਨ ਦਾ ਛਮਾ-ਛਮ (1S-S) ਆਦਿ।

'ਵਤਨ-17' ਵਿਚ ਨਦੀਮ ਸਾਹਿਬ ਦੀਆਂ ਦੋ ਗ਼ਜ਼ਲਾਂ ਪੜ੍ਹਨ ਦਾ ਸ਼ਰਫ਼ ਹਾਸਿਲ ਹੋਇਆ। ਇਹ ਗ਼ਜ਼ਲਾਂ ਜਿੱਥੇ ਰੂਪ (ਫੌਰਮ) ਅਤੇ ਵਿਸ਼ੇ-ਵਸਤੂ (ਕਨਟੈਂਟ) ਪੱਖੋਂ ਗ਼ਜ਼ਲ ਦੀ ਤਰਜਮਾਨੀ ਕਰਦੀਆਂ ਹਨ ਉਥੇ ਸ਼ਬਦਾਂ ਦੇ ਵਜ਼ਨ ਥੰਨ੍ਹਣ ਸਮੇਂ ਉਹਨਾਂ ਪਾਸੋਂ ਖਾਸ ਤਵੱਜੋ ਦੀ ਮੰਗ ਵੀ ਕਰਦੀਆਂ ਹਨ। ਉਹਨਾਂ ਨੇ ਸਫਾ 8 ਤੇ ਆਪਣੀ ਪਹਿਲੀ ਗ਼ਜ਼ਲ ਦੇ ਪੰਜਵੇਂ ਸ਼ਿਅਰ ਦੇ ਪਹਿਲੇ ਮਿਸਰੇ ਤੇ ਦੋ ਉਕਤਾਈਆਂ ਕੀਤੀਆਂ ਹਨ। ਜਿਵੇਂ ਸ਼ਬਦ 'ਉਮਰ' ਨੂੰ ਸਫ਼ਾ (ਛਮਾ, 1S, ਉ+ਮਰ) ਦੇ ਵਜ਼ਨ ਤੇ ਬੰਨਿਆ ਹੈ ਜਿਸਦਾ ਸਹੀ ਵਜ਼ਨ ਫ਼ਾਇ (ਛਾਮ, S1, ਉਮ+ਰ) ਹੈ। ਦੂਜਾ ਸ਼ਬਦ ਟੋਲਦਿਆਂ (ਵਜ਼ਨ: ਫ਼ਾਇ-ਇਲੁਨ ਛਾਮ-ਛਮਾ, S1-1S) ਨੂੰ ਇਸ ਆਕਾਰ ਵਿਚ ਬੰਨ ਕੇ ਬੇਵਜ਼ਨੀ (ਸਕਤਾਅ) ਪੈਦਾ ਕੀਤੀ ਹੈ। ਇਸ ਮਿਸਰੇ ਨੂੰ ਗ਼ਜ਼ਲ ਦੀ ਬਹਿਰ (ਮੁਫ਼ਾਈਲੁਨ, ਮੁਫ਼ਾਈਲੁਨ, ਫਊਲੁਨ ਜਾਂ ਛਮਾ ਛਮ ਛਮ, ਛਮਾ ਛਮ ਛਮ, ਛਮਾ ਛਮ ਜਾਂ 1SSS. 1SSS, 1SS) ਅਨੁਸਾਰ 'ਹਰਿਕ ਥਾਂ ਉਮਰ ਭਰ ਮੈਂ ਟੋਲਿਆ ਜੋ' ਕਰਕੇ ਸਹਿਜੇ ਹੀ ਲਿਖਿਆ ਜਾ ਸਕਦਾ ਸੀ। ਇੰਝ ਹੀ ਛੇਵੇਂ ਸ਼ਿਅਰ ਦੇ ਦੂਜੇ ਮਿਸਰੇ ਵਿਚ ਸ਼ਬਦ ਗੁਜ਼ਰਿਆ ਨੂੰ ਫਊਲਨ, ਛਮਾ-ਛਮ, 1SS ਦੇ ਵਜ਼ਨ ਤੇ ਵਰਤਿਆ ਗਿਆ ਹੈ ਜਦ ਕਿ ਇਸ ਦੀ ਵਰਤੋਂ ਫ਼ਾਇਲੁਨ, ਛਮ-ਛਮਾ, S1S ਦੇ ਵਜ਼ਨ ਤੇ ਹੁੰਦੀ ਹੈ। ਅਤੇ ਸਤਵੇਂ ਸ਼ਿਅਰ ਦਾ ਕਾਫ਼ੀਆ '-ਹਿਆਂ' ਕਿਸੇ ਪੱਖੋਂ ਵੀ ਢੁੱਕਦਾ ਨਹੀਂ। ਦੂਜੀ ਗ਼ਜ਼ਲ ਦੇ ਚੌਥੇ ਸ਼ਿਅਰ ਵਿਚ ਸ਼ਬਦ 'ਕਾਲਜਾ' ਵੀ ਵਜ਼ਨ ਪੱਖੋਂ ਢੁਕਵਾਂ ਨਹੀਂ। ਇਸ ਦੀ ਥਾਂ 'ਦਿਲ ਨੂੰ' ਕਿਸੇ ਹੱਦ ਤੀਕ ਠੀਕ ਹੈ। ਸੋ ਉਹਨਾਂ ਅੱਗੇ ਬੇਨਤੀ ਹੈ ਕਿ ਸ਼ਬਦਾਂ ਦੇ ਸਹੀ ਉਚਾਰਨ (ਵਜ਼ਨ) ਨੂੰ ਸੁਚੇਤ ਹੋ ਕੇ ਵਰਤਣ ਤਾਂਕਿ ਪੰਜਾਬੀ ਗ਼ਜ਼ਲ ਦੀ ਸਹੀ ਦਿਸ਼ਾ ਵਲ ਰਹਿਨੁਮਾਈ ਹੋ ਸਕੇ।

**–ਸੁਰਿੰਦਰ ਸੀਰਤ, ਸੈਨ ਹੋਜ਼ੇ, ਕੈਲੇਫੋਰਨੀਆ**

'ਵਤਨ' ਦਾ ਉਹ ਅੰਕ, ਜਿਸ ਵਿਚ ਡਾ: ਭਾਰਦਵਾਜ ਹੁਰਾਂ ਦਾ ਲੇਖ ਹੈ, ਮਿਲ ਗਿਆ ਹੈ। ਮੈਂ ਇਹ ਲੇਖ ਪੜ੍ਹ ਲਿਆ ਹੈ। ਉਸਦੇ ਪ੍ਰਤਿਉੱਤਰ ਵੱਜੋਂ ਮੈਂ 'ਆਊਟਲਾਈਨ' ਤਿਆਰ ਕਰ ਰਿਹਾ ਹਾਂ। ਮੇਰੇ ਪਿਛਲੇ ਲੇਖ ਵਿਚ 'ਮਿਸਪਰਿੰਟਸ' ਆ ਗਏ ਹਨ ਜਿਸ ਕਰਕੇ ਇਕ ਦੋ ਥਾਂ ਅਰਥ ਦਾ ਅਨਰਥ ਹੋ ਗਿਆ ਹੈ। ਉਹਨਾਂ ਦਾ ਜ਼ਿਕਰ ਇਸ ਨਵੇਂ ਲੇਖ ਵਿਚ ਕਰਨਾ ਪਵੇਗਾ।

ਮੇਰੀ ਕੋਸ਼ਿਸ਼ ਤਾਂ ਇਹ ਹੈ ਕਿ ਮੈਂ ਨਵਾਂ ਲੇਖ ਨਵੰਬਰ ਦੇ ਪਹਿਲੇ ਹਫਤੇ ਭੇਜ ਦੇਵਾਂ, ਪਰ ਹੁਣ ਮੈਨੂੰ ਸਵੀਡਨ ਜਾਣਾ ਪੈ ਰਿਹਾ ਹੈ। ਜੇ ਕਰ ਛੇਤੀ ਲੇਖ ਤਿਆਰ

ਕਰਕੇ ਹੁਣ ਨਾ ਭੇਜ ਸਕਿਆ ਤਾਂ ਮੈਂ ਯਕੀਨਨ ਸਵੀਡਨ ਤੋਂ ਜ਼ਰੂਰ-ਬਰ ਜ਼ਰੂਰ ਭੇਜ ਦੇਵਾਂਗਾ। ਉਥੋਂ ਦੋ-ਤਿੰਨ ਮਹੀਨੇ ਠਹਿਰਨਾ ਹੈ।

ਐਤਕੀਂ ਪ੍ਰਤੀਉੱਤਰ ਲੇਖ ਕੁੱਝ ਨਾ ਕੁੱਝ ਤਕਨੀਕੀ ਸ਼ਬਦਾਵਲੀ ਵਿਚ ਹੋਵੇਗਾ, ਫੇਰ ਵੀ ਮੈਂ ਆਮ ਪਾਠਕਾਂ ਦੇ ਸਮਝ-ਗੋਚਰਾ ਕਰਨ ਲਈ ਯਤਨਸ਼ੀਲ ਹੋਵਾਂਗਾ।

**-ਪ੍ਰੇਮ ਪ੍ਰਕਾਸ਼ ਸਿੰਘ, ਮਿਸੀਸਾਗਾ, ਓਨਟੇਰੀਓ**

ਏਸ ਵਾਰ ਦਾ 'ਵਤਨ' (ਜੁਲਾਈ, ਅਗੱਸਤ, ਸਤੰਬਰ ਅੰਕ) ਪੜ੍ਹਿਆ। ਬਹੁਤ ਪਸੰਦ ਆਇਆ। ਕਵਿਤਾ ਭਾਗ ਕਾਫੀ ਸਲਾਹੁਣਯੋਗ ਹੈ। ਇਹਦੇ ਨਾਲ ਪਰਚੇ ਦਾ ਸਾਹਿਤਕ ਮਿਆਰ ਹੋਰ ਉੱਚਾ ਹੁੰਦਾ ਹੈ। ਪਰ ਅਮਨਪਾਲ ਸਾਰਾ ਦੀ ਕਹਾਣੀ 'ਰੂਹ ਦੀ ਸਾਂਝ' ਰਸਦਾਰ ਹੋਣ ਦੇ ਬਾਵਜੂਦ ਬਹੁਤ ਸਾਰੇ ਕਿੰਤੂ ਖੜ੍ਹੇ ਕਰ ਜਾਂਦੀ ਹੈ ਜੋ ਬਹਿਸ ਦਾ ਵਿਸ਼ਾ ਬਣਦੇ ਹਨ ਤੇ ਏਹੋ ਇਸ ਕਹਾਣੀ ਦੀ ਵਡਿੱਤਣ ਹੈ। ਲਿਪੀ ਦੇ ਸੁਆਲ ਤੇ ਮੰਗਤ ਰਾਏ ਭਾਰਦਵਾਜ ਹੁਰਾਂ ਜੋ ਕਿੰਤੂ ਉਠਾਏ ਹਨ, ਉਹ ਲਗਦੇ ਕਿ ਸਿਰਫ ਕਿੰਤੂ ਦੀ ਖਾਤਰ ਹੀ ਕਿੰਤੂ ਹਨ ਵਰਨਾ ਪੰਜਾਬੀ ਭਾਸ਼ਾ ਸਿਰਫ ਗੁਰਮੁਖੀ ਅੱਖਰਾਂ ਵਿਚ ਹੀ ਦੂਜਿਆਂ ਨਾਲੋਂ ਚੰਗੇਰੀ ਲਿਖੀ ਜਾ ਸਕਦੀ ਹੈ। ਜਿਵੇਂ 'ਨ' ਤੇ 'ਣ' ਦਾ ਫਰਕ 'ਵ' ਤੇ 'ੜ' ਦੀ ਵਰਤੋਂ ਹੋਰ ਕਿਸੇ ਲਿਪੀ ਤੋਂ ਨਹੀਂ ਹੋ ਸਕਦੀ। ਭਾਸ਼ਾ ਨੂੰ ਵਿਗਾੜ ਕੇ ਲਿਖਣ ਵਿਚ ਸਾਡੇ ਲਿਖਾਰੀਆਂ ਦਾ ਵੀ ਬਹੁਤ ਹੱਥ ਹੈ ਜਿਹੜੇ ਟਕਸਾਲੀ ਬੋਲੀ ਦੀ ਥਾਂ ਸਥਾਨਕ ਬੋਲੀਆਂ ਦੀ ਵਧੇਰੇ ਵਰਤੋਂ ਕਰਦੇ ਹਨ।

ਗੁਰਬਚਨ ਦਾ ਸਥਾਈ ਕਾਲਮ ਹਮੇਸ਼ਾਂ ਹੀ ਵਧੀਆ ਹੁੰਦਾ ਹੈ। ਇਹਦੇ ਬਾਰੇ ਕੁਝ ਕਹਿਣ ਦੀ ਲੋੜ ਨਹੀਂ। ਪਰ ਹੁਣ ਦੇਖੀਏ, ਆਰਸੀ ਦੇ ਅਕਤੂਬਰ ਅੰਕ ਵਿਚ ਜੋ ਖਬਰ ਛਪੀ ਹੈ: 'ਕੁਲਦੀਪ ਨਈਯਰ ਦੀ ਪ੍ਰਧਾਨਗੀ ਹੇਠ ਸ੍ਰੀ ਤਾਰਾ ਸਿੰਘ ਹੇਅਰ ਨੂੰ ਇਕ ਵਧੀਆ ਪੱਤਰਕਾਰ ਦੇ ਤੌਰ ਤੇ ਸਨਮਾਨਿਆ ਗਿਆ', ਬਾਰੇ ਗੁਰਬਚਨ ਜੀ ਕੀ ਕਹਿੰਦੇ ਹਨ? ਹੁਣ ਤੱਕ ਸਿਰਫ ਇਕੋ ਬੰਦੇ ਪ੍ਰੀਤਮ ਸਿੰਘ ਨੇ ਹੀ ਸੱਚ ਕਹਿਣ ਦੀ ਜੁਰੱਅਤ ਕੀਤੀ ਹੈ।

ਪਰਦਾ ਜੋ ਉੱਠ ਗਿਆ ਵਿਚ ਹਰ ਵਾਰ ਸੁਖਵੰਤ ਹੁੰਦਲ ਸਾਡੇ ਗਿਆਨ ਦਾ ਕੱਦ ਇਕ ਇੰਚ ਉੱਚਾ ਕਰ ਜਾਂਦੇ। ਉਹਦੀ ਇਸ ਮਿਹਨਤ ਦੀ ਦਾਦ ਦੇਣੀ ਹੀ ਬਣਦੀ ਹੈ। ਜੋਗਿੰਦਰ ਸ਼ਮਸ਼ੇਰ ਦਾ ਲੇਖ ਛਾਪ ਕੇ ਤੁਸੀ ਉਸ ਕਾਨਫਰੰਸ ਨੂੰ ਹੋਰਨਾਂ ਨਾਲ ਵੀ ਸਾਂਝਿਆਂ ਕਰ ਰਹੇ ਹੋ, ਇਹ ਤੁਹਾਡਾ ਵਧੀਆ ਉੱਦਮ ਹੈ। ਪਰ ਚੰਗਾ ਹੁੰਦਾ ਜੇ ਤੁਸੀਂ ਆਪ ਵੀ ਕਾਨਫਰੰਸ ਬਾਰੇ ਇਕ ਦੋ ਕਿੰਤੂ ਕੀਤੇ ਹੁੰਦੇ ਤਾਂ ਕਿ ਸਾਨੂੰ ਵੀ ਪਤਾ ਲੱਗਦਾ ਕਿ ਅਸੀਂ ਕਿੱਥੇ ਖੜ੍ਹੇ ਹਾਂ। ਅਸੀਂ ਮੂੰਹ ਰੱਖਣ ਵਾਲੇ ਦੋਸਤ ਨਾਲੋਂ ਨੁਕਤਾਚੀਨ ਵਿਰੋਧੀ ਨੂੰ ਬਿਹਤਰ ਸਮਝਦੇ ਹਾਂ। ਚਲੋ ਅਗਲੀ ਵਾਰ ਸਹੀ।

ਏਸ ਅੰਕ ਦੀ ਸੱਭ ਤੋਂ ਵਧੀਆ ਰਚਨਾ ਸਤਵੰਤ ਦੀਪਕ ਦੀ 'ਮੂਸ ਆਨ ਦਾ ਲੂਸ' ਲੱਗੀ। ਜਿਹਦੇ ਵਿਚ ਕਨੇਡਾ ਦੀ ਅਪਾਹਜ ਸਿਆਸਤ ਤੇ ਮੀਡੀਏ ਦਾ ਸਨਸਨੀ ਭਰਪੂਰ ਰੋਲ ਜਿਸ ਤਰ੍ਹਾਂ ਬਿਆਨ ਕੀਤਾ ਗਿਆ ਹੈ, ਇਹਦੇ ਨਾਲ ਸਤਵੰਤ ਦੀਪਕ ਵਿਅੰਗ ਦੇ ਖੇਤਰ ਵਿਚ ਸਿੱਖਰਾਂ ਨੂੰ ਛੂਹ ਗਿਆ ਹੈ - ਜਿਸ ਨਾਲ ਅੱਗੋਂ ਲਈ ਵੀ ਬਹੁਤ ਆਸਾਂ ਬੱਝਦੀਆਂ ਹਨ। ਸਾਡੀ ਵਧਾਈ ਉਹਦੇ ਤੱਕ ਪਹੁੰਚਾ ਦੇਣੀ। ਹਾਂ ਇਕ ਗੱਲ, ਕੀ 'ਲੂਸ' ਦਾ ਸ਼ਬਦਜੋੜ ਠੀਕ ਹੈ? ਅਸੀਂ ਸਮਝਦੇ ਹਾਂ ਕਿ 'ਲੂਸ' ਦੀ ਥਾਂ 'ਲੂਜ਼' ਚਾਹੀਦਾ ਸੀ। ਉਂਜ ਗੱਲ ਦੀ ਸਮਝ ਲੱਗ ਜਾਂਦੀ ਹੈ ਪਰ ਭੁਲੇਖਾ ਲੱਗਣ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ।

ਤੁਹਾਡੇ ਸੰਪਾਦਕੀ ਦੇ ਦੂਜੇ ਭਾਗ, ਜਿਸ ਵਿਚ ਤੁਸਾਂ ਵਪਾਰੀ ਤਬਕੇ ਨੂੰ ਕਮਿਊਨਿਟੀ ਦੀ ਸੱਭ ਤੋਂ ਵੱਡੀ ਤਾਕਤ ਗਰਦਾਨਿਆ ਹੈ, ਨਾਲ ਅਸੀਂ ਸਹਿਮਤ ਨਹੀਂ। ਅਸੀਂ ਸਮਝਦੇ ਹਾਂ ਕਿ ਸੱਭ ਤੋਂ ਵੱਡੀ ਤਾਕਤ ਕਿਸੇ ਵੀ ਹਾਲਤ ਵਿਚ ਗਲੋਬ ਦੇ ਕਿਸੇ ਵੀ ਹਿੱਸੇ ਤੇ ਲੋਕ ਆਪ ਹੁੰਦੇ ਹਨ। ਵਪਾਰੀ ਤਬਕੇ ਦਾ ਖ਼ਾਸਾ ਤੇ ਹਿੱਤ ਹਮੇਸ਼ਾਂ ਆਰਥਿਕ ਹੁੰਦਾ ਹੈ। ਜਿਸ ਵਪਾਰੀ ਦਾ ਮੁੱਖ ਮਨੋਰਥ ਪੈਸਾ ਜਾਂ ਲਾਭ ਨਹੀਂ ਉਹ ਕਾਮਯਾਬ ਵਪਾਰੀ ਨਹੀਂ। ਪੈਸੇ ਨੂੰ ਮੁੱਖ ਰੱਖਕੇ ਹੀ ਬਿਰਲੇ ਵਰਗੇ ਵਪਾਰੀ, ਇਕ ਲੋੜਵੰਦ ਮਜ਼ਦੂਰ ਦੀ ਤਨਖਾਹ ਇਕ ਚੁਆਨੀ ਨਾ ਵਧਾਉਣਗੇ ਪਰੰਤੂ ਲੋਕਾਂ ਵਿਚ ਵਾਹਵਾ ਹਾਸਲ ਕਰਨ ਲਈ ਇਕ ਲੱਖ ਰੁਪਈਆ ਖਰਚ ਕਰਕੇ ਬਿਰਲਾ ਮੰਦਰ ਜ਼ਰੂਰ ਬਣਵਾ ਦੇਣਗੇ। ਇਹ ਆਰਥਿਕ ਮਸਲਾ ਹੈ। ਤੁਸੀ ਸਾਡੇ ਨਾਲੋਂ ਬਿਹਤਰ ਜਾਣਦੇ ਹੋ। ਅਸੀਂ ਚਾਹਾਂਗੇ ਕਿ ਤੁਸੀ ਇਸ ਕਿੰਤੂ ਬਾਰੇ ਜ਼ਰੂਰ ਟਿੱਪਣੀ ਕਰੋ। ਧੰਨਵਾਦ।

**ਅਮਰਜੀਤ, ਸਾਹਿਤ ਵਿਚਾਰ ਮੰਚ ਵਿਨੀਪੈਗ**

'ਵਤਨ' ਦੇ ਤਾਜ਼ਾ ਇਸ਼ੂ ਦੇ ਐਡੀਟੋਰੀਅਲ ਦੀ ਸਮਝ ਨਹੀਂ ਪਈ, ਕੀ "ਬਿਜ਼ਨਸ ਲੀਡਰ ਸਾਡੀ ਕਮਿਊਨਟੀ ਦੀ ਅਸਲੀ ਤਾਕਤ ਹਨ"?

**-ਮੁਖਤਿਆਰ, ਵਿਨੀਪੈਗ**

* ਵੈਨਕੂਵਰ ਦੀ ਪੰਜਾਬੀ ਮਾਰਕਿਟ ਵਿਚ ਗਲੀਆਂ ਦੇ ਸਾਈਨ ਪੰਜਾਬੀ ਵਿਚ ਲਾਉਣ ਲਈ ਪੰਜਾਬੀ ਮਾਰਕਿਟ ਦੇ ਵਪਾਰੀਆਂ ਨੂੰ ਤਕਰੀਬਨ 10 ਸਾਲ ਤੱਕ ਯਤਨ ਕਰਨੇ ਪਏ, ਅਤੇ ਵੱਖ ਵੱਖ ਤਰ੍ਹਾਂ ਦੇ ਵਿਰੋਧਾਂ ਦਾ ਸਾਹਮਣਾ ਕਰਨਾ ਪਿਆ। ਇਹ ਵਿਰੋਧ ਵੈਨਕੂਵਰ ਦੀ ਮਿਊਂਸਪਲ ਸਰਕਾਰ ਨਾਲ ਵੀ ਸਨ ਅਤੇ ਪੰਜਾਬੀ ਮਾਰਕੀਟ ਦੇ ਵਪਾਰੀਆਂ ਵਿਚਕਾਰ ਅੰਦਰੂਨੀ ਵੀ। ਹੁਣ ਜਦੋਂ 10 ਸਾਲ ਬਾਅਦ ਇਹ ਸਾਈਨ ਲਾਏ ਗਏ ਹਨ, ਤਾਂ ਸਾਡੇ ਵਿਚਾਰ ਵਿਚ ਇਹ ਗੱਲ ਪੰਜਾਬੀ ਕਮਿਊਨਟੀ ਲਈ ਮਾਣ ਵਾਲੀ ਹੈ। ਵਤਨ ਦੇ ਪਿਛਲੇ ਅੰਕ ਦੇ ਸੰਪਾਦਕੀ ਦਾ ਮਕਸਦ ਇਸ ਗੱਲ ਨੂੰ ਉਭਾਰਨਾ ਸੀ ਅਤੇ ਪੰਜਾਬੀ ਮਾਰਕਿਟ ਦੇ ਵਪਾਰੀਆਂ ਵਲੋਂ ਇਸ ਕੰਮ ਲਈ ਕੀਤੇ ਯਤਨਾਂ ਨੂੰ ਮਾਨਤਾ ਦੇਣਾ ਸੀ।

ਪਰ ਇਸ ਸੰਬੰਧ ਵਿਚ ਸਾਡੇ ਵਲੋਂ ਪੇਸ਼ ਕੀਤੇ ਕੁਝ ਵਿਚਾਰਾਂ ਨਾਲ ਸਾਡੇ ਪਾਠਕ ਦੋਸਤ ਸਹਿਮਤ ਨਹੀਂ। ਉਹਨਾਂ ਨੂੰ ਸਾਡੇ ਇਸ ਵਾਕ 'ਕਨੇਡਾ ਦੇ ਆਰਥਿਕ ਤੇ ਸਮਾਜਿਕ ਢਾਂਚੇ ਮੁਤਾਬਕ ਕਿਸੇ ਕਮਿਊਨਿਟੀ ਦੀ ਸੱਭ ਤੋਂ ਵੱਡੀ ਤਾਕਤ ਵਪਾਰੀ ਤਬਕਾ ਹੈ', ਦੇ ਪਿਛਲੇ ਹਿੱਸੇ 'ਤੇ ਕਿੰਤੂ ਹੈ। ਉਹਨਾਂ ਦਾ ਸੁਹਿਰਦ ਤੇ ਗੰਭੀਰ ਸੁਰ 'ਚ ਕੀਤਾ ਕਿੰਤੂ ਕਾਫੀ ਵਾਜਬ ਹੈ। ਅਮਰਜੀਤ ਤੇ ਸਾਥੀਆਂ ਨੇ ਲਿਖਿਆ ਹੈ ਕਿ 'ਸੱਭ ਤੋਂ ਵੱਡੀ ਤਾਕਤ ਕਿਸੇ ਵੀ ਹਾਲਤ ਵਿਚ ਗਲੋਬ ਦੇ ਕਿਸੇ ਵੀ ਹਿੱਸੇ ਤੇ ਲੋਕ ਆਪ ਹੁੰਦੇ ਹਨ'। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਸਲੀ ਤਾਕਤ ਲੋਕ ਹੀ ਹੁੰਦੇ ਹਨ ਪਰ ਉਸ ਹਾਲਤ ਤੱਕ ਪਹੁੰਚਣ ਲਈ, ਜਿੱਥੇ ਲੋਕ ਆਪਣੀ ਤਾਕਤ ਦਾ ਆਪਣੀ ਮਰਜ਼ੀ ਨਾਲ ਇਸਤੇਮਾਲ ਕਰ ਸਕਣ, ਸੰਘਰਸ਼ ਦੀ ਇਕ ਲੰਬੀ ਮੰਜ਼ਿਲ ਤਹਿ ਕਰਨੀ ਪੈਂਦੀ ਹੈ। ਇਕ ਲੰਬੇ ਸੰਘਰਸ਼ ਬਾਅਦ ਜਾ ਕੇ ਲੋਕ ਇਸ ਪੁਜ਼ੀਸ਼ਨ ਵਿਚ ਪਹੁੰਚਦੇ ਹਨ ਕਿ ਉਹ ਪੈਦਾਵਾਰ ਦੇ ਸਾਧਨਾਂ (ਮੀਨਜ਼ ਆਫ ਪਰੋਡੱਕਸ਼ਨ) ਉੱਪਰ ਕਾਬਜ ਹੋ ਸਕਣ ਤੇ ਆਪਣੀ ਇੱਛਾ ਅਨੁਸਾਰ, ਸਰਬੱਤ ਦੇ ਭਲੇ ਵਾਲੇ, ਆਰਥਿਕ ਢਾਂਚੇ ਦੀ ਉਸਾਰੀ ਕਰਨ ਤੇ ਉਸ ਉੱਪਰ ਢੁੱਕਵਾਂ ਸਮਾਜਿਕ ਢਾਂਚਾ ਉਸਾਰਨ। ਪਰ ਜਿੰਨਾ ਚਿਰ ਪੈਦਾਵਾਰ ਦੇ ਸਾਧਨ ਉਨ੍ਹਾਂ ਦੇ ਹੱਥਾਂ ਵਿਚ ਨਹੀਂ ਆ ਜਾਂਦੇ (ਤੇ ਕਈ ਵਾਰੀ ਆ ਕੇ ਵੀ ਖੁੱਸ ਜਾਂਦੇ ਹਨ) ਉਨਾਂ ਚਿਰ ਉਨ੍ਹਾਂ ਦੇ ਹੱਥਾਂ ਵਿਚ ਵਰਤਣਯੋਗ ਤਾਕਤ ਬਹੁਤੀ ਨਹੀਂ ਹੁੰਦੀ। ਸਾਨੂੰ ਚੰਗਾ ਲੱਗੇ ਭਾਵੇਂ ਨਾ, ਅਸਲੀਅਤ ਇਹ ਹੈ ਕਿ ਕਨੇਡਾ ਦੇ ਆਰਥਿਕ ਢਾਂਚੇ ਵਿਚ, ਇਸ ਵਕਤ, ਅਸਲੀ ਤਾਕਤ ਵਪਾਰੀਆਂ ਦੇ ਹੱਥ ਵਿਚ ਹੀ ਹੈ, ਇਹ ਤਾਕਤ ਨਾ ਲੋਕਾਂ ਦੇ ਹੱਥ ਵਿਚ ਹੈ ਤੇ ਨਾ ਹੀ ਲੋਕਾਂ ਵਲੋਂ ਚੁਣੇ ਸਿਆਸੀ ਲੀਡਰਾਂ ਦੇ ਹੱਥ।

ਪਰ ਇਸ ਦੇ ਬਾਵਜੂਦ ਅਸੀ ਦੋਸਤਾਂ ਦੇ ਇਸ ਵਿਚਾਰ ਨਾਲ ਸਹਿਮਤ ਹਾਂ ਕਿ ਅਖੀਰ ਵਿਚ ਅਸਲੀ ਤਾਕਤ ਲੋਕਾਂ ਦੀ ਹੀ ਹੁੰਦੀ ਹੈ। ਤੇ ਅਸੀ ਆਪਣੀ ਵਲੋਂ ਹੋਈ ਇਸ ਭੁੱਲ ਨੂੰ ਮੰਨਦੇ ਹਾਂ। ਇਹ ਮੰਨ ਲੈਣ ਤੋਂ ਬਾਅਦ ਅਸੀ ਆਪਣੇ ਦੋਸਤਾਂ ਅੱਗੇ ਕੁਝ ਸਵਾਲ ਰੱਖਣੇ ਚਾਹੁੰਦੇ ਹਾਂ। ਇਕ ਤਾਂ ਇਹੀ ਕਿ ਵੈਨਕੂਵਰ ਦੀ ਪੰਜਾਬੀ ਮਾਰਕਿਟ ਦੀਆਂ ਪਝੱਤਰ ਪ੍ਰਤੀਸ਼ੱਤ ਤੋਂ ਉੱਪਰ ਦੁਕਾਨਾਂ ਦੇ ਸਾਈਨ ਸਿਰਫ ਅੰਗ੍ਰੇਜ਼ੀ ਵਿਚ ਹਨ ਜੋ ਕਿ ਪੰਜਾਬੀ ਵਿਚ ਵੀ ਹੋਣੇ ਚਾਹੀਦੇ ਹਨ। ਅਸੀ ਚਾਹੁੰਦੇ ਹਾਂ ਕਿ ਸਾਡੇ ਸਿਆਸੀ ਸੂਝ ਰੱਖਣ ਵਾਲੇ ਦੋਸਤ ਤੇ ਸਿਆਸੀ ਕਾਰਕੁੰਨ ਇਸ ਮਸਲੇ ਨੂੰ ਨਜਿੱਠਣ ਲਈ ਲੋੜੀਂਦੀ ਸਿਆਸੀ ਅਗਵਾਈ ਦੇਣ ਤਾਂ ਕਿ ਲੋਕ ਸ਼ਕਤੀ ਦੁਆਰਾ ਵੈਨਕੂਵਰ, ਟਰਾਂਟੋ ਆਦਿ ਥਾਵਾਂ 'ਤੇ ਪੰਜਾਬੀ ਬੋਲੀ ਨੂੰ ਇਸਦੀ ਬਣਦੀ ਥਾਂ ਮਿਲ ਸਕੇ।

ਸਾਡੀਆਂ ਮੌਜੂਦਾ ਹਾਲਤਾਂ ਵਿਚ ਸਾਡੇ ਲਈ ਇਹ ਜਾਨਣਾ ਬਹੁਤ ਜ਼ਰੂਰੀ ਹੈ ਕਿ ਅਸੀਂ 'ਲੋਕ' ਕਿਸ ਨੂੰ ਕਹਿੰਦੇ ਹਾਂ। ਕਨੇਡਾ ਵਿਚ ਆ ਕੇ ਜਦੋਂ ਕੋਈ ਕਿਰਾਏ ਦੀ ਬੇਸਮਿੰਟ ਵਿਚ ਰਹਿ ਕੇ, ਕਿਸੇ ਠੇਕੇਦਾਰ ਨਾਲ ਵੈਨ ਵਿਚ ਬੈਠ ਕੇ ਫਾਰਮਾਂ ਨੂੰ, ਜਾਂ ਇਮਾਰਤਾਂ ਦੀ ਸਫਾਈ ਕਰਨ ਲਈ, ਜਾਂ ਰੈਸਟੋਰੈਂਟ ਆਦਿ ਵਿਚ ਕੰਮ ਕਰਨ ਜਾਂਦਾ ਹੈ ਜਾਂ ਕਿਸੇ ਹੋਰ ਦੀ ਮਾਲਕੀ ਵਾਲੀ ਟੈਕਸੀ ਚਲਾਉਂਦਾ ਹੈ, ਤਾਂ ਅਜਿਹੇ ਵਿਅਕਤੀਆਂ ਨੂੰ ਅਸੀ ਲੋਕ ਕਹਾਂਗੇ। ਪਰ ਜਦੋਂ ਸਾਲ ਦੋ ਸਾਲ ਬਾਅਦ ਉਹੋ ਸ਼ਖਸ ਆਪਣਾ ਮਕਾਨ ਖ੍ਰੀਦ ਕੇ ਬੇਸਮਿੰਟ ਕਿਰਾਏ ਤੇ ਦੇ ਦੇਵੇ, ਆਪ ਵੈਨ ਖ੍ਰੀਦ ਕੇ ਠੇਕੇਦਾਰ ਬਣ ਜਾਵੇ, ਆਪਣੀ ਟੈਕਸੀ ਖ੍ਰੀਦ ਕੇ ਦੂਜਿਆਂ ਨੂੰ ਚਲਾਉਣ ਲਈ ਦੇਵੇ ਜਾਂ ਆਪਣਾ ਸਟੋਰ ਖੋਲ੍ਹ ਲਵੇ ਤੇ ਦੂਜਿਆਂ ਤੋਂ ਘੱਟ ਤੋਂ ਘੱਟ ਤਨਖਾਹ ਤੇ ਕੰਮ ਕਰਵਾਏ, ਕੀ ਅਜਿਹੇ ਸ਼ਖਸ ਫੇਰ ਵੀ ਪਹਿਲਾਂ ਵਾਲੇ 'ਲੋਕ' ਹੀ ਰਹਿੰਦੇ ਹਨ ਜਾਂ ਉਨ੍ਹਾਂ ਦੇ ਖਾਸੇ ਵਿਚ ਕੁਝ ਤਬਦੀਲੀ ਆਉਂਦੀ ਹੈ? ਜੇ ਉਨ੍ਹਾਂ ਵਿਚ ਕੋਈ ਗੁਣਨਾਤਮਕ ਤਬਦੀਲੀ ਆਉਂਦੀ ਹੈ ਤਾਂ ਫੇਰ ਅਸੀ ਉਨ੍ਹਾਂ ਦੇ ਜਮਾਤੀ ਖਾਸੇ ਦੀ ਕੀ ਵਿਆਖਿਆ ਕਰਾਂਗੇ? ਸਾਨੂੰ ਦੇਖਣਾ ਪਵੇਗਾ ਕਿ ਸਾਡੇ 'ਲੋਕ' ਕੌਣ ਹਨ? ਕਿੰਨੇ ਹਨ? ਉਨ੍ਹਾਂ 'ਲੋਕਾਂ' ਦੇ ਮਸਲੇ ਕਿਹੜੇ ਹਨ? ਉਹ ਮਸਲੇ ਕਿਸ ਤਰ੍ਹਾਂ ਨਜਿੱਠੇ ਜਾ ਸਕਣਗੇ? ਉਨ੍ਹਾਂ ਦੀ ਜਮਾਤੀ ਚੇਤਨਾ ਕਿਹੜੇ ਪੜਾਅ 'ਤੇ ਹੈ? ਉਸਨੂੰ ਕਿਸ ਤਰ੍ਹਾਂ ਪ੍ਰਭਾਵਿਤ ਕੀਤਾ ਜਾ ਸਕਦਾ ਹੈ? ਜਿਹੜੇ ਆਰਥਿਕ ਤੇ ਸਮਾਜਿਕ ਢਾਂਚੇ ਵਿਚ ਇਹ ਲੋਕ ਵਿਚਰ ਰਹੇ ਹਨ ਉਸਦੀ ਕੀ ਅਸਲੀਅਤ ਹੈ? ਉਸ ਸਮਾਜ ਵਿਚ ਕਿਹੜੀਆਂ ਜਮਾਤਾਂ ਹਨ? ਉਹਨਾਂ ਨਾਲ 'ਸਾਡੇ' 'ਲੋਕਾਂ' ਦਾ ਕੀ ਸੰਬੰਧ ਹੈ? ਧਰਮ, ਨਸਲ, ਲਿੰਗ ਬਰਾਬਰਤਾ ਤੇ ਲਿੰਗ ਤਰਜੀਹ ਆਦਿ ਲੋਕਾਂ ਉੱਪਰ ਕਿਸ

ਤਰ੍ਹਾਂ ਤੇ ਕੀ ਅਸਰ ਪਾਉਂਦੇ ਹਨ? ਆਦਿ ਆਦਿ ਅਨੇਕਾਂ ਸਵਾਲ ਹਨ ਜੋ ਸੂਝਵਾਨ ਸਿਆਸੀ ਆਗੂਆਂ ਕੋਲੋਂ ਜਵਾਬਾਂ ਲਈ ਦੁਹਾਈ ਪਾ ਰਹੇ ਹਨ। ਅਸੀ ਆਸ ਕਰਦੇ ਹਾਂ ਕਿ ਸਾਡੇ ਸਿਆਸੀ ਸੂਝ ਵਾਲੇ ਪਾਠਕ/ਦੋਸਤ ਜੋ ਵੱਡੀ ਗਿਣਤੀ ਵਿਚ ਵੈਨਕੂਵਰ, ਕੈਲਗਰੀ, ਐਡਮੋਂਟਨ, ਵਿਨੀਪੈਗ, ਟਰਾਂਟੋ, ਮਾਂਟਰੀਆਲ, ਅਤੇ ਅਮਰੀਕਾ ਤੇ ਇੰਗਲੈਂਡ ਦੇ ਵੱਖ ਵੱਖ ਹਿੱਸਿਆਂ ਵਿਚ ਰਹਿ ਰਹੇ ਹਨ, ਤੇ ਆਪੋ ਆਪਣੇ ਵਿੱਤ ਅਨੁਸਾਰ 'ਲੋਕਾਂ' ਦੀਆਂ ਜਦੋਜਹਿਦਾਂ ਵਿਚ ਹਿੱਸਾ ਪਾ ਰਹੇ ਹਨ ਇਹੋ ਜਿਹੇ ਸਿਧਾਂਤਕ ਮਸਲਿਆਂ ਵੱਲ ਵੀ ਧਿਆਨ ਦੇਣਗੇ। ਇਨ੍ਹਾਂ ਮਸਲਿਆਂ ਤੇ ਸੁਹਿਰਦਤਾ ਨਾਲ ਵਿਚਾਰ ਵਟਾਂਦਰਾ ਕਰਨ ਲਈ ਜੋ ਸਾਡੀ ਸੂਝ ਨੂੰ ਅਗਾਂਹ ਲਿਜਾਣ ਵਾਸਤੇ ਸਹਾਈ ਹੋਵੇ, ਵਤਨ ਦੇ ਪੰਨੇ ਹਾਜ਼ਰ ਹਨ।

**-ਸੰਪਾਦਕ**

ਲਗਭਗ ਦੋ ਸਾਲ ਪਹਿਲਾਂ 'ਵਤਨ' #10 ਵਿਚ ਚਮਨ ਲਾਲ ਪ੍ਰਭਾਕਰ ਨੇ ਆਪਣੇ ਪੱਤਰ ਰਾਹੀ 'ਕਨੇਡੀਅਨ ਪੰਜਾਬੀ ਰੰਗਮੰਚ' ਦੇ ਵਿਸ਼ੇਸ਼ ਅੰਕ ਦੀ ਜਾਇਜ਼ ਸ਼ਲਾਘਾ ਕਰਦਿਆਂ 'ਸਿਰਜਣਾ' ਦੇ ਹਵਾਲੇ ਨਾਲ ਖੱਤ ਦੇ ਅੰਤਲੇ ਪੈਰ੍ਹੇ ਵਿਚ ਇਕ ਸੁਝਾਅ ਦਿੱਤਾ ਸੀ। ਉਸ ਸੁਝਾਅ ਰਾਹੀ ਉਹ ਲੇਖਕਾਂ ਦਾ ਧਿਆਨ ਪਿਛਲੇ ਸਾਲਾਂ ਵਿਚ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਲੱਗੀ ਢਾਹ ਬਾਰੇ ਗੰਭੀਰ ਚਰਚਾ ਅਰੰਭ ਕਰਨ ਵਲ ਦਿਵਾਉਣਾ ਚਾਹੁੰਦਾ ਸੀ। ਇਹ ਮਸਲਾ ਹਰ ਪਾਸਿਓਂ, ਆਰਥਿਕ, ਸਾਹਿਤਕ, ਸਿਆਸਤ, ਤੇ ਸਮਾਜਿਕ ਕਿਸੇ ਵੀ ਤਰਤੀਬ ਵਿਚ, ਬਹੁਤ ਅਹਿਮ ਹੈ। ਇਸ ਵਿਸ਼ੇ ਦੇ ਪ੍ਰਭਾਵ ਦਾ ਅਸਧਾਰਣ ਆਕਾਰ ਭੂਗੋਲਕ ਤੇ ਸਿਆਸੀ ਹੱਦ ਬੰਨੇ ਪਾਰ ਕਰ ਜਾਂਦਾ ਹੈ। ਉਸ ਦੇ ਸੁਝਾਅ ਦੀ ਸਾਰਥਿਕਤਾ ਨੂੰ ਰੱਦ ਕਰਨਾ ਮਾਨਵਵਾਦੀ ਧਰਮ ਵੱਲ ਪਿੱਠ ਕਰਨ ਬਰਾਬਰ ਹੈ। ਮੈਂ ਨਿੱਜੀ ਤੌਰ ਤੇ ਪ੍ਰਭਾਕਰ ਜੀ ਦੀ ਮਨੋਵ੍ਰਿਤੀ ਦੀ ਦਿਆਨਤਦਾਰੀ ਦੀ ਹਾਮੀ ਭਰਨ ਵਜੋਂ ਉਸ ਦੇ ਸ਼ਬਦਾਂ ਥੱਲੇ ਆਪਣੇ ਹਸਤਾਖਰ ਵੀ ਜੋੜਨਾ ਚਾਹੁੰਦਾ ਹਾਂ।

ਸਪੱਸ਼ਟ ਹੈ ਕਿ ਇਸ ਸਦੀ ਦੇ ਦੌਰਾਨ ਦੋ ਘਟਨਾਵਾਂ ਨੂੰ ਅਸੀ ਯੁੱਗ ਪਲਟਾਊ ਘਟਨਾਵਾਂ ਦੀ ਮਾਨਤਾ ਦੇ ਸਕਦੇ ਹਾਂ ਭਾਵੇਂ ਉਨ੍ਹਾਂ ਦੀ ਮਹੱਤਤਾ ਨੂੰ ਸਾਹਮਣੇ ਰੱਖਦਿਆਂ ਮੰਨਣਾ ਪਵੇਗਾ ਕਿ 'ਘਟਨਾਵਾਂ' ਸ਼ਬਦ ਆਪਣੇ ਆਪ ਵਿਚ ਉਨ੍ਹਾਂ ਦੇ ਸੰਪੂਰਨ ਆਕਾਰ ਤੇ ਵਿਸਥਾਰ ਨੂੰ ਅਭਿਵਿਅਕਤ ਕਰਨ ਤੋਂ ਸਦਾ ਅਸਮਰੱਥ ਰਹੇਗਾ ਕਿਉਂਕਿ ਇਹ ਘਟਨਾਵਾਂ ਘਟਨਾਵਾਂ ਨਾਲੋਂ ਕਿਤੇ ਵੱਧ ਮਹੱਤਵ ਤੇ ਮਿਆਰ ਦੀਆਂ ਲਖਾਇਕ ਹਨ। ਇਨ੍ਹਾਂ ਘਟਨਾਵਾਂ ਨੇ ਇਸ ਯੁੱਗ ਦੇ ਸਰੀਰ ਤੇ ਰੂਹ ਨੂੰ ਮੂਲੋਂ ਝੰਜੋੜ ਕੇ ਰੱਖ ਦਿੱਤਾ ਹੈ ਤੇ ਇਸ ਯੁੱਗ ਅੰਦਰ ਵਿਚਰਣ ਵਾਲੇ ਬੌਂਦਲੇ ਹੋਏ ਸੂਝਵਾਨ ਮਨੁੱਖ ਅਰਥਾਂ ਦੀ ਤਲਾਸ਼ ਵਿਚ ਹਨ ਕਿ ਆਖਿਰ ਇਨ੍ਹਾਂ ਵਾਕਿਆਤ ਦੀ ਸਹੀ ਤਾਬੀਰ ਨੂੰ ਕਿਵੇਂ ਪੜ੍ਹਿਆ ਜਾਵੇ। ਇਨ੍ਹਾਂ ਵਿਚੋਂ ਇਕ ਸੀ 1917 ਦੀ ਕ੍ਰਾਂਤੀ ਤੇ ਦੂਜੀ ਹੈ ਪਿਛਲੇ ਕੁਝ ਸਾਲਾਂ ਦੌਰਾਨ ਉਸ ਮਹਾਨ ਸੁਫਨੇ ਦਾ ਟੁੱਟ ਕੇ ਕੰਕਰ ਕੰਕਰ ਹੋ ਜਾਣਾ। ਪਚੱਤਰਾਂ ਸਾਲਾਂ ਦਾ ਇਹ ਇਤਿਹਾਸਕ ਸਫਰ, ਜਿਸ ਵਿਚ ਸੰਸਾਰ ਪੱਧਰ ਉੱਤੇ ਮਨੁੱਖ ਨੂੰ ਸਦੀਆਂ ਦੀ ਗੁਲਾਮੀ ਪਿੱਛੋਂ ਸਾਹ ਲੈਣ ਦੀ ਆਸ ਬੱਝੀ ਸੀ, ਇਕ ਅਜਿਹੇ ਮੋੜ ਤੇ ਪਹੁੰਚ ਕੇ ਚਾਂਗਰ ਮਾਰ ਕੇ ਬਹਿ ਗਿਆ ਹੈ। ਮਨੁੱਖ ਦੇ ਵੈਰੀਆਂ ਦੇ ਪ੍ਰਤਿ-ਯਤਨਾਂ ਨੂੰ ਇਸ ਦਾ ਵਾਧਾ ਸੁਖਾਂਦਾ ਨਹੀ ਸੀ ਇਸੇ ਕਰਕੇ ਉਨ੍ਹਾਂ ਦੂਜੇ ਸੰਸਾਰ ਯੁੱਧ ਪਿਛੋਂ ਇਸ ਸੁਫਨੇ ਨੂੰ ਨਸ਼ਟ ਕਰਨ ਤੇ ਇਸ ਤਜਰਬੇ ਨੂੰ ਅਸਫਲ ਕਰਨ ਲਈ ਹਰ ਹਰਬਾ ਵਰਤਿਆ ਤਾਂਕਿ ਇਸ ਦਾ ਬੀਜ ਨਾਸ਼ ਕੀਤਾ ਜਾਵੇ।

ਦੂਜੇ ਪਾਸੇ ਇਸ ਯੁੱਗ ਪਲਟਾਊ ਦੇ ਕੁਝ ਪੂਰਬੀ ਯੂਰਪੀਅਨ ਉੱਤਰਾਧਿਕਾਰੀਆਂ ਤੇ ਵਧੀਕਾਰੀਆਂ (ਸਕਸੈੱਸਰਜ਼ ਐਂਡ ਐਕਸੈਸਰਜ਼) ਨੇ ਵੀ ਕਿਸੇ ਹੱਦ ਤੱਕ ਇਸ ਆਦਰਸ਼ ਨੂੰ ਪੂਰੀ ਤੇ ਪੱਕੀ ਸਹਾਇਤਾ ਨਹੀ ਦਿੱਤੀ, ਨਤੀਜੇ ਵਜੋਂ ਇਹ ਸਦੀ ਦਾ ਸਰਵੋਤਮ ਸਿਧਾਂਤ ਪੱਛਮ ਵਿਚ ਯਤੀਮ ਬਣ ਕੇ ਰਹਿ ਗਿਆ ਤੇ ਅੱਜ ਵੀ ਆਪਣੀ ਸਵੀਕ੍ਰਿਤੀ ਲਈ ਉਡੀਕਵਾਨ ਹੈ। ਇਸ ਦੇ ਇਤਿਹਾਸਕ ਲਘੂ ਇਤਿਹਾਸ ਨੇ ਸਾਮਰਾਜ ਨੂੰ ਠੱਲ ਪਾਉਣ ਲਈ ਤੇ ਮਨੁੱਖ ਨੂੰ ਪੂੰਜੀਵਾਦ ਦੇ ਜੁਬਾੜਿਆਂ ਵਿਚੋਂ ਛੁਡਾਉਣ ਲਈ ਸੰਘਰਸ਼ ਕੀਤੇ ਤੇ ਪੱਛਮ ਦੀ ਬੇਤਹਾਸ਼ਾ ਲੁੱਟ ਨੂੰ ਨੱਥ ਪਾਈ। ਪਰ ਨਾਲੋਂ ਨਾਲ ਨਕਲੀ ਸਵਾਰਥੀ ਸਮਾਜਵਾਦੀਆਂ ਨੇ ਇਸ ਦੇ ਆਦਰਸ਼ ਨੂੰ ਅਜਿਹੀ ਗੁੱਝੀ ਸੱਟ ਲਾਈ ਜਿਸ ਦੇ ਫਲਸਰੂਪ ਅੱਜ ਦੀਆਂ ਸਥਿਤੀਆਂ ਤੇ ਘਟਨਾਵਾਂ ਆਦਰਸ਼ ਦੇ ਸ਼ੁੱਭਇਛਕਾਂ ਨੂੰ ਪੀੜਤ ਕਰ ਰਹੀਆਂ ਹਨ। ਇਸ ਦੇ ਪ੍ਰਭਾਵ ਦੇ ਵਿਸ਼ਾਲ ਆਕਾਰ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਮੈਂ ਵੀ ਪ੍ਰਭਾਕਰ ਦੀ ਅਪੀਲ ਨਾਲ ਜੁੜ ਕੇ ਲੇਖਕਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਬਾਰੇ ਆਪਣੇ ਵਿਚਾਰਾਂ ਨੂੰ ਉਭਾਰ ਕੇ ਸਾਮ੍ਹਣੇ ਲਿਆਉਣ। ਵਿਵਾਦ ਤੇ ਵਿਚਾਰਾਂ ਦੇ ਮੇਲ ਅਤੇ ਟਕਰਾ ਵਿਚੋਂ ਜੋ ਚੰਗਿਆੜੀਆਂ ਨਿਕਲਦੀਆਂ ਹਨ, ਜਿੱਥੇ ਉਨ੍ਹਾਂ ਵਿਚੋਂ ਸੇਕ ਨਿਕਲਦਾ ਹੈ ਉੱਥੇ ਉਨ੍ਹਾਂ ਦੀ ਲੋਅ ਵਿਚੋਂ ਸੇਧ ਜਾਂ ਸੰਭਾਵੀ ਹੱਲ ਦੇ ਨੁਕਤੇ ਵੀ ਦ੍ਰਿਸ਼ਟਮਾਨ ਹੋ ਸਕਦੇ ਹਨ।

ਸਿਰਜਣਾਤਮਕ ਰਚਨਾਵਾਂ ਕਰਨ ਤੋਂ ਇਲਾਵਾ ਅਜਿਹੇ ਯੁੱਗ-ਪੁਰਸ਼ੀ ਵਿਸ਼ਿਆਂ ਬਾਰੇ ਸੰਵਾਦ ਸ਼ੁਰੂ ਕਰਨਾ ਲੇਖਕਾਂ ਦੇ ਅੰਤਹਿਕਰਨ ਦਾ ਅੰਸ਼ ਹੋਣਾ ਚਾਹੀਦਾ ਹੈ। ਆਸ ਹੈ ਲੇਖਕ/ਪਾਠਕ ਪ੍ਰਭਾਕਰ ਦੇ ਸੁਝਾਅ ਨੂੰ ਸੰਜੀਦਗੀ ਨਾਲ ਵਿਚਾਰ ਕੇ ਅਮਲੀ ਰੂਪ ਦੇਣ ਵਲੀ ਯਤਨ ਕਰਨਗੇ।

**– ਬਲਰਾਜ ਚੀਮਾ, ਸਟਰੈਟਫੋਰਡ, ਓਨਟੇਰੀਓ**

●○●○●○

ਦੇਸ਼ ਭਗਤ, ਦਿਲ ਟਰਾਂਸਪਲਾਂਟ ਤੋਂ ਬਾਅਦ, ਦਿਲ ਦਰਿਆ ਸਮੁੰਦਰੋਂ ਡੂੰਘੇ,

ਜੰਗਲ ਦੇ ਵਿਰੁੱਧ, ਜੰਗਲ ਦੀ ਅੱਗ, ਜ਼ਖਮਾਂ ਦੀ ਫਸਲ,
ਜਿੰਦ ਬਲੇ ਅਧਮੋਈ, ਜਲ ਭਰਮ ਜਲ, ਜਾਗ ਪਏ,

ਹੋਂਦ ਕਥਾ, ਹੰਝੂ ਹੌਕੇ,
ਹਿੰਦ ਦੇ ਜਵਾਨ

ਵਿੱਚ ਪ੍ਰਦੇਸਾਂ ਦੇ,
ਵਣ ਬਾਣੀ,

**ਇਹ ਕਨੇਡਾ ਦੇ ਕਵੀਆਂ ਦੀਆਂ ਕੁਝ ਕਿਤਾਬਾਂ ਦੇ ਨਾਂ ਹਨ। ਕ੍ਰਿਸਮਿੱਸ ਤੇ ਨਵੇਂ ਸਾਲ ਦੇ ਮੌਕੇ 'ਤੇ ਆਪਣੇ ਦੋਸਤਾਂ ਤੇ ਸਨੇਹੀਆਂ ਨੂੰ ਇਨ੍ਹਾਂ ਕਿਤਾਬਾਂ ਵਿਚੋਂ ਕਿਸੇ ਇਕ ਜਾਂ ਦੋ ਦੀ ਭੇਟ ਦਿਓ। ਚੰਗੀ ਕਿਤਾਬ ਤੁਹਾਡੇ ਦੋਸਤ ਨੂੰ ਜੀਵਨ ਭਰ ਲਈ ਤੁਹਾਡੀ ਦੋਸਤੀ ਦੀ ਯਾਦ ਦਿਵਾਏਗੀ।**

ਲੱਕੜ ਦੀਆਂ ਮੱਛੀਆਂ,
ਨਿਖੰਭੜੇ ਲਲਕਾਰ

ਧੁੰਏ 'ਚ ਛੁਪੀ ਅੱਗ,

ਗਦਰੀ ਤੇ ਕਾਮੇ, ਗੀਤਮਣੀ, ਗਜ਼ਲਮਣੀ,

ਰਿਸ਼ਤੇ ਦਰਿਆਵਾਂ ਦੇ, ਰੂਪ ਅਰੂਪ,

ਬਰੀਟਾਂ, ਬੰਜਰ ਦੇ ਬੋਲ,

ਸਫਾ 42 ਦੀ ਬਾਕੀ

ਗਾਇਕੀ ਦੇ ਦੌਰ ਵਿਚ ਕੈਲਗਰੀ ਸਕੂਲ ਆਫ ਡਰਾਮਾ ਦੇ ਕਲਾਕਾਰਾਂ ਵਲੋਂ ਸੁਰਿੰਦਰ ਗਿੱਲ ਦਾ ਲਿਖਿਆ ਗੀਤ 'ਛੱਟਾ ਚਾਨਣਾ ਦਾ ਸਮੂਹਗਾਨ' ਦੇ ਰੂਪ ਵਿਚ ਪੇਸ਼ ਕੀਤਾ ਗਿਆ। ਗਾਇਕ ਕੁਲਦੀਪ ਦੀਪਕ ਨੇ ਗਿਟਾਰ ਨਾਲ ਟੱਪੇ ਗਾਏ। ਇਹਨਾਂ ਤੋਂ ਇਲਾਵਾ ਹਰਜੀਤ ਸਿੰਘ, ਪਾਲ ਸੁਖਾਣੀਵਾਲਾ, ਰਾਜ, ਗੁਰਪ੍ਰੀਤ, ਪਰਮਜੀਤ, ਪਰਮਿੰਦਰ ਸਿੰਘ, ਰਾਜ ਅਤੇ ਸੁਰਜੀਤ ਸਾਗਰ ਨੇ ਵੀ ਗੀਤ ਪੇਸ਼ ਕੀਤੇ।

ਨਾਚ ਅਤੇ ਭੰਗੜੇ ਦੀਆਂ ਆਈਟਮਾਂ ਨੂੰ ਪੇਸ਼ ਕਰਨ ਵਾਲੇ ਕਲਾਕਾਰਾਂ ਵਿਚੋਂ ਰੂਬੀ ਸੰਧੂ, ਰਾਜ ਸੰਧੂ, ਅਤੇ ਢੋਲੀ ਅਮਰਨਾਥ ਦੇ ਨਾਂ ਵਰਨਣਯੋਗ ਹਨ। ਭੰਗੜੇ ਅਤੇ ਗਿੱਧੇ ਦੀਆਂ ਟੀਮਾਂ ਦੀ ਸਿਖਲਾਈ ਰਵਿੰਦਰ ਸਿੰਘ (ਹੈਪੀ), ਮਾਸਟਰ ਅਮਰਨਾਥ, ਸਰਬਜੀਤ ਸਿੰਘ, ਜਗਦੀਸ਼ ਦੀਸ਼ਾ ਅਤੇ ਰਾਣੀ ਦੀ ਨਿਗਰਾਨੀ ਹੇਠ ਹੋਈ।

ਪੰਜ ਘੰਟੇ ਲੰਮੇ ਇਸ ਪ੍ਰੋਗਰਾਮ ਵਿਚ ਸਟੇਜ ਦੀਆਂ ਜ਼ਿੰਮੇਵਾਰੀਆਂ ਜਸਬੀਰ ਚੀਮਾਂ, ਸੁਖਿੰਦਰ ਅਤੇ ਰਾਣੀ ਨੇ ਨਿਭਾਈਆਂ ਅਤੇ ਮਨਜੀਤ ਵਿਰਦੀ ਨੇ ਸਟੇਜ ਕੋਆਰਡੀਨੇਸ਼ਨ ਦਾ ਕੰਮ ਕੀਤਾ।

**(ਸੁਖਿੰਦਰ ਵਲੋਂ ਲਿਖੀ ਰੀਪੋਰਟ ਦਾ ਸੰਖੇਪ)**

**ਅਕਤੂਬਰ, ਲੰਡਨ:** ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ ਯੂ. ਕੇ., ਲੰਡਨ, ਦਾ ਤੇਰਵਾਂ ਸਾਲਾਨ ਸਮਾਗਮ ਲੰਡਨ ਵਿਖੇ ਹੋਇਆ। ਇਸ ਵਿਚ ਸ੍ਰੀ ਮਤੀ ਕੈਲਾਸ਼ਪੁਰੀ ਨੇ ਆਪਣਾ ਪਰਚਾ, "ਬਰਤਾਨੀਆਂ ਵਿਚ ਨੌਜਵਾਨ ਪੀੜੀ: ਸਮੱਸਿਆਵਾਂ ਅਤੇ ਨੈਤਿਕਤਾ" ਪੜ੍ਹਿਆ। ਇਸ ਪਰਚੇ ਤੇ ਹੋਈ ਬਹਿਸ ਵਿਚ ਨਿਰੰਜਨ ਸਿੰਘ ਨੂਰ, ਰਣਜੀਤ ਧੀਰ, ਅਵਤਾਰਜੀਤ ਧੰਜਲ, ਹਰਦੇਵ ਸਿੰਘ ਢੇਸੀ, ਸਾਧੂ ਸਿੰਘ ਸੁਦਰਕ, ਪ੍ਰਿ: ਗੁਰਬਚਨ ਸਿੰਘ ਭੂਈ, ਬਲਦੇਵ ਸਿੰਘ ਸਾਬਰ, ਅਮਰੀਕ ਸਿੰਘ ਢਿੱਲੋਂ, ਸ੍ਰੀ ਮਤੀ ਸੰਧੂ, ਕੈਪਟਨ ਨਸੀਬ ਸਿੰਘ ਢਿੱਲੋਂ ਨੇ ਭਾਗ ਲਿਆ।

ਇਸ ਸਮਾਗਮ ਵਿਚ ਸਭਾ ਦੇ ਸਰਪ੍ਰਸਤ ਗਿ: ਮੱਖਣ ਸਿੰਘ ਮ੍ਰਿਗਿੰਦ ਨੂੰ ਅਭਿਨੰਦਨ ਕੀਤਾ ਗਿਆ। ਇਹ ਅਭਿਨੰਦਨ ਗ੍ਰੰਥ ਡਾ: ਪ੍ਰੀਤਮ ਸਿੰਘ ਕੈਂਬੋ ਵੱਲੋਂ ਸੰਪਾਦਤ ਕੀਤਾ ਗਿਆ ਹੈ। ਇਸ ਗ੍ਰੰਥ ਦੀ ਆਏ ਲੇਖਕਾਂ ਅਤੇ ਸਰੋਤਿਆਂ ਨਾਲ ਜਾਣ ਪਹਿਚਾਣ ਨਿਰੰਜਨ ਸਿੰਘ ਨੂਰ ਨੇ ਕਰਵਾਈ।

ਇਸ ਤੋਂ ਇਲਾਵਾ ਇਸ ਸਮਾਗਮ ਵਿਚ ਗੁਰਦਾਸ ਸਿੰਘ ਪਰਮਾਰ ਦੁਆਰਾ ਸੰਪਾਦਿਤ ਕਿਤਾਬ 'ਬਰਤਾਨਵੀ ਪੰਜਾਬੀ ਕਹਾਣੀਆਂ' ਰੀਲੀਜ਼ ਕੀਤੀ ਗਈ ਅਤੇ ਇਸ ਸਾਲ 'ਬਾਬਾ ਫ਼ਰੀਦ ਪੁਰਸਕਾਰ' ਲਈ ਚੁਣੇ ਗਏ ਨਾਵਾਂ ਦਾ ਵੀ ਐਲਾਨ ਕੀਤਾ ਗਿਆ। ਇਸ ਸਾਲ 200 ਪੌਂਡ ਦੇ ਇਸ ਇਨਾਮ ਨੂੰ ਰਾਮ ਸਰੂਪ ਅਣਖੀ ਦੀ ਪੁਸਤਕ 'ਲੋਹੇ ਦਾ ਗੇਟ' ਅਤੇ ਅਫ਼ਜਲ ਅਹਿਸਨ ਰੰਧਾਵਾ ਦੀ ਪੁਸਤਕ 'ਮੰਨਾ ਕੋਹ ਲਾਹੌਰ' ਨੂੰ ਸਾਂਝੇ ਤੌਰ ਤੇ ਦਿੱਤਾ ਜਾਏਗਾ।

ਕਵਿਤਾ ਪਾਠ ਦੌਰਾਨ ਨਿਰੰਜਨ ਸਿੰਘ ਨੂਰ, ਸੁਭਾਗ ਸਿੰਘ, ਜਸਵਿੰਦਰ ਮਾਨ, ਗੁਰਸ਼ਰਨ ਸਿੰਘ ਅਜੀਬ, ਬਲਵਿੰਦਰ ਮਥਾਰੂ, ਸੁਰਿੰਦਰ ਸਹਿਰਾ, ਤੇਜਾ ਸਿੰਘ ਤੇਜ, ਚੰਨਣ ਸਿੰਘ ਚੰਨ, ਮੱਖਣ ਸਿੰਘ ਮ੍ਰਿਗਿੰਦ, ਸਾਧੂ ਸਿੰਘ ਸੁਦਰਕ, ਬਸੰਤ ਸਿੰਘ ਬਸੰਤ, ਹਰਕਿਸ਼ਨ ਸਿੰਘ ਪੁਨੀਤ, ਸਾਥੀ ਲੁਧਿਆਣਵੀ, ਗਿ: ਦਰਸ਼ਨ ਸਿੰਘ, ਗੁਲਜ਼ਾਰ ਸਿੰਘ ਅੰਮ੍ਰਿਤ, ਭੁਪਿੰਦਰ ਸਿੰਘ ਸੱਗੂ, ਆਮੀਨ ਮਲਕ, ਕੇਸਰ ਰਾਮਪੁਰੀ, ਸਵਰਨ ਪ੍ਰੀਤ, ਗੁਰਚਰਨ ਸਿੰਘ ਚੰਨ, ਹਰਮਿੰਦਰ ਸਿੰਘ ਪਨੇਸਰ, ਗੁਰਦੇਵ ਸਿੰਘ ਮਥਾਰੂ, ਰਵਿੰਦਰ ਸਿੰਘ ਰਾਣਾ, ਸੇਵਾ ਸਿੰਘ ਕੋਹਲੀ ਅਤੇ ਹਰਮਿੰਦਰ ਸਿੰਘ ਨੇ ਆਪਣੀਆਂ ਕਵਿਤਾਵਆਂ ਸੁਣਾਈਆਂ।

ਇਸਤੋਂ ਇਲਾਵਾ ਡਾ: ਚੰਨਣ ਸਿੰਘ ਚੰਨ ਅਤੇ ਮਿ: ਹਰਬੰਸ ਸਿੰਘ ਨੇ ਪੰਜਾਬੀ ਸਭਿਆਚਾਰ ਸੰਬੰਧੀ ਖ਼ੂਬਸੂਰਤ ਪ੍ਰਦਰਸ਼ਨੀਆਂ ਵੀ ਲਗਾਈਆਂ।

**(ਸੁਰਿੰਦਰ ਸਹਿਰਾ ਵਲੋਂ ਭੇਜੀ ਰੀਪੋਰਟ ਦਾ ਸੰਖੇਪ)**


# SHAN - E - DARBAR

**INDIAN CUISINE, L.L.B.O.**

Dine in and take out

We cater to all kinds of parties.
**call Harpal Sandhu at (416)741-7406**

**Specialize in Fish Pakora, Chilly Chicken**

**2644 Islington Ave., Rexdale Ontario, M9V 2X5**

Opening very soon, second location at
7166 Airport Rad. Malton, Ontario

# CROWN TRAVEL

ਹਵਾਈ ਟਿਕਟਾਂ ਦੀ ਅਸੀਂ ਤੁਹਾਡੀ ਹਰ ਤਰ੍ਹਾਂ ਦੀ ਸੇਵਾ ਕਰ ਸਕਦੇ ਹਾਂ।

ਅਸੀਂ ਆਪਣੇ ਦਫਤਰ ਵਿਚ ਲੱਗੇ ਕੰਪਿਊਟਰ ਉਪਰ ਹੀ ਤੁਹਾਡੀਆਂ ਹਰ ਪ੍ਰਕਾਰ ਦੀਆਂ ਟਿਕਟਾਂ ਬੁੱਕ ਕਰ ਸਕਦੇ ਹਾਂ।

**Phone: (416) 246-9100**

**1379 Weston Road,
Toronto, Ontario**

# ਸਰਗਰਮੀਆਂ

**9 ਸਤੰਬਰ, 1993:** ਪੰਜਾਬੀ ਲੇਖਕ ਮੰਚ ਵੈਨਕੂਵਰ ਅਤੇ ਪਾਸ਼ ਮੈਮੋਰੀਅਲ ਅੰਤਰਰਾਸ਼ਟਰੀ ਟਰੱਸਟ ਨੇ ਸ਼ਹੀਦ ਸ਼ਾਇਰ ਪਾਸ਼ ਦਾ ਜਨਮ ਕਵਿਤਾ ਦਿਵਸ ਦੇ ਰੂਪ ਵਿਚ ਕਿਲਾਰਨੀ ਕਮਿਊਨਟੀ ਸੈਂਟਰ, ਵੈਨਕੂਵਰ ਵਿਚ ਮਨਾਇਆ। ਪ੍ਰੋਗਰਾਮ ਦੇ ਸ਼ੁਰ ਵਿਚ ਟਰੱਸਟ ਦੇ ਕਨਵੀਨਰ ਸੁਰਿੰਦਰ ਧੰਜਲ ਨੇ ਕਿਹਾ ਕਿ ਪਾਸ਼ ਦੇ ਕਾਤਲਾਂ ਨੇ ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਨਾਲ ਬਹੁਤ ਵੱਡਾ ਧ੍ਰੋਹ ਕਮਾਇਆ ਹੈ।

ਕਵੀ ਦਰਬਾਰ ਵਿਚ ਅਜਮੇਰ ਰੋਡੇ, ਅਮਰਜੀਤ ਚਾਹਲ, ਅਮਨਪਾਲ ਸਾਰਾ, ਅਮਰ ਸਿੰਘ ਬੈਨੀਪਾਲ, ਅਮਰੀਕ ਪਲਾਹੀ, ਇਕਬਾਲ ਸੁਮਲ, ਇੰਦਰੇਸ਼, ਸਾਧੂ, ਸੁਰਜੀਤ ਕਲਸੀ, ਸੁਸ਼ੀਲ ਕੌਰ, ਸੋਹਣ ਸੁਰਿੰਦਰ ਸੰਘਾ, ਹਰਜਿੰਦਰ ਸਿੱਧੂ, ਹਰਜੀਤ ਦੌਧਰੀਆ, ਕੁਲਵੰਤ ਨਦੀਮ, ਗਿੱਲ ਮੋਰਾਂਵਾਲੀ, ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ, ਮਹਿੰਦਰ ਸੂਮਲ, ਮੰਗਾ ਬਾਸੀ ਅਤੇ ਸੁਰਿੰਦਰ ਧੰਜਲ ਨੇ ਕਵਿਤਾਵਾਂ ਸੁਣਾਈਆਂ।

ਪੰਜਾਬੀ ਦੇ ਸ਼ਿਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਹੋਰਾਂ ਇਸ ਮੌਕੇ ਲਈ ਵਿਸ਼ੇਸ਼ ਤੌਰ ਤੇ ਲਿਖੀ ਆਪਣੀ ਕਵਿਤਾ 'ਬਈ ਤੂੰ ਅਮਰ ਰਹੇਂਗਾ ਪਾਸ਼' ਆਪਣੀ ਧੜੱਲੇਦਾਰ ਸੁਰ ਵਿਚ ਪੇਸ਼ ਕੀਤੀ। ਇਸ ਤੋਂ ਬਿਨਾਂ ਸੁਨੀਲ ਕੁਮਾਰ ਨੇ ਪਾਸ਼ ਦਾ ਇਕ ਗੀਤ "ਅੰਬਰਾਂ ਤੇ ਚੰਨ ਨਾ ਘਟਾ" ਆਪਣੀ ਸੁਰੀਲੀ ਆਵਾਜ਼ ਵਿਚ ਪੇਸ਼ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ।

ਆਪਣੇ ਪ੍ਰਧਾਨਗੀ ਭਾਸ਼ਨ ਵਿਚ ਡਾ: ਸਾਧੂ ਸਿੰਘ ਨੇ ਕਿਹਾ, "ਪਾਸ਼ ਨੇ ਆਪਣੀ ਸ਼ਾਇਰੀ ਦੇ ਹਾਣ ਦੀ ਜ਼ਿੰਦਗੀ ਜਿਊਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਪਾਸ਼ ਕਵਿਤਾ ਲਈ ਹੀ ਜੀਵਿਆ ਅਤੇ 'ਸੱਚ ਕੀ ਬਾਣੀ ਨੂੰ ਸੱਚ ਕੀ ਵੇਲਾ' ਸੁਣਾਉਣ ਦੀ ਸੰਘਰਸ਼ਸ਼ੀਲ ਪਰੰਪਰਾ ਨੂੰ ਜਿੰਦਾ ਰੱਖਣ ਦੇ ਯਤਨ ਵਿਚ ਸ਼ਹੀਦ ਹੋਇਆ ਹੈ।"

ਇਸਦੇ ਨਾਲ ਹੀ ਇਸ ਸਮਾਗਮ ਵਿਚ ਇਕ ਮਤਾ ਭਾਰੀ ਸੰਮਤੀ ਨਾਲ ਪਾਸ ਕੀਤਾ। ਇਸ ਮਤੇ ਵਿਚ ਉੱਤਰੀ ਅਮਰੀਕਾ ਵਿਚ ਭਾਰਤੀ ਕਮਿਊਨਟੀ ਵਿਚ ਗਰਭ ਅਵਸਥਾ ਦੌਰਾਨ ਹੀ ਲਿੰਗ ਪਰਖ ਕਰਵਾਕੇ ਕੁੜੀਆਂ ਨੂੰ ਜੰਮਣੋਂ ਪਹਿਲਾਂ ਮਾਰ ਦੇਣ ਦੇ ਮਾਰੂ ਰੁਝਾਨ ਦੀ ਸਖਤ ਨਿਖੇਧੀ ਕੀਤੀ ਗਈ।

ਇਸ ਸਮਾਗਮ ਨੂੰ ਨੇਪਰੇ ਚਾੜ੍ਹਨ ਦਾ ਪ੍ਰਬੰਧ ਲੇਖਕ ਮੰਚ ਦੇ ਕੋਆਰੀਡੇਨਟਰਾਂ- ਗੁਰਚਰਨ ਟੱਲੇਵਾਲੀਆ, ਇੰਦਰੇਸ਼, ਬਲਦੇਵ ਦੂਹੜੇ ਅਤੇ ਚਰਨਪ੍ਰੀਤ ਰੰਧਾਵਾ- ਨੇ ਕੀਤਾ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗੁਰਚਰਨ ਰਾਮਪੁਰੀ ਨੇ ਨਿਭਾਈ। ਫੋਟੋ ਲਈ ਗੁਰਮੇਲ ਰਾਏ, ਭੁਪਿੰਦਰ ਧਾਲੀਵਾਲ ਅਤੇ ਸੀਤਾ ਰਾਮ ਅਹੀਰ ਦਾ ਅਤੇ ਸਮਾਗਮ ਦੀ ਵੀਡੀਉ ਲਈ ਅਮਰਜੀਤ ਚਾਹਲ ਦਾ ਧੰਨਵਾਦ। **–ਗੁਰਚਰਨ ਟੱਲੇਵਾਲੀਆ**

**12 ਸਤੰਬਰ, ਟਰਾਂਟੋ:** ਅਦਾਰਾ ਸੰਵਾਦ ਵਲੋਂ 'ਸੰਵਾਦ ਪੰਜਾਬੀ ਮੇਲਾ' ਆਯੋਜਿਤ ਕੀਤਾ ਗਿਆ। ਇਸ ਮੇਲੇ ਵਿਚ ਕਵਿਤਾ ਪਾਠ, ਪੰਜਾਬੀ ਗੀਤ, ਨਾਟਕ, ਭੰਗੜਾ ਅਤੇ ਗਿੱਧੇ ਪੇਸ਼ ਕੀਤਾ ਗਿਆ।

ਇਸ ਮੇਲੇ ਦੇ ਉਦੇਸ਼ ਬਾਰੇ ਜਾਣਕਾਰੀ ਦਿੰਦਿਆ ਸੰਵਾਦ ਪੰਜਾਬੀ ਮੇਲੇ ਦੇ ਡਾਇਰੈਕਟਰ ਅਤੇ ਸੰਵਾਦ ਦੇ ਸੰਪਾਦਕ ਸੁਖਿੰਦਰ ਨੇ ਕਿਹਾ, "ਅਸੀਂ ਕੈਨੇਡਾ ਵਿਚ ਇਕ ਐਸੇ ਸਭਿਆਚਾਰ ਦੀ ਉਸਾਰੀ ਲਈ ਯਤਨਸ਼ੀਲ ਹਾਂ ਜਿਸ ਉੱਤੇ ਸਮੁੱਚੇ ਪੰਜਾਬੀਆਂ ਨੂੰ ਮਾਣ ਹੋਵੇ। ਜਿਸ ਵਿਚ ਕਿਸੇ ਧਰਮ, ਜ਼ਾਤ-ਪਾਤ, ਰੰਗ ਜਾਂ ਕਿਸੇ ਵੀ ਹੋਰ ਕਿਸਮ ਦਾ ਵਿਤਕਰਾ ਨਾ ਹੋਵੇ। ਜਿਸ ਵਿਚ ਕੈਨੇਡੀਅਨ ਪੰਜਾਬੀਆਂ ਦੀਆਂ ਸਮੱਸਿਆਵਾਂ ਦਾ ਜ਼ਿਕਰ ਹੋਵੇ। ਇਕ ਐਸਾ ਪੰਜਾਬੀ ਸਭਿਆਚਾਰ ਜਿਸ ਵਿਚ ਔਰਤ ਅਤੇ ਆਦਮੀ ਦੀ ਬਰਾਬਰੀ ਦਾ ਜ਼ਿਕਰ ਹੋਵੇ। ਇਕ ਐਸਾ ਸਭਿਆਚਾਰ ਜੋ ਕਿ ਲੱਚਰਵਾਦ ਅਤੇ ਰੂੜੀਵਾਦੀ ਕਦਰਾਂ-ਕੀਮਤਾਂ ਦੀ ਆਲੋਚਨਾ ਕਰਦਾ ਹੋਵੇ। ਇਕ ਐਸਾ ਪੰਜਾਬੀ ਸਭਿਆਚਾਰ ਜਿਸ ਵਿਚ ਪ੍ਰੋ: ਮੋਹਨ ਸਿੰਘ ਦਾ ਜ਼ਿਕਰ ਵੀ ਹੋਵੇ, ਪ੍ਰੋ: ਪੂਰਨ ਸਿੰਘ ਦਾ ਜ਼ਿਕਰ ਵੀ ਹੋਵੇ, ਬੁਲ੍ਹੇ ਸ਼ਾਹ ਦਾ ਜ਼ਿਕਰ ਵੀ ਹੋਵੇ ਤਾਂ ਸ਼ਿਵਕੁਮਾਰ ਦਾ ਜ਼ਿਕਰ ਵੀ ਹੋਵੇ, ਜਿੱਥੇ ਪਾਸ਼ ਦਾ ਜ਼ਿਕਰ ਹੋਵੇ ਤਾਂ ਭਗਤ ਸਿੰਘ ਅਤੇ ਉਹਨਾਂ ਦੇ ਇਨਕਲਾਬੀ ਸਾਥੀਆਂ ਦਾ ਜ਼ਿਕਰ ਵੀ ਹੋਵੇ। ਜਿੱਥੇ ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਦਲੀਪ ਕੌਰ ਟਿਵਾਣਾ ਦਾ ਜ਼ਿਕਰ ਹੋਵੇ ਤਾਂ ਅੰਮ੍ਰਿਤਾ ਸ਼ੇਰਗਿੱਲ ਦਾ ਜ਼ਿਕਰ ਵੀ ਹੋਵੇ। ਇਕ ਐਸਾ ਕੈਨੇਡੀਅਨ ਪੰਜਾਬੀ ਸਭਿਆਚਾਰ ਜਿਸ ਵਿਚ ਸਮੁੱਚੇ ਪੰਜਾਬੀਆਂ ਦੀਆਂ ਉਮੰਗਾਂ ਅਤੇ ਇਛਾਵਾਂ, ਜ਼ਿੰਦਗੀ ਦੇ ਸਭਨਾਂ ਰੂਪ-ਰੰਗਾਂ ਵਿਚ ਉਜਾਗਰ ਹੋ ਸਕਣ। ਅਤੇ ਅਸੀਂ ਫ਼ਖਰ ਨਾਲ ਕਹਿ ਸਕੀਏ ਕਿ ਅਸੀਂ ਉਸ ਪੰਜਾਬ ਦੇ ਵਾਰਸ ਹਾਂ ਜਿਸ ਦੇ ਪਾਣੀਆਂ ਵਿਚ, ਜਿਸ ਦੀ ਹਵਾ ਵਿਚ ਸਮੁੱਚੀ ਮਾਨਵਤਾ ਲਈ ਪਿਆਰ ਹੈ, ਵਿਸ਼ਵ ਅਮਨ ਲਈ ਦੁਆ ਹੈ, ਸਾਂਝੀਵਾਲਤਾ ਦਾ ਪੈਗਾਮ ਹੈ। ਜਿਸ ਵਿਚ ਗਦਰੀ ਬਾਬਿਆਂ ਦੀ ਦ੍ਰਿੜਤਾ ਦੇ ਝਲਕਾਰੇ ਹਨ, ਕਰਤਾਰ ਸਿੰਘ ਸਰਾਭਾ, ਉਧਮ ਸਿੰਘ ਆਜ਼ਾਦ ਅਤੇ ਲਾਲਾ ਹਰਦਿਆਲ ਦੇ ਇਨਕਲਾਬੀ ਬੋਲ ਗੂੰਜਦੇ ਹਨ।"

ਇਸ ਮੇਲੇ ਵਿਚ ਮੇਜਰ ਮਾਂਗਟ, ਕੁਲਵਿੰਦਰ ਖਹਿਰਾ, ਨਜ਼ੀਰ ਸਦਰ, ਪਰੀਤਮ ਸਿੰਘ ਧੰਜਲ, ਸੁਖਿੰਦਰ, ਜਸਬੀਰ ਚੀਮਾ, ਉਂਕਾਰਪ੍ਰੀਤ ਸਿੰਘ ਅਤੇ ਸ਼ਾਇਰਾ ਨੁਜ਼ਹੱਤ ਸਦੀਕੀ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ।

ਇਸ ਮੇਲੇ ਵਿਚ ਤਿੰਨ ਨਾਟਕ ਪੇਸ਼ ਕੀਤੇ ਗਏ। ਕੈਲਗਰੀ ਸਕੂਲ ਆਫ ਡਰਾਮਾ ਨੇ ਗੁਰਵਿੰਦਰ ਨੀਟਾ ਦੀ ਨਿਰਦੇਸ਼ਨਾ ਹੇਠ ਸਾਧੂ ਦਾ ਲਿਖਿਆ ਨਾਟਕ 'ਜਗੀਰੂ ਲੰਬੜ' ਪੇਸ਼ ਕੀਤਾ। ਇਸ ਨਾਟਕ ਦੇ ਕਲਾਕਾਰ ਸਨ-ਰਾਜ, ਗੁਰਵਿੰਦਰ ਨੀਟਾ, ਲਖਵਿੰਦਰ ਸਿੰਘ ਅਤੇ ਹਰਕੰਵਲਜੀਤ। ਦੂਸਰਾ ਨਾਟਕ, 'ਕੈਂਸਰ ਦੇ ਫੁੱਲ', ਟੋਰਾਂਟੋ ਕਲਾ ਕੇਂਦਰ ਦੇ ਕਲਾਕਾਰਾਂ-ਜਨਕ ਜੋਸ਼ੀ, ਪਿੰਕੀ, ਤੇਜੋ ਅਤੇ ਹਰਪ੍ਰੀਤ ਨੇ ਖੇਡਿਆ। ਇਹ ਨਾਟਕ ਬਲਬੀਰ ਸੰਘੇੜਾ ਨੇ ਲਿਖਿਆ ਸੀ ਅਤੇ ਜਨਕ ਜੋਸ਼ੀ ਨੇ ਨਿਰਦੇਸ਼ਿਤ ਕੀਤਾ ਸੀ। ਮੇਲੇ ਵਿਚ ਖੇਡੇ ਤੀਸਰੇ ਨਾਟਕ ਦਾ ਨਾਂ ਸੀ 'ਡਿਊਟੀ ਅਨਡੱਨ'। ਇਸ ਨਾਟਕ ਵਿਚ ਹਿੱਸਾ ਲੈਣ ਵਾਲੇ ਕਲਾਕਾਰ ਸਨ: ਸੋਨੀਆ ਢਿੱਲੋਂ, ਰੂਪੀਕਾ ਸਿੰਘ ਵੜੈਚ ਅਤੇ ਸ਼ੀਲਾ ਜੇਮਜ਼।

ਬਾਕੀ ਸਫਾ 42 'ਤੇ



# ਤਰਲੋਕ ਸਬਲੋਕ

**ਨੋਟਰੀ ਪਬਲਿਕ ਦੀਆਂ ਸੇਵਾਵਾਂ**

*ਘਰ ਖਰੀਦਣ ਅਤੇ ਵੇਚਣ ਦੇ ਪੇਪਰ ਤਿਆਰ ਕਰਨੇ।
*ਹਰ ਕਿਸਮ ਦੀ ਬੈਂਕ ਜਾਂ ਕਰੈਡਿਟ ਯੂਨੀਅਨ ਦੀ ਮਾਰਗੇਜ।
*ਵਸੀਅਤ ਕਨੇਡਾ ਤੇ ਇੰਡੀਆ ਲਈ।
*ਡੈਕਲੇਰੇਸ਼ਨ ਤੇ ਹਲਫ਼ੀਆ ਬਿਆਨ ਆਦਿ
*ਮੁਖਤਾਰਨਾਮਾ, ਹਰ ਕੰਮ ਤੇ ਹਰ ਕਿਸਮ ਦਾ
* ਰਾਹਦਾਰੀ ਵੀਜ਼ੇ ਲਈ, ਪਾਸਪੋਰਟ ਆਦਿ ਦੇ ਕੰਮ

**ਇਮੀਗਰੇਸ਼ਨ ਦੀਆਂ ਸੇਵਾਵਾਂ**

* ਬਿਜ਼ਨਸ ਅਤੇ ਇਨਵੈਸਟਰ ਇਮੀਗਰੇਸ਼ਨ
* ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
* ਕੰਮਕਾਰ ਦੇ ਅਧਾਰ ਉਤੇ ਇਮੀਗਰੇਸ਼ਨ ਐਪਲੀਕੇਸ਼ਨ
* ਰਫਿਊਜੀ ਕੇਸ, ਇਮੀਗਰੇਸ਼ਨ ਅਪੀਲ ਤੇ ਹਰ ਕਿਸਮ ਦੇ ਇਮੀਗਰੇਸ਼ਨ ਕੇਸ।

**#208-6628 (50th Ave.) FRASER STREET, VANCOUVER, B.C. V5X 3T5**

**PH: (604) 325-9200**

**PH: (604) 325-9200**

WATAN
COLLINGWOOD P O
PO BOX 27132, RPO COLLINGWOOD
VANCOUVER, B.C., CAN., V5R 6A8

S. No. 18, Vol. 5
No. 2; Fall, 93
Oct./Nov./Dec., 1993

# ਤੇ ਤੁਸੀਂ ਲਿਖਿਆ

ਲਿੰਗ ਚੋਣ ਦੇ ਮਸਲੇ ਬਾਰੇ ਮੈਂ ਬੜਾ ਸਹਿਮਤ ਹਾਂ ਤੁਹਾਡੇ ਵਿਚਾਰਾਂ ਨਾਲ। ਜਿਹਨਾਂ ਕੈਨੇਡਾ, ਇੰਗਲੈਂਡ ਜਿਹੇ ਦੇਸ਼ਾਂ ਵਿਚ ਆਕੇ ਦਹੇਜ਼ ਜਿਹੀਆਂ ਰਸਮਾਂ ਨੂੰ ਨਹੀਂ ਛੱਡਿਆ ਭਲਾ ਉਹਨਾਂ ਕੁੜੀਆਂ ਨਹੀਂ ਮਾਰਨੀਆਂ ਤੇ ਹੋਰ ਕੀ ਕਰਨੈ?

ਜਦ ਤੱਕ ਅਨਪੜ੍ਹਤਾ ਤੇ ਧਾਰਮਿਕ ਅੰਧਵਿਸ਼ਵਾਸੀ ਰਹੇਗੀ, ਇਹ ਕੁੱਝ ਹੁੰਦਾ ਹੀ ਰਹੇਗਾ। ਟੀ. ਵੀ. ਤੇ ਤਿੰਨ ਤਿੰਨ ਘੰਟੇ ਬੇਕਾਰ ਫਿਲਮਾਂ ਵਿਖਾਉਣ ਦੀ ਥਾਂ ਜੇਕਰ ਅਜਿਹੇ ਮਸਲਿਆਂ ਤੇ ਵਿਚਾਰਾਂ ਕੀਤੀਆਂ ਜਾਣ ਤਾਂ ਕਿੰਨਾ ਅੱਛਾ ਹੋਵੇ।

**–ਭਗਵੰਤ ਮਾਨ, ਵੈਨਕੂਵਰ**

ਤੁਹਾਡਾ ਪਰਚਾ 'ਵਤਨ' ਮੈਨੂੰ ਲਗਾਤਾਰ ਮਿਲ ਰਿਹਾ ਏ। ਇਹ ਚੰਗੇ ਤੋਂ ਚੰਗੇਰਾ ਹੁੰਦਾ ਜਾਂਦਾ ਏ। ਏਸ ਵਾਰ ਜੁਲਾਈ, ਅਗਸਤ, ਸਤੰਬਰ 93 ਦੇ ਅੰਕ ਵਿਚ ਸ੍ਰੀ ਮੰਗਤ ਰਾਏ ਭਾਰਦਵਾਜ ਅਤੇ ਜੁਗਿੰਦਰ ਸ਼ਮਸ਼ੇਰ ਦੇ ਲੇਖ ਚੰਗੇ ਨੇ। ਖਾਸ ਤੌਰ ਤੇ ਏਸ ਲਈ, ਉਹ ਬਹਿਸ ਲਈ ਉਕਸਾਂਦੇ ਨੇ।...

**–ਪ੍ਰੇਮ ਪ੍ਰਕਾਸ਼, ਜਲੰਧਰ**

'ਵਤਨ' ਦਾ ਜੁਲਾਈ/ਅਗਸਤ/ਸਤੰਬਰ ਦਾ ਅੰਕ ਮਿਲ ਗਿਆ ਹੈ। ਅੰਕ ਦਾ ਮੈਟਰ ਵਧੀਆ ਹੈ। ਜੋਗਿੰਦਰ ਦੀ ਛੇੜੀ ਬਹਿਸ, ਭਾਰਦਵਾਜ ਦਾ ਲੇਖ, ਸੁਖਵੰਤ ਹੁੰਦਲ ਦਾ ਲੇਖ, ਸਤਵੰਤ ਦੀਪਕ ਦਾ ਵਿਅੰਗ ਅਤੇ ਅਮਨ ਪਾਲ ਸਾਰਾ ਦੀ ਕਹਾਣੀ ਚੰਗੀ ਲੱਗੀ ਹੈ।

ਸੰਪਾਦਕੀ ਵਿਚ ਉਠਾਏ ਨੁਕਤੇ ਲਿੰਗ ਚੋਣ ਬਾਰੇ ਭਰਪੂਰ ਬਹਿਸ ਦੀ ਲੋੜ ਹੈ। ਹਿੰਦੁਸਤਾਨੀ ਅਤੇ ਪੱਛਮੀ ਸਮਾਜ ਬਾਕੀ ਹੋਰ ਕਈ ਸਮਾਜਾਂ ਵਾਂਗ ਮਰਦ ਪ੍ਰਧਾਨ ਸਮਾਜ ਹੈ ਤੇ 'ਸੈਕਸਿਸਟ' ਵੀ ਸਿਰੇ ਦਾ ਹੈ। ਧਰਮ ਵੀ ਸਾਰੇ 'ਸੈਕਸਿਸਟ' ਹਨ ਭਾਵੇਂ ਓਪਰੀ ਓਪਰੀ ਦੁਹਾਈ ਕੋਈ ਜਿੰਨੀ ਮਰਜ਼ੀ ਪਾਈ ਜਾਵੇ ਕਿ ਅਸੀ ਔਰਤਾਂ ਨੂੰ ਬਰਾਬਰ ਦੇ ਹੱਕ ਦਿੰਦੇ ਹਾਂ। ਪਰੈਕਟਿਸ ਵਿਚ ਕੋਈ ਬਰਾਬਰੀ ਨਹੀ ਦਿਸਦੀ। ਮੈਂ ਮਹਿਸੂਸ ਕਰਦਾ ਹਾਂ ਕਿ ਲਿੰਗ ਚੋਣ ਬਾਰੇ ਜੋ ਲੋਕ ਬੱਚੀ ਨੂੰ ਗਰਭ ਵਿਚੋਂ ਗਿਰਾ ਦਿੰਦੇ ਹਨ, ਇਸ ਤੋਂ ਵੱਡਾ ਗੁਨਾਹ ਕੀ ਹੋ ਸਕਦਾ ਹੈ। ਉਹ ਲੋਕ ਆਪਣੀ ਮਾਂ, ਭੈਣ ਅਤੇ ਹੋਰ ਔਰਤਾਂ ਦੇ ਰਿਸ਼ਤਿਆਂ ਦੀ ਕਿੰਨੀ ਕੁ ਕਦਰ ਕਰਦੇ ਹਨ, ਸਾਫ ਪਤਾ ਲੱਗਦਾ ਹੈ। ਜਿਹੜੇ ਮੁੰਡਿਆਂ ਲਈ ਲੇਲੜੀਆਂ ਕੱਢਦੇ ਹਨ, ਉਹ ਵੱਡੇ ਹੋ ਕੇ ਇਹਨਾਂ ਦੇ ਛਿੱਤਰ ਮਾਰਦੇ ਹਨ ਪਰ ਧੀਆਂ ਸਦਾ ਮਾਂ ਪਿਉ ਦਾ ਸੁੱਖ ਮੰਗਦੀਆਂ ਹਨ।

ਇਹ ਦਲੀਲ ਕਈ ਵਾਰ ਦਿੱਤੀ ਜਾਂਦੀ ਹੈ ਕਿ ਪਰਿਵਾਰ ਦਾ ਨਾਂ ਪੁੱਤਰਾਂ ਨਾਲ ਚਲਦਾ ਹੈ। ਮੈਂ ਪੁੱਛਦਾ ਹਾਂ ਕਿ ਨਾਮ ਚਲਾਉਣ ਦੀ ਭਲਾ ਐਡੀ ਕੀ ਲੋੜ ਹੈ? ਅਗਰ ਨਾਮ ਨਾ ਵੀ ਚੱਲਿਆ ਤਾਂ ਕੀ ਪਹਾੜ ਡਿੱਗ ਪਵੇਗਾ ਜਾਂ ਪਰਲੋ ਆ ਜਾਵੇਗੀ। ਇਤਿਹਾਸ ਵਿਚ ਐਸੀਆਂ ਔਰਤਾਂ ਹੋਈਆਂ ਹਨ ਜਿਹਨਾਂ ਪਰਿਵਾਰ ਦਾ ਨਾਂ ਜੀਵਤ ਰੱਖਿਆ ਹੈ ਨਾ ਕਿ ਪੁੱਤਾਂ ਨੇ। ਇਤਿਹਾਸ ਨੂੰ ਕਿਸੇ ਦਾ ਮਾਅਰਕੇ ਦਾ ਕੰਮ ਬਣਾਉਂਦਾ ਹੈ, ਪੁੱਤਰ ਜਾਂ ਧੀਆਂ ਨਹੀਂ। ਲਿੰਗ ਚੋਣ ਬਾਰੇ ਆਪਣੇ ਆਪ ਨੂੰ ਪ੍ਰਗਤੀਸ਼ੀਲ ਕਹਾਉਣ ਵਾਲਿਆਂ ਵਿਚੋਂ ਬਹੁਤਿਆਂ ਦੀ ਸੋਚ ਵੀ ਫਿਊਡਲ ਅਤੇ 'ਸੈਕਸਿਸਟ' ਹੈ। ਸਾਡਾ ਸਾਰਾ ਸਮਾਜਿਕ ਢਾਂਚਾ ਹੀ ਇਸ ਤੇ ਕੇਂਦਰਿਤ ਹੈ। ਇਸੇ ਲਈ ਗਾਲ੍ਹਾਂ ਵੀ ਜਾਂ ਤਾਂ ਮਾਂ ਨਾਲ ਸੰਬੰਧਤ ਹਨ ਤੇ ਜਾਂ ਧੀ ਭੈਣ ਨਾਲ। ਇਥੋਂ ਤੱਕ ਕਿ ਮੈਂ ਸਮਝਦਾ ਹਾਂ ਕਿ ਰੱਖੜੀ ਦਾ ਤਿਉਹਾਰ ਵੀ 'ਸੈਕਸਿਜ਼ਮ' ਦਾ ਸੂਚਕ ਹੈ। ਹੁਣ ਇਸ ਤਿਉਹਾਰ ਦੀ ਕੋਈ ਮਹੱਤਤਾ ਨਹੀਂ ਹੈ ਪਰ ਅਸੀ 'ਐਜ਼ ਏ ਟਰੈਡਿਸ਼ਨ' ਇਸਤੇ ਹਰ ਸਾਲ ਅੰਗੂਠਾ ਲਾਈ ਜਾਂਦੇ ਹਾਂ। ਇਸ ਤਿਉਹਾਰ ਦੀ 'ਸ਼ੇਪ' ਵੀ ਹੁਣ 'ਕਮਰਸ਼ਿਅਲ' ਬਣ ਗਈ ਹੈ। ਇਸ ਗੱਲ ਨੂੰ ਜਤਾਉਣ ਦੀ ਕੀ ਲੋੜ ਹੈ ਕਿ ਸਾਨੂੰ ਭੈਣ ਭਰਾਵਾਂ ਨੂੰ ਲੋੜ ਵੇਲੇ ਇਕ ਦੂਸਰੇ ਦੀ ਮਦਦ ਕਰਨੀ ਚਾਹੀਦੀ ਹੈ।

ਜਿਹੜੇ ਲੋਕ ਮੁੰਡੇ ਲਈ ਅਬਾਰਸ਼ਨ ਕਰਾਉਂਦੇ ਹਨ; ਵਿਆਹਾਂ ਤੇ ਦਾਜ ਲੈਂਦੇ ਹਨ; ਸਾਨੂੰ ਸਮਾਜਿਕ ਬਾਈਕਾਟ ਕਰਕੇ ਉਹਨਾਂ ਦਾ ਮਖੌਲ ਉਡਾਉਣਾ ਚਾਹੀਦਾ ਹੈ। ਇਹ ਸਭ ਔਰਤਾਂ ਨੂੰ ਹੀਣਾ ਕਰਨ, ਉਹਨਾਂ ਦਾ ਬੀਅ ਨਾਸ ਕਰਨ ਦੀਆਂ ਮਰਦਾਵੀ ਚਾਲਾਂ ਹਨ ਅਤੇ ਸਾਡੇ ਸਮਾਜ ਤੇ ਵੱਡਾ ਕਲੰਕ।

**–ਹਰੀਸ਼ ਮਲਹੋਤਰਾ, ਬਰਮਿੰਘਮ**

'ਵਤਨ' ਦੇ ਉੱਚੇ ਮਿਆਰ ਵਾਸਤੇ ਬਹੁਤ ਬਹੁਤ ਵਧਾਈ। ਬਿਨਾਂ ਸ਼ੱਕ 'ਵਤਨ' ਨੂੰ ਅੱਜ ਦੇ ਉਚ-ਪਾਏ ਦੇ ਸਾਹਿਤਕ ਰਿਸਾਲਿਆਂ ਵਿਚ ਉੱਤਮ ਜਗ੍ਹਾ ਪਰਾਪਤ ਹੈ। ਇਸ ਦੀ ਤਿਆਰੀ ਵਿਚ ਕੀਤੀ ਜਾਂਦੀ, ਮੇਹਨਤ, ਦੀ ਦਾਦ ਦੇਣੀ ਬਣਦੀ ਹੈ।

**–ਰਬਿੰਦਰ ਅਠਵਾਲ, ਯੂਬਾ ਸਿਟੀ, ਕੈਲੇਫੋਰਨੀਆਂ**

'ਵਤਨ' ਦੇ ਦੋ ਅੰਕ (ਅਕਤੂਬਰ-ਦਿਸੰਬਰ 92 ਅਤੇ ਜਨਵਰੀ-ਮਾਰਚ, 1993 ਅੰਕ) ਪ੍ਰਾਪਤ ਹੋਏ। ਮੁਲਾਕਾਤਾਂ ਅੰਕ ਸੰਭਾਲਣ ਯੋਗ ਹੈ। ਕਾਫ਼ੀ ਦਲੇਰੀ ਨਾਲ ਇਹਨਾਂ ਮੁਲਾਕਾਤਾਂ 'ਚ ਖੁਲ੍ਹ ਕੇ ਗੱਲਾਂ ਹੋਈਆਂ ਹਨ। ਇਹ ਸੱਭ ਕੁੱਝ ਸਮੁੱਚੇ ਸੰਸਾਰ 'ਚ ਜਾਣਾ ਚਾਹੀਦਾ ਹੈ।

ਦੂਜੇ ਅੰਕ 'ਚ ਕਵਿਤਾਵਾਂ, ਕਹਾਣੀਆਂ ਨੇ ਬਹੁਤ ਪ੍ਰਭਾਵਤ ਕੀਤਾ। ਸੁਰਿੰਦਰ ਸੀਰਤ ਮੇਰਾ ਦੋਸਤ ਵੀ ਹੈ ਅਤੇ ਸੁਚੇਤ ਕਲਾਕਾਰ ਵੀ। ਉਸਦੀ ਗ਼ਜ਼ਲ ਪੜ੍ਹਕੇ ਉਸ ਨਾਲ ਮੁਲਾਕਾਤ ਹੋ ਗਈ। ਚੀਮਾਂ ਅਤੇ ਹੁੰਦਲ ਦੇ ਲੇਖ ਬੜੇ ਮਾਅਰਕੇ ਦੇ ਹਨ।

**–ਪ੍ਰੋ: ਦੇਵਿੰਦਰ ਸਿੰਘ, ਜੰਮੂ**

'ਵਤਨ' ਦੇ ਜੁਲਾਈ/ਅਗਸਤ/ਸਤੰਬਰ ਵਿਚ ਛਪੀ ਸਮੱਗਰੀ ਦੇ ਮਿਆਰ ਤੋਂ

**ਬਾਕੀ ਸਫ਼ਾ 39 'ਤੇ**

Watan (The Country) is a literary and cultural quarterly of Punjabi - the mother tongue of East Punjab (India) and West Punjab (Pakistan) - published by Watan Publications. Watan covers wide range of issues through creative and academic writings. These include art, literature, culture, theatre, social and political issues mainly of concern to the Indo-Canadian Commnuity. The contributors include well-known Punjabi writers throughout the world.

ਵਤਨ

ਤਿੰਨ ਡਾਲਰ